ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 6 | Issue 17 | 26 April to 02 May 2017 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com



■ ਭਾਈਚਾਰਾ
ਸਰੀ 'ਚ ਖ਼ਾਲਸਾ ਡੇ-ਪਰੇਡ ਦੌਰਾਨ ਕਰੀਬ 4 ਲੱਖ ਲੋਕਾਂ ਨੇ ਕੀਤੀ ਸ਼ਮੂਲੀਅਤ 03



■ ਖ਼ਬਰਸਾਰ
ਬਾਦਲਾਂ 'ਤੇ ਉਂਗਲੀ ਚੁੱਕਣ ਦੀ ਸਜ਼ਾ 08



■ ਨਜ਼ਰੀਆ
30ਵੀਂ ਸਿੱਖ ਡੇਅ ਪਰੇਡ ਨੇ ਪੂਰੇ ਮੈਨਹਾਟਨ ਸ਼ਹਿਰ ਨੂੰ ਕੇਸਰੀ ਰੰਗ 'ਚ ਰੰਗਿਆ 21

# ਨਕਸਲੀ ਹਮਲਾ : ਸਬਰ, ਬਲੀਦਾਨ, ਬਦਲਾ ਦਾ ਮੰਤਰ ਜਾਪ

## ਸਮੱਸਿਆ ਦੇ ਹੱਲ 'ਤੇ ਮੌਨ ਹੈ ਮੋਦੀ ਸਰਕਾਰ

**ਚੰਡੀਗੜ੍ਹ/ਬਿਊਰੋ ਨਿਊਜ਼ :** ਇਕ ਵਾਰ ਫੇਰ ਛੱਤੀਸਗੜ੍ਹ ਦੇ ਸੁਕਮਾ ਵਿਚ ਸੀ.ਆਰ.ਪੀ.ਐਫ. ਦੇ 25 ਜਵਾਨ ਨਕਸਲੀ ਹਮਲੇ ਵਿਚ ਮਾਰੇ ਗਏ ਹਨ। ਇਕ ਵਾਰ ਫੇਰ ਮੋਦੀ ਸਰਕਾਰ 'ਸਬਰ ਕਰਨ' ਤੇ 'ਬਲੀਦਾਨ ਦਾ ਬਦਲਾ' ਵਰਗੇ ਮੰਤਰ ਜਪ ਰਹੀ ਹੈ। ਇਸ ਸਮੱਸਿਆ ਦਾ ਸਥਾਈ ਹੱਲ ਨਾ ਕਾਂਗਰਸ ਸਰਕਾਰ ਕੋਲ ਸੀ ਤੇ ਨਾ ਹੀ ਮੋਦੀ ਸਰਕਾਰ ਕੋਲ ਇਸ ਦਾ ਕੋਈ ਤੋੜ ਹੈ। ਇਕ ਪਾਸੇ ਨਕਸਲਵਾਦ ਦੀ ਸਮੱਸਿਆ ਤੇ ਦੂਜੇ ਪਾਸੇ ਕਸ਼ਮੀਰ ਦਾ ਮਸਲਾ। ਕਸ਼ਮੀਰ ਦੀ ਹਾਲਤ ਦਿਨੋ-ਦਿਨ ਏਨੀ ਬਦਤਰ ਹੋ ਗਈ ਹੈ ਕਿ ਹੁਣ ਸਕੂਲ-ਕਾਲਜ ਦੀਆਂ ਵਿਦਿਆਰਥੀਆਂ ਤੱਕ ਨੇ ਪੱਥਰਬਾਜ਼ੀ ਕਰਨੀ ਸ਼ੁਰੂ ਕਰ ਦਿੱਤੀ ਹੈ। 2014 ਤੋਂ ਲੈ ਕੇ ਹੁਣ ਤਕ ਜਦੋਂ ਜਦੋਂ ਵੀ ਨਕਸਲੀ ਹਮਲੇ ਹੋਏ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਇਕੋ ਗੱਲ ਟਵੀਟ ਕਰਦੇ ਆ ਰਹੇ ਹਨ-ਸਬਰ ਕਰੋ, ਬਲੀਦਾਨ ਦਾ ਬਦਲਾ ਲਿਆ ਜਾਵੇਗਾ। ਮੋਦੀ ਭਗਤ ਆਪਣੇ 'ਆਕਾ' ਨੂੰ ਇਹ ਤਾਂ ਪੁੱਛ ਰਹੇ ਹਨ ਕਿ ਨਕਸਲੀਆਂ 'ਤੇ 'ਸਰਜੀਕਲ ਸਟਰਾਈਕ' ਕਦੋਂ ਹੋਵੇਗਾ ਪਰ ਇਹ ਨਹੀਂ ਪੁਛਦੇ ਕਿ ਅਜਿਹੀਆਂ ਸਥਿਤੀਆਂ ਲਈ ਜਵਾਬਦੇਹ ਕੌਣ ਹੈ ? ਨਕਸਲ ਤੇ ਕਸ਼ਮੀਰ ਸਮੱਸਿਆ ਦੀ ਜੜ੍ਹ ਕੀ ਹੈ ?

ਭਾਰਤ ਦੇ ਕੁਝ ਹਿੱਸਿਆਂ ਵਿਚ ਆਜ਼ਾਦੀ ਮਗਰੋਂ ਨਕਸਲਵਾਦ ਸਰਕਾਰਾਂ ਲਈ ਵੱਡੀ ਚੁਣੌਤੀ ਵਜੋਂ ਉਭਰਿਆ।

ਬਾਕੀ ਸਫ਼ਾ 32 'ਤੇ



## 'ਦੀ ਬਲੈਕ ਪ੍ਰਿੰਸ' ਫ਼ਿਲਮ ਲਈ ਸਤਿੰਦਰ ਸਰਤਾਜ ਦੀ ਝੋਲੀ 'ਚ ਪਿਆ ਇਕ ਹੋਰ ਪੁਰਸਕਾਰ

### ਲੰਡਨ ਇੰਡੀਪੈਂਡੈਂਟ ਫਿਲਮ ਫੈਸਟੀਵਲ ਦੌਰਾਨ 'ਬੈਸਟ ਨਿਊਕਮਰ' ਐਵਾਰਡ ਨਾਲ ਸਨਮਾਨਤ





**ਲੰਡਨ/ਬਿਊਰੋ ਨਿਊਜ਼ :** ਸੂਫ਼ੀ ਗਾਇਕ ਅਤੇ ਅਦਾਕਾਰ ਸਤਿੰਦਰ ਸਰਤਾਜ ਦੀ ਝੋਲੀ ਵਿਚ ਇਕ ਹੋਰ ਪੁਰਸਕਾਰ ਸ਼ਾਮਲ ਹੋ ਗਿਆ ਹੈ। ਲੰਡਨ ਇੰਡੀਪੈਂਡੈਂਟ ਫ਼ਿਲਮ ਫੈਸਟੀਵਲ ਦੌਰਾਨ ਉਸ ਨੂੰ 'ਬੈਸਟ ਨਿਊਕਮਰ' ਐਵਾਰਡ ਨਾਲ ਨਿਵਾਜਿਆ ਗਿਆ। ਹਫ਼ਤਾ ਭਰ ਚੱਲੇ ਇਸ ਫੈਸਟੀਵਲ ਵਿਚ 'ਦੀ ਬਲੈਕ ਪ੍ਰਿੰਸ' ਅਤੇ ਮਹਾਰਾਜਾ ਦਲੀਪ ਸਿੰਘ ਦੇ ਕਿਰਦਾਰ

ਬਾਕੀ ਸਫ਼ਾ 26 'ਤੇ

## ਕੈਪਟਨ ਦੀ ਅਪੀਲ 'ਤੇ ਰਾਜਨਾਥ ਸਿੱਖਾਂ ਦੀ ਕਾਲੀ ਸੂਚੀ 'ਤੇ ਨਜ਼ਰਸਾਨੀ ਕਰਨ ਲਈ ਸਹਿਮਤ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਕਾਲੀ ਸੂਚੀ ਵਿਚ ਸ਼ਾਮਲ ਸਿੱਖਾਂ ਨੂੰ ਵਾਪਸ ਸਮਾਜ ਦੀ ਮੁੱਖ ਧਾਰਾ ਵਿਚ ਲਿਆਉਣ ਲਈ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨਾਲ ਮੁਲਾਕਾਤ ਕੀਤੀ। ਕੈਪਟਨ ਨੇ ਕੇਂਦਰ ਸਰਕਾਰ ਨੂੰ ਧਾਰਮਿਕ ਪੱਧਰ 'ਤੇ ਅਜਿਹੀ ਸੂਚੀ ਬਣਾਉਣ ਦੀ ਪ੍ਰਣਾਲੀ ਖ਼ਤਮ ਕਰਨ ਦਾ ਸੁਝਾਅ ਦਿੱਤਾ। ਉਧਰ ਰਾਜਨਾਥ ਸਿੰਘ ਨੇ ਮੰਨਿਆ ਕਿ ਮੌਜੂਦਾ ਪ੍ਰਣਾਲੀ ਨਾਲ ਸਿੱਖ ਨੌਜਵਾਨਾਂ ਦੀ ਮਾਨਸਿਕਤਾ ਨੂੰ ਠੇਸ ਪੁੱਜੀ ਹੈ। ਰਾਜਨਾਥ ਸਿੰਘ ਨੇ ਇਸ ਸੂਚੀ 'ਤੇ ਨਜ਼ਰਸਾਨੀ ਕਰਨ ਦੀ ਸਹਿਮਤੀ ਪ੍ਰਗਟਾਈ ਹੈ। ਕੈਪਟਨ ਨੇ ਗ੍ਰਹਿ ਮੰਤਰੀ ਨੂੰ ਕਿਹਾ ਕਿ ਕਾਲੀ ਸੂਚੀ ਵਿਚ ਸ਼ਾਮਲ ਸਿੱਖਾਂ ਦੇ ਬੱਚਿਆਂ ਨੂੰ ਭਾਰਤ ਆਉਣ ਦੀ ਆਗਿਆ ਦਿੱਤੀ ਜਾਣੀ ਚਾਹੀਦੀ ਹੈ। ਗ੍ਰਹਿ ਮੰਤਰੀ ਨੇ ਪੰਜਾਬ ਸਰਕਾਰ ਦੀ ਇਸ ਬੇਨਤੀ 'ਤੇ ਵੀ ਸਹਿਮਤੀ ਜ਼ਾਹਰ ਕੀਤੀ। ਕੈਪਟਨ ਨੇ ਗ੍ਰਹਿ ਮੰਤਰੀ ਨੂੰ ਅਪੀਲ ਕੀਤੀ ਕਿ ਪੰਜਾਬ ਵਿਚ ਬੇਅਦਬੀ ਦੀਆਂ ਘਟਨਾਵਾਂ ਅਤੇ ਅਹਿਮ ਸ਼ਖ਼ਸੀਅਤਾਂ ਦੇ ਕਤਲ ਦੇ ਮਾਮਲਿਆਂ ਦੀ ਜਾਂਚ ਵਿਚ ਤੇਜ਼ੀ ਲਿਆਉਣ ਲਈ ਸੀ.ਬੀ.ਆਈ. ਅਤੇ ਹੋਰ ਕੇਂਦਰੀ ਏਜੰਸੀਆਂ ਨੂੰ ਨਿਰਦੇਸ਼ ਜਾਰੀ ਕੀਤੇ ਜਾਣ। ਮੁੱਖ ਮੰਤਰੀ ਨੇ 2016 ਤੋਂ ਪੰਜਾਬ ਵਿਚ ਆਰ.ਐਸ.ਐਸ., ਹਿੰਦੂ ਤੇ ਸ਼ਿਵ ਸੈਨਾ ਦੇ ਆਗੂਆਂ ਦੇ ਕਤਲਾਂ ਦਾ ਜ਼ਿਕਰ ਕੀਤਾ। ਮੁੱਖ ਮੰਤਰੀ ਨੇ ਕਿਹਾ ਕਿ ਸੀ.ਬੀ.ਆਈ., ਕੇਂਦਰੀ ਏਜੰਸੀਆਂ ਤੇ ਸੂਬਾ ਪੁਲੀਸ ਵਿਚਾਲੇ ਵਧੀਆ ਤਾਲਮੇਲ ਦੇ ਬਾਵਜੂਦ ਕਾਤਲਾਂ ਦੀ ਪਛਾਣ ਹਾਲੇ ਤਕ ਨਹੀਂ ਹੋ ਸਕੀ। ਉਨ੍ਹਾਂ ਬੀਐਸਐਫ ਦੀਆਂ ਪੰਜ ਵਾਧੂ ਕੰਪਨੀਆਂ ਲਾਉਣ

> **ਕਾਲੀ ਸੂਚੀ 'ਚ ਸ਼ਾਮਲ ਸਿੱਖਾਂ ਦੇ ਬੱਚਿਆਂ ਨੂੰ ਭਾਰਤ ਆਉਣ ਦੀ ਆਗਿਆ ਦੇਣ ਦੀ ਵੀ ਕੀਤੀ ਮੰਗ**

ਬਾਕੀ ਸਫ਼ਾ 30 'ਤੇ

## ਭਗਵੰਤ ਮਾਨ ਵਲੋਂ ਗੁਪਤ ਮੀਟਿੰਗ 'ਚ ਕੇਜਰੀਵਾਲ ਨੂੰ ਖ਼ਰੀਆਂ ਖ਼ਰੀਆਂ ਸੁਣਾਉਣ ਦਾ ਦਾਅਵਾ

### ਈਵੀਐਮਜ਼ ਵਿਚ ਕੋਈ ਨੁਕਸ ਨਹੀਂ

**ਬਠਿੰਡਾ/ਬਿਊਰੋ ਨਿਊਜ਼ :** ਆਮ ਆਦਮੀ ਪਾਰਟੀ ਦੇ ਸੰਸਦ ਮੈਂਬਰ ਭਗਵੰਤ ਮਾਨ ਨੇ 'ਆਪ' ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨਾਲ 'ਕੱਟੀ' ਕਰ ਦਿੱਤੀ ਹੈ। ਉਨ੍ਹਾਂ ਫਿਲਹਾਲ



ਪਾਰਟੀ ਦੀ ਕਿਸੇ ਵੀ ਗਤੀਵਿਧੀ ਵਿੱਚ ਹਿੱਸਾ ਨਾ ਲੈਣ ਦਾ ਫੈਸਲਾ ਕੀਤਾ ਹੈ। ਦੱਸਣਯੋਗ ਹੈ ਕਿ ਪੰਜਾਬ ਚੋਣਾਂ ਦੇ ਨਤੀਜੇ ਮਗਰੋਂ ਭਗਵੰਤ ਮਾਨ ਨੇ ਖੁੱਲ੍ਹ ਕੇ ਵਿਚਰਨਾ ਬੰਦ ਕਰ ਦਿੱਤਾ ਹੈ। ਵੇਰਵਿਆਂ ਅਨੁਸਾਰ ਸ੍ਰੀ ਮਾਨ ਨੇ ਕਰੀਬ ਤਿੰਨ ਹਫ਼ਤੇ ਪਹਿਲਾਂ ਅਰਵਿੰਦ ਕੇਜਰੀਵਾਲ ਨਾਲ ਦਿੱਲੀ ਵਿੱਚ ਦੋ ਘੰਟੇ ਗੁਪਤ ਮੀਟਿੰਗ ਕੀਤੀ, ਜਿਸ ਵਿੱਚ ਪੰਜਾਬ ਚੋਣਾਂ ਬਾਰੇ ਵਿਸਤਾਰ ਨਾਲ ਚਰਚਾ ਹੋਈ। ਉਨ੍ਹਾਂ ਕੇਜਰੀਵਾਲ ਨੂੰ ਚੋਣਾਂ ਵਿੱਚ 'ਆਪ' ਵੱਲੋਂ ਕੀਤੀਆਂ ਗਲਤੀਆਂ ਗਿਣਾਈਆਂ। ਸੰਸਦ ਮੈਂਬਰ ਨੇ ਸੀਨੀਅਰ ਪੱਤਰਕਾਰ ਚਰਨਜੀਤ ਭੁੱਲਰ ਨਾਲ ਕਈ ਅਹਿਮ ਨੁਕਤੇ ਸਾਂਝੇ ਕੀਤੇ। ਸ੍ਰੀ ਕੇਜਰੀਵਾਲ ਵੱਲੋਂ ਈਵੀਐਮ ਮਸ਼ੀਨਾਂ ਬਾਰੇ ਲਏ ਸਟੈਂਡ ਨਾਲੋਂ ਵੀ ਉਨ੍ਹਾਂ ਆਪਣੇ ਆਪ ਨੂੰ ਵੱਖ ਕਰਦਿਆਂ ਆਖਿਆ ਕਿ ਈਵੀਐਮ ਮਸ਼ੀਨਾਂ ਅਤੇ ਪੰਜਾਬ ਦੇ

ਬਾਕੀ ਸਫ਼ਾ 32 'ਤੇ

## ਦਿੱਲੀ ਕਾਰਪੋਰੇਸ਼ਨ ਚੋਣਾਂ 'ਚ ਭਾਜਪਾ ਦੀ ਵੱਡੀ ਜਿੱਤ, ਆਮ ਆਦਮੀ ਪਾਰਟੀ ਨੂੰ ਕਰਾਰੀ ਹਾਰ ਦਾ ਸਾਹਮਣਾ

**ਨਵੀਂ ਦਿੱਲੀ/ਬਿਊਰੋ ਨਿਊਜ਼:** ਭਾਰਤ ਦੀ ਕੇਂਦਰ ਸਰਕਾਰ ਦੀ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਨੇ ਦੇਸ ਦੀ ਰਾਜਧਾਨੀ ਵਾਲੇ ਸ਼ਹਿਰ ਦਿੱਲੀ ਦੀਆਂ ਮਿਉਂਸਪਲ ਚੋਣਾਂ ਵਿੱਚ ਹੂੰਝਾ ਫੇਰੂ ਜਿੱਤ ਹਾਸਲ ਕਰਦਿਆਂ ਅਰਵਿੰਦ ਕੇਜਰੀਵਾਲ ਦੀ ਆਮ ਆਦਮ ਪਾਰਟੀ ਦਾ ਰਾਜਸੀ ਤੌਰ ਉੱਤੇ ਸਫ਼ਾਇਆ ਹੋਣ ਦਾ ਮੁੱਢ ਇੱਕ ਤਰ੍ਹਾਂ ਨਾਲ ਬੰਨ੍ਹ ਦਿੱਤਾ ਹੈ। ਦਿੱਲੀ ਮਿਉਂਸਪਲ ਕਾਰਪੋਰੇਸ਼ਨ, ਜਿਹੜੀ ਤਿੰਨ ਭਾਗਾਂ ਉੱਤਰੀ, ਦੱਖਣੀ ਅਤੇ ਪੂਰਬੀ ਵਿੱਚ ਵੰਡੀ ਹੋਈ, ਦੀਆਂ ਹਾਲ ਵਿੱਚ ਹੀ ਹੋਈਆਂ ਚੋਣਾਂ ਦੇ ਬੁੱਧਵਾਰ ਬਾਅਦ ਦੁਪਹਿਰ ਤੱਕ ਸਾਹਮਣੇ ਆਏ ਚੋਣ ਨਤੀਜਿਆਂ ਅਤੇ ਰੁਝਾਨਾਂ

ਬਾਕੀ ਸਫ਼ਾ 26 'ਤੇ

ਵਿਸ਼ੇਸ਼ ਸੂਚਨਾ
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਵਿੱਚ ਖ਼ਬਰਾਂ ਅਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:
ਜੈ ਸਿੰਘ
ਫੋਨ ਨੰਬਰ
510-677-2777













MADHAR PRODUCTIONS & DE LUXE PRODUCTIONS
PRESENTS
Madhar productions
NIMRAT KHAIRA
HIMANSHI KHURANA
NINJA
MANKIRT AULAKH
SUNANDA SHARMA
ASHA SHARMA
(STAGE SECRETARY)
Vaisakhi 2017
LIVE IN CONCERT
APRIL • 30, 2017 • SUNDAY • 7-10
DOOR OPENS AT 6PM • SHOW START AT 7PM
YUBA SUTTER FAIRGROUNDS ( MAIN EXHIBIT HALL )
442 FRANKLIN AVENUE YUBA CITY, CA 95991
BUY ONLINE • www.sulekha.com/VoiceOfPunjab
• VVIP • VIP • $39 • $19
SPONSORSHIPS & FURTHER INFO CALL :
SUKHVINDER SINGH 530.713.2805
AMAN MADHAR 415.717.2283

## ਗੁਰਦੁਆਰਾ ਸਾਹਿਬ ਫਰੀਮੌਂਟ ਦੀ ਸਾਲਾਨਾ ਜਨਰਲ ਬਾਡੀ ਮੀਟਿੰਗ 30 ਅਪ੍ਰੈਲ ਨੂੰ

**ਫਰੀਮੌਂਟ/ਬਿਊਰੋ ਨਿਊਜ਼:**
ਗੁਰਦੁਆਰਾ ਸਾਹਿਬ ਫਰੀਮਾਂਟ ਦੀ ਸਾਲਾਨਾ ਜਨਰਲ ਬਾਡੀ ਮੀਟਿੰਗ 30 ਅਪ੍ਰੈਲ ਨੂੰ ਗੁਰਦੁਆਰਾ ਸਾਹਿਬ ਦੇ ਦਰਬਾਰ ਹਾਲ ਵਿੱਚ ਹੋਵੇਗੀ। ਗੁਰਦੁਆਰਾ ਸਾਹਿਬ ਦੇ ਪ੍ਰਧਾਨ ਭਾਈ ਸਾਹਿਬ ਗੁਰਿੰਦਰ ਸਿੰਘ ਵਲੋਂ ਲਿਖਤੀ ਤੌਰ ਉੱਤੇ ਦਿੱਤੀ ਜਾਣਕਾਰੀ ਅਨੁਸਾਰ ਐਤਵਾਰ ਨੂੰ ਦੁਪਹਿਰ 12:00 ਵਜੇ ਹੋਣ ਵਾਲੀ ਇਸ ਅਹਿਮ ਮੀਟਿੰਗ ਵਿੱਚ ਸੰਗਤਾਂ ਨੂੰ ਗੁਰੂ ਘਰ ਦੇ ਹਿਸਾਬ ਕਿਤਾਬ ਤੋਂ ਇਲਾਵਾ ਹੋਰਨਾਂ ਪ੍ਰਾਜੈਕਟਾਂ ਅਤੇ ਕਾਰਜਾਂ ਸਬੰਧੀ  ਜਾਣੂੰ ਕਰਵਾਇਆ ਜਾਵੇਗਾ। ਪ੍ਰਬੰਧਕਾਂ ਵਲੋਂ ਸਭਨਾਂ ਨੂੰ ਸਮੇਂ ਸਿਰ ਗੁਰੂ ਘਰ ਪੁਜਣ ਦੀ ਬੇਨਤੀ ਹੈ।

## ਸ਼੍ਰੋਮਣੀ ਕਮੇਟੀ ਵੱਲੋਂ ਵਿਸਾਖੀ ਨੂੰ ਵਿਸ਼ਵ ਸਿੱਖ ਦਿਵਸ ਨਿਰਧਾਰਿਤ ਕਰਾਉਣ ਲਈ ਸਿੱਖ ਕੋਆਰਡੀਨੇਸ਼ਨ ਕਮੇਟੀ ਦੀ ਹਮਾਇਤ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ:**
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸਜੀਪੀਸੀ) ਸ੍ਰੀ ਅੰਮ੍ਰਿਤਸਰ ਵੱਲੋਂ ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ (ਯੂ ਐਸ ਏ) ਦਾ ਇਸ ਗੱਲੋਂ ਸਮਰਥਨ ਕੀਤਾ ਹੈ ਕਿ ਉਨ੍ਹਾਂ ਵਿਸਾਖੀ ਦੇ ਵਿਹਾੜੇ ਨੂੰ 'ਵਰਲਡ ਸਿੱਖ ਡੇਅ' ਨਿਰਧਾਰਿਤ ਕਰਾਉਣ ਲਈ ਵੱਡਾ ਉਪਰਾਲਾ ਕੀਤਾ ਹੈ। ਇਸ ਸੰਬੰਧੀ ਦਾ ਐਸਜੀਪੀਸੀ ਵੱਲੋਂ ਇਕ ਪੱਤਰ ਸਿੱਖ ਕੋਆਰਡੀਨੇਸ਼ਨ ਕਮੇਟੀ ਦੇ ਕੋਆਰਡੀਨੇਟਰ ਸ. ਹਿੰਮਤ ਸਿੰਘ ਦੇ ਨਾਮ ਤੇ ਭੇਜਿਆ ਹੈ। ਇਸ ਕਰਕੇ ਸਿੱਖ ਕੋਆਰਡੀਨੇਸ਼ਨ ਕਮੇਟੀ ਨੇ ਐਸਜੀਪੀਸੀ ਦਾ ਸ਼ੁਕਰੀਆ ਅਦਾ ਕੀਤਾ ਹੈ। ਪ੍ਰਾਪਤ ਵੇਰਵਿਆਂ ਅਨੁਸਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੱਤਰ ਸ. ਰੂਪ ਸਿੰਘ ਦੇ ਦਸਤਖਤਾਂ ਹੇਠ ਭੇਜੇ ਗਏ ਇਸ ਪੱਤਰ ਵਿਚ ਕਿਹਾ ਗਿਆ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਹਾਊਸ ਵਿਚ ਮਤਾ ਪਾਇਆ ਗਿਆ ਹੈ ਕਿ ਉਹ ਅਮਰੀਕਾ ਅਤੇ ਕੈਨੇਡਾ ਦੀਆਂ ਸਿੱਖ ਸੰਗਤਾਂ ਵੱਲੋਂ ਜੋ ਵਿਸਾਖੀ ਨੂੰ ਵਿਸ਼ਵ ਸਿੱਖ ਦਿਵਸ ਵਜੋਂ ਨਿਰਧਾਰਿਤ ਕਰਾਉਣ ਲਈ ਸੰਘਰਸ਼ ਵਿੱਢਿਆ ਹੈ ਉਸ ਦਾ ਐਸਜੀਪੀਸੀ ਸਮਰਥਨ ਕਰੀ ਹੈ। ਮਤੇ ਵਿਚ ਇਹ ਵੀ ਕਿਹਾ ਗਿਆ ਹੈ ਕਿ ਇਸ ਸ਼ੁੱਭ ਕਾਰਜ ਲਈ ਐਸਜੀਪੀਸੀ ਅਮਰੀਕਾ ਤੇ ਕੈਨੇਡਾ ਦੀਆਂ ਸਿੱਖ ਸੰਗਤਾਂ ਦਾ ਭਰਪੂਰ ਸਹਿਯੋਗ ਦੇਵੇਗੀ। ਐਸਜੀਪੀਸੀ ਵੱਲੋਂ ਦਿੱਤੇ ਗਏ ਇਸ ਸਮਰਥਨ ਦਾ ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ ਦੇ ਕੋਆਰਡੀਨੇਟਰ ਸ. ਹਿੰਮਤ ਸਿੰਘ ਨੇ ਸ਼ੁਕਰੀਆ ਅਦਾ ਕੀਤਾ ਹੈ।

# ਸਰੀ ਵਿਚ ਖ਼ਾਲਸਾ ਡੇਅ ਪਰੇਡ ਦੌਰਾਨ ਕਰੀਬ 4 ਲੱਖ ਲੋਕਾਂ ਨੇ ਕੀਤੀ ਸ਼ਮੂਲੀਅਤ



**ਵੈਨਕੂਵਰ/ਬਿਊਰੋ ਨਿਊਜ਼ :** ਇੱਥੇ ਸਰੀ ਵਿੱਚ ਖਾਲਸਾ ਸਾਜਨਾ ਦਿਵਸ ਸਬੰਧੀ ਨਗਰ ਕੀਰਤਨ (ਖਾਲਸਾ ਡੇਅ ਪਰੇਡ) ਸਜਾਇਆ ਗਿਆ। ਇਸ ਸਾਲਾਨਾ ਨਗਰ ਕੀਰਤਨ 'ਚ ਚਾਰ ਲੱਖ ਤੋਂ ਉਤੇ ਲੋਕਾਂ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਗੁਰਦੁਆਰਾ ਦਸਮੇਸ਼ ਦਰਬਾਰ ਤੋਂ ਪੰਜ ਪਿਆਰਿਆਂ ਦੀ ਅਗਵਾਈ ਅਤੇ ਸ੍ਰੀ ਗੁਰੂ ਗ੍ਰੰਥ ਸਹਿਬ ਦੀ ਰਹਿਨੁਮਾਈ ਹੇਠ ਚੱਲਣ ਵਾਲੇ ਨਗਰ ਕੀਰਤਨ ਨੂੰ ਸਵੇਰੇ ਕੈਨੇਡੀਅਨ ਫੌਜ ਦੀ ਟੁਕੜੀ ਵੱਲੋਂ ਸਲਾਮੀ ਦਿੱਤੀ ਗਈ। ਵੱਖ-ਵੱਖ ਥਾਵਾਂ ਤੋਂ ਹੁੰਦਾ ਹੋਇਆ ਨਗਰ ਕੀਰਤਨ ਸ਼ਾਮ ਨੂੰ ਗੁਰਦੁਆਰਾ ਸਾਹਿਬ ਪਹੁੰਚ ਕੇ ਸਮਾਪਤ ਹੋਇਆ। ਪੂਰੇ ਨਗਰ ਕੀਰਤਨ ਦੇ ਰਾਹ ਵਿਚ ਸੰਗਤ ਵੱਲੋਂ ਲੰਗਰ ਲਾਏ ਗਏ ਸਨ। ਮੋਟਰਸਾਈਕਲ ਕਲੱਬ ਦੇ ਮੈਂਬਰਾਂ ਨੇ ਆਪਣੇ ਵਾਹਨ ਸਜਾ ਕੇ ਵੱਖ-ਵੱਖ ਕਰਤੱਬ ਦਿਖਾਏ।

ਭਾਵੇਂ ਪ੍ਰਬੰਧਕਾਂ ਵੱਲੋਂ ਸਿਆਸੀ ਆਗੂਆਂ ਨੂੰ ਨਗਰ ਕੀਰਤਨ ਵਿਚ ਸਿਆਸਤ ਕਰਨ ਤੋਂ ਗੁਰੇਜ਼ ਕਰਨ ਲਈ ਕਿਹਾ ਗਿਆ ਸੀ ਪਰ ਵਿਧਾਨ ਸਭਾ ਚੋਣਾਂ ਲਾਗੇ ਹੋਣ ਕਾਰਨ ਰਾਜਸੀ ਆਗੂਆਂ ਨੇ ਨਗਰ ਕੀਰਤਨ ਦੌਰਾਨ ਵੀ ਲੋਕਾਂ ਨੂੰ ਆਪਣੇ ਹੱਕ ਵਿਚ ਕਰਨ ਲਈ ਕੋਈ ਕਸਰ ਬਾਕੀ ਨਹੀਂ ਛੱਡੀ। ਬ੍ਰਿਟਿਸ਼ ਕੋਲੰਬੀਆ ਦੀ ਪ੍ਰੀਮੀਅਰ ਕਰਿਸਟੀ ਕਲਾਰਕ ਨੇ ਪੰਜਾਬੀ ਪਹਿਰਾਵੇ ਵਿਚ ਨਗਰ ਕੀਰਤਨ ਵਿੱਚ ਸ਼ਿਰਕਤ ਕੀਤੀ। ਉਸ ਨੇ ਫਿਰ ਦੁਹਰਾਇਆ ਕਿ ਅਪਰੈਲ ਮਹੀਨਾ ਸਿੱਖ ਵਿਰਾਸਤ ਨੂੰ ਸਮਰਪਿਤ ਕਰਕੇ ਮਨਾਇਆ ਜਾਇਆ ਕਰੇਗਾ। ਐਨਡੀਪੀ ਦੇ ਸੂਬਾਈ ਮੁਖੀ ਜੌਹਨ ਹੌਰਗਨ ਨੇ ਵੀ ਆਪਣੀ ਟੀਮ ਸਮੇਤ ਨਗਰ ਕੀਰਤਨ ਵਿਚ ਸ਼ਾਮਲ ਹੋ ਕੇ ਵੱਖ-ਵੱਖ ਸਟੇਜਾਂ ਤੋਂ ਭਾਸ਼ਣ ਦਿੱਤੇ। ਇਸ ਮੌਕੇ ਚੋਣ ਲੜਨ ਵਾਲੇ ਉਮੀਦਵਾਰਾਂ ਨੇ ਪ੍ਰਚਾਰ ਸਮੱਗਰੀ ਵੀ ਵੰਡੀ। ਤਰਕਸ਼ੀਲ ਸੁਸਾਇਟੀ ਨੇ ਵੀ ਇਸ ਮੌਕੇ ਲੋਕਾਂ ਨੂੰ ਵਹਿਮਾਂ-ਭਰਮਾਂ ਤੋਂ ਦੂਰ ਰਹਿਣ ਦਾ ਸੱਦਾ ਦਿੱਤਾ।

# ਖਾਲਿਸਤਾਨ ਐਲਾਨ-ਨਾਮੇ ਦੀ 31ਵੀਂ  ਵਰ੍ਹੇਗੰਢ ਗੁਰਦੁਆਰਾ ਸਾਹਿਬ ਟਰਲਕ ਵਿਖੇ 30 ਅਪ੍ਰੈਲ ਐਤਵਾਰ ਨੂੰ ਮਨਾਈ ਜਾਵੇਗੀ

**ਸਟਾਕਟਨ/ਬਿਊਰੋ ਨਿਊਜ਼:** ਖਾਲਿਸਤਾਨ ਦੇ ਐਲਾਨ-ਨਾਮੇ ਦੀ 31ਵੀਂ  ਵਰ੍ਹੇਗੰਢ ਗੁਰਦੁਆਰਾ ਸਾਹਿਬ ਟਰਲਕ ਵਿਖੇ 30 ਅਪ੍ਰੈਲ 2017 ਐਤਵਾਰ ਨੂੰ ਮਨਾਈ ਜਾ ਰਹੀ ਹੈ। ਇਸ ਸੰਬੰਧ ਵਿੱਚ ਐਤਵਾਰ ਦੇ ਵਿਸ਼ੇਸ਼ ਦੀਵਾਨ ਸਜਾਏ ਜਾਣਗੇ। ਨੌਜਵਾਨ ਸਿੱਖ ਆਗੂ ਭਾਈ ਸੰਦੀਪ ਸਿੰਘ ਵਲੋਂ ਲਿਖਤੀ ਤੌਰ ਉੱਤੇ ਦਿੱਤੀ ਜਾਣਕਾਰੀ ਅਨੁਸਾਰ ਸੰਤ ਜਰਨੈਲ ਸਿੰਘ ਜੀ ਖਾਲਸਾ ਭਿਡਰਾਂ ਵਾਲ਼ਿਆਂ ਦੇ ਬਚਨ ਕਿ ਜਦੋਂ ਭਾਰਤੀ ਫੌਜ ਦੇ ਕਦਮ ਦਰਬਾਰ ਸਾਹਿਬ ਵਿੱਚ ਪੈਣਗੇ ਤਾਂ ਖਾਲਿਸਤਾਨ ਦੀ ਨੀਂਹ ਰੱਖੀ ਜਾਵੇਗੀ ਤੇ ਭਾਰਤੀ ਹਕੂਮਤ ਨੇ ਜੂਨ 1984 ਵਿੱਚ ਸਾਡੇ 37 ਤੋਂ ਵੱਧ ਗੁਰਦੁਆਰਿਆਂ ਤੇ ਹਮਲਾ ਕਰਕੇ ਇਹ ਦੱਸ ਦਿੱਤਾ ਸੀ ਕਿ ਹਿੰਦੁਸਤਾਨ ਵਿਚ ਸਿੱਖਾਂ ਲਈ ਕੋਈ ਥਾਂ ਨਹੀਂ ਹੈ। ਸੰਤਾਂ ਦੇ ਬਚਨਾਂ ਤੇ ਫੁੱਲ ਚੜਉਦਿਆਂ 29 ਅਪ੍ਰੈਲ 1986 ਨੂੰ ਸਰਬਤ ਖਾਲਸਾ ਵੱਲੋਂ ਥਾਪੀ ਗਈ ਪੰਥਕ ਕਮੇਟੀ ਨੇ ਅਕਾਲ ਤਖਤ ਸਾਹਿਬ ਤੋਂ ਖਾਲਿਸਤਾਨ ਦਾ ਐਲਾਨ-ਨਾਮਾ ਜਾਰੀ ਕੀਤਾ ਜਿਸ ਵਿੱਚ ਸਿੱਖਾਂ ਦੇ ਰਾਜਸੀ, ਸਮਾਜਿਕ ਅਤੇ ਆਰਥਿਕ ਮਾਮਲਿਆਂ ਸੰਬੰਧੀ ਸੰਖੇਪ ਪਰ ਠੋਸ ਰੂਪ ਵਿੱਚ ਚਾਨਣਾ ਪਾਇਆ ਗਿਆ ਅਤੇ ਹਕੂਮਤੀ ਜ਼ੁਲਮ ਦਾ ਟਾਕਰਾ ਕਰਨ ਦਾ ਐਲਾਨ ਕੀਤਾ ਗਿਆ। ਗੁਰਦੁਆਰਾ ਸਾਹਿਬ ਦੇ ਸੇਵਾਦਾਰਾਂ ਵਲੋਂ ਸਮੂਹ ਸੰਗਤ ਨੂੰ ਬੇਨਤੀ ਹੈ ਕਿ ਵੱਧ ਤੋਂ ਵੱਧ ਹਾਜ਼ਰੀ ਭਰਕੇ ਖਾਲਸਾ ਰਾਜ ਦੀ ਪ੍ਰਾਪਤੀ ਦਾ ਪ੍ਰਣ ਦੁਹਰਾਈਏ।






INDIAN CARE ASSOCIATION proudly presents...
GRAND SPONSORS : Sheru Bhatia (Pete's Restaurant & Brewhouse)
NINJA
SUNANDA SHARMA
NIMRAT KHAIRA
MANKIRT AULAKH
ASHA SHARMA
HIMANSHI KHURANA
BAY AREA
Vaisakhi Mela 2017
FREE ENTRY
SATURDAY • MAY 27 • 1-7PM
SOLANO COUNTY FAIRGROUNDS
900 FAIRGROUNDS DR • VALLEJO, CA 94589
ਪਰਿਵਾਰਕ ਸੱਭਿਆਚਾਰਿਕ ਮੇਲਾ ਜਿਸ ਵਿਚ ਖਾਣ ਪੀਣ ਤੋਂ ਇਲਾਵਾ ਖਰੀਦੋ ਫ਼ਰੋਖ਼ਤ ਦੇ ਸਟਾਲ ਵੀ ਹੋਣਗੇ।
ਬੱਚਿਆਂ ਦੇ ਮਨੋਰੰਜਨ ਦਾ ਖ਼ਾਸ ਪ੍ਰਬੰਧ ਹੋਵੇਗਾ।
ਸਪਾਂਸਰਸ਼ਿਪ ਅਤੇ ਸਟਾਲ ਬੁੱਕ ਕਰਵਾਉਣ ਲਈ ਮਿਲੋ
For Sponsorship & Stall Booking Please Call
FOR MORE INFO: 707.372.5657 • 510.715.7513
Email: indiancareassociation@gmail.com • Web: www.indiancareassociation.com
PLATINUM SPONSORS : APCA, Balbir Samra, Ray Sharma, Cc Yin McDonald's
GOLD SPONSORS : Amarjit Saggu, Amrish Aulakh, Amritpal Dhillon AAP, Ashok & Vijay Vij (Globe Truck Center), BB Insurance Agency, Bagga Palace (Sacramento), Baldev Basra, Balwinder Pahal, Bhakhari Law Firm, Bhinda Sandhu, Boparai Brothers, Chamkaur Giri, Chicago Pizza, Crown Materials, David Hayer, DD Sharma, Desi Swag Inc., Dr. Harmesh Kumar, Flamingo Palace, Gurjatinder Singh Randhawa (Punjab Mail USA), Gulinder Gill, Guri Kang, Harjit Bhangoo, Harry Sidhu, Jack Ram & Paul Ram, Jagjit Rattu (Audio House), Jagtesh Gill, Jai Goswami, Jasmail Chitti, Jaspreet Singh (Attorney), Jassi Banga, Jassie Dhillon, Jaswant Pannu, Joe Basra, Joe Johal, Kulwinder Bains, Kulwinder Dosanjh, Mangal Singh, Manraj Natt, Mike Ali, Naginder Benipal, Nannar Borthers, Navjeet Chahal, PACA, Pannu Legal Services, Radio Punjab, Rajinder Singh Sabi, Ram & Amarjit Matharu, Ram Saroay, Rana Uppal, Rander Bains, Randhir Bajwa, Robert Hayer/Darren Dhillon, Rocky Malhi, Sikandar Grewal, Spices For Less, Sukhdev Grewal, Sunita Verma, Surat Pandher, Surjit Kooner, Taj Randhawa, Tirath Sahota, Walia Brothers
SILVER SPONSORS : Amrik Chand, Amrik Dhami, Avi Sondhi, Bahadur Singh, Bhupinder & Balbir Sull, Charanjit Bhullar, Daljit Uppal, Dr. H.S. Ladhar, Faquira Mehmi, Hardeep Bhangu, Hardial & Kulwant Banga, Henry Walia (Express Refrigeration\Electro Freeze), Indian Saver, Jessi Bhullar, Kuldeep Grewal, Kuldip Sidhum, Ramesh & Gyan Suman, Rana Kahlon, Ranbir Sarkaria, Shyam Sundar Vohra, Star Mechanical Inc., Sunny Sidhu, Surinder Pal Sidhu, Swaran Sidhu, Tony Gill

# ਕੇ.ਸੀ.ਐਫ. ਵਲੋਂ ਮਨਾਏ ਵਿਸਾਖੀ ਜਸ਼ਨਾਂ ਨੇ ਛੱਡੀਆਂ ਅਮਿੱਟ ਯਾਦਾਂ








**ਲਾਸ ਏਂਜਲਸ/ਬਿਊਰੋ ਨਿਊਜ਼ :** ਕੇ.ਸੀ.ਐਫ. ਵਜੋਂ ਜਾਣੀ ਜਾਂਦੀ ਸੰਸਥਾ ਖ਼ਾਲਸਾ ਕੇਅਰ ਫਾਊਂਡੇਸ਼ਨ ਨੇ ਵੱਡੇ ਪੱਧਰ ’ਤੇ ਵਿਸਾਖੀ ਦੇ ਜਸ਼ਨ ਮਨਾ ਕੇ ਇਕ ਹੋਰ ਵੱਡੀ ਪੁਲਾਂਘ ਪੁੱਟੀ ਹੈ। ਇਨ੍ਹਾਂ ਜਸ਼ਨਾਂ ਨੇ ਲੋਕਾਂ ਦੇ ਮਨਾਂ ਵਿਚ ਮਿੱਠੀਆਂ ਯਾਦਾਂ ਦੀ ਪੈੜ ਛੱਡੀ ਹੈ। ਇਨ੍ਹਾਂ ਜਸ਼ਨਾਂ ਦਾ ਮੰਤਵ ਨੌਜਵਾਨ ਸਿੱਖ ਪੀੜ੍ਹੀ ਨੂੰ ਆਪਣੇ ਵਿਰਸੇ, ਸਭਿਆਚਾਰ ਨਾਲ ਜੋੜਨਾ ਸੀ।

ਹੇਮਕੁੰਡ ਫਾਊਂਡੇਸ਼ਨ ਵਲੋਂ ਸਿੱਖ ਨੌਜਵਾਨ ਬੱਚਿਆਂ ਦੇ ਪਿਛਲੇ ਦਿਨੀਂ ਭਾਸ਼ਣ ਮੁਕਾਬਲੇ ਕਰਵਾਏ ਗਏ ਸਨ, ਜਿਨ੍ਹਾਂ ਦੇ ਫਾਈਨਲ ਮੁਕਾਬਲੇ 22 ਅਪ੍ਰੈਲ ਨੂੰ ਖ਼ਾਲਸਾ ਕੇਅਰ ਫਾਊਂਡੇਸ਼ਨ ਵਿਖੇ ਹੋਏ। ਇਹ ਮੁਕਾਬਲੇ ਅਰਦਾਸ ਕਰਨ ਮਗਰੋਂ ਸ਼ੁਰੂ ਹੋਏ। ਵੱਖ ਵੱਖ ਉਮਰ ਵਰਗ ਦੇ ਪ੍ਰਤੀਯੋਗੀ ਬੱਚਿਆਂ ਨੇ ਸਿੱਖ ਇਤਿਹਾਸ ’ਤੇ ਰੌਸ਼ਨੀ ਪਾਈ। ਕੁਝ ਬੱਚੇ ਬਾਕਾਇਦਾ ਆਪਣੇ ਨਾਲ ਨੋਟਸ ਲੈ ਕੇ ਆਏ ਜਦਕਿ ਕੁਝ ਬੱਚਿਆਂ ਨੇ ਬਿਨਾਂ ਨੋਟਸ ਤੋਂ ਹੀ ਭਾਸ਼ਣ ਦਿੱਤਾ। ਇਨ੍ਹਾਂ ਬੱਚਿਆਂ ਨੇ ਸਾਰਿਆਂ, ਖ਼ਾਸ ਕਰ ਜੱਜਾਂ ਦਾ ਧਿਆਨ ਖਿੱਚਿਆ। ਇਹ ਮੁਕਾਬਲਾ ਏਨਾ ਸਖ਼ਤ ਸੀ ਕਿ ਜੱਜਾਂ ਨੂੰ ਫ਼ੈਸਲਾ ਲੈਣ ਵਿਚ ਸਮਾਂ ਲੱਗ ਰਿਹਾ ਸੀ। ਕਈ ਬੱਚਿਆਂ ਦੇ ਅੰਕ ਬਰਾਬਰ ਆਏ, ਜਿਸ ਕਾਰਨ ਉਹ ਸਾਂਝੇ ਤੌਰ ’ਤੇ ਜੇਤੂ ਐਲਾਨੇ ਗਏ। ਜੇਤੂ ਬੱਚਿਆਂ ਨੂੰ ਹੁਣ ਖੇਤਰੀ ਮੁਕਾਬਲਿਆਂ ਵਿਚ ਜਾਣ ਦਾ ਮੌਕਾ ਮਿਲੇਗਾ। ਪ੍ਰੋਗਰਾਮ ਦੇ ਅਖ਼ੀਰ ਵਿਚ ਜੇਤੂ ਬੱਚਿਆਂ ਨੂੰ ਇਨਾਮ ਅਤੇ ਸਰਟੀਫਿਕੇਟ ਵੰਡੇ ਗਏ। ਦੁਪਹਿਰ ਸਮੇਂ ਸਾਰਿਆਂ ਨੂੰ ਲੰਗਰ ਛਕਾਇਆ ਗਿਆ।

ਕੇ.ਸੀ.ਐਫ. ਵਿਸਾਖੀ ਜਸ਼ਨਾਂ ਵਿਚ ਅੰਮ੍ਰਿਤ ਸੰਚਾਰ ਨੇ ਵੀ ਲੋਕਾਂ ਨੂੰ ਆਕਰਸ਼ਤ ਕੀਤਾ। ਪੰਜ ਪਿਆਰਿਆਂ ਵਲੋਂ ਪੂਰੀ ਰਹਿਤ ਮਰਿਆਦਾ ਨਾਲ ਅੰਮ੍ਰਿਤ ਪਾਨ ਕਰਵਾਇਆ ਗਿਆ। ਉਦੋਂ ਨਜ਼ਾਰਾ ਹੋਰ ਵੀ ਅਲੌਕਿਕ ਬਣ ਗਿਆ ਜਦੋਂ ਖਾਲਸਾ ਸਜੇ ਸਿੱਖ ਪੰਜ ਪਿਆਰਿਆਂ ਨਾਲ ਦਰਬਾਰ ਹਾਲ ਵਿਚ ਦਾਖ਼ਲ ਹੋਏ। ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ ਨਾਲ ਹਾਲ ਗੂੰਜ ਗਿਆ।

ਇਸ ਤੋਂ ਇਕ ਦਿਨ ਪਹਿਲਾਂ ਕੇ.ਸੀ.ਐਫ. ਵਲੋਂ ਇਕ ਹੋਰ ਹਾਲ ਵਿਚ 5 ਅਖੰਡ ਪਾਠ ਆਰੰਭੇ ਗਏ, ਜਿਨ੍ਹਾਂ ਦੇ 23 ਅਪ੍ਰੈਲ ਨੂੰ ਭੋਗ ਪਾਏ ਗਏ। ਸੰਤ ਅਨੂਪ ਸਿੰਘ ਨੇ ਸੰਗਤ ਨੂੰ ਗੁਰਬਾਣੀ ਰਸ ਨਾਲ ਨਿਹਾਲ ਕੀਤਾ। ਦਰਬਾਰ ਹਾਲ ਵਿਚ ਪੈਰ ਰੱਖਣ ਦੀ ਵੀ ਥਾਂ ਨਾ ਬਚੀ। ਸੰਗਤ ਲਗਾਤਾਰ ਗੁਰੂਘਰ ਵਿਚ ਨਤਮਸਤਕ ਹੋਣ ਲਈ ਆ ਰਹੀ ਸੀ। ਮੇਲਾ ਉਸ ਵੇਲੇ ਪੂਰੇ ਜੋਬਨ ’ਤੇ ਆ ਗਿਆ ਜਦੋਂ ਸਵਾਦਿਸ਼ਟ ਪਕਵਾਨਾਂ ਦੀਆਂ ਸਟਾਲਾਂ ’ਤੇ ਲੋਕਾਂ ਦੀ ਭੀੜ ਲੱਗਣੀ ਸ਼ੁਰੂ ਹੋ ਗਈ। ਵਾਲੰਟੀਅਰਾਂ ਵਲੋਂ ਪੂਰੀ ਜ਼ਿੰਮੇਵਾਰੀ ਨਾਲ ਸੇਵਾ ਨਿਭਾਈ ਗਈ।

# ਸੈਨ ਫਰਾਂਸਿਸਕੋ ’ਚ ਸਾਲਾਨਾ ਨਗਰ ਕੀਰਤਨ 11 ਜੂਨ ਐਤਵਾਰ ਨੂੰ

## *ਤਿਆਰੀਆਂ ਅਤੇ ਪ੍ਰਬੰਧਾਂ ਸਬੰਧੀ ਸਰਗਰਮੀਆਂ ਸ਼ੁਰੂ*

**ਸੈਨ ਫਰਾਂਸਿਸਕੋ/ਬਿਊਰੋ ਨਿਊਜ਼:** ਕੈਲੀਫੋਰਨੀਆਂ ਦੀਆਂ ਸੰਗਤਾਂ, ਗੁਰਦੁਆਰਾ ਸਾਹਿਨ ਦੀਆਂ ਪ੍ਰਬੰਧਕ ਕਮੇਟੀਆਂ, ਸਮੂਹ ਪੰਥਕ ਧਿਰਾਂ, ਸਿੱਖ ਜਥੇਬੰਦੀਆਂ ਅਤੇ ਵਲੋਂ ਸ਼ਹੀਦਾਂ ਦੇ ਸਿਰਤਾਜ ਪੰਜਵੇਂ ਪਾਤਸ਼ਾਹ ਦੀ ਯਾਦ ਵਿਚ ਜੂਨ 1984 ਦੇ ਸਿੱਖ ਘੱਲੂਘਾਰੇ ਦੇ ਸ਼ਹੀਦਾਂ ਨੂੰ ਸਮਰਪਿਤ ਮਹਾਨ ਨਗਰ ਕੀਰਤਨ 11 ਜੂਨ 2017 ਐਤਵਾਰ ਦੁਪਹਿਰ 12:00 ਵਜੇ ਤੋਂ ਬਾਅਦ ਦੁਪਹਿਰ 4:00 ਵਜੇ ਤੱਕ ਡਾਊਨ ਟਾਊਨ ਸੈਨ ਫਰਾਂਸਿਸਕੋ ਵਿੱਚ ਕੀਤਾ ਜਾਵੇਗਾ।

ਗੁਰਦੁਆਰਾ ਸਾਹਿਬ ਫਰੀਮੌਂਟ ਦੇ ਸੁਪਰੀਮ ਕੌਂਸਲ ਮੈਂਬਰ ਭਾਈ ਜਸਦੇਵ ਸਿੰਘ ਵਲੋਂ ਦਿੱਤੀ ਲਿਖਤੀ ਜਾਣਕਾਰੀ ਅਨੁਸਾਰ ਨਗਰ ਕੀਰਤਨ ਦੀਆਂ ਤਿਆਰੀਆਂ ਅਤੇ ਪ੍ਰਬੰਧਾਂ ਸਬੰਧੀ ਸਰਗਰਮੀਆਂ ਸ਼ੁਰੂ ਹਨ। ਪਿਛਲੇ ਸਾਲਾਂ ਵਾਂਗ ਇਸ ਵਾਰ ਵੀ ਇਹ ਨਗਰ ਕੀਰਤਨ ਬਹੁਤ ਵੱਡੀ ਪੱਧਰ ਉੱਤੇ ਸਿੱਖੀ ਰਵਾਇਤਾਂ ਅਨੁਸਾਰ ਸ਼ਾਨੋ ਸ਼ੌਕਤ ਨਾਲ ਕੀਤਾ ਜਾਵੇਗਾ।

ਪ੍ਰਬੰਧਕਾਂ ਵਲੋਂ ਸੰਗਤਾਂ ਦੇ ਨਾਂਅ ਸੰਦੇਸ਼ ਵਿੱਚ ਕਿਹਾ ਗਿਆ ਹੈ ਕਿ ਜਿਹੜੀਆਂ ਕੌਮਾਂ ਆਪਣੇ ਸ਼ਹੀਦਾਂ ਤੇ ਸ਼ਹੀਦੀ ਸਾਕਿਆਂ ਨੂੰ ਭੁੱਲ ਜਾਂਦੀਆਂ ਨੇ, ਉਹ ਇਤਿਹਾਸ ਦੇ ਪੰਨਿਆਂ ਤੋਂ ਗਾਇਬ ਹੋ ਜਾਂਦੀਆਂ ਨੇ। ਕੌਮ ਦੀ ਚੜ੍ਹਦੀ ਕਲਾ, ਖਾਲਸਾ ਪੰਥ ਦੇ ਬੇਨਜ਼ੀਰ ਭਵਿੱਖ ਤੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕਰਨ ਲਈ ਸੈਨ ਫਰਾਂਸਿਸਕੋ ਡਾਊਨ ਟਾਊਨ ਵਿਚ ਸੈਕੰਡ ਸਟਰੀਟ ਅਤੇ ਮਾਰਕੀਟ ਸਟਰੀਟ ਤੋਂ ਸ਼ੁਰੂ ਹੋ ਕੇ ਸਿਵਕ ਸੈਂਟਰ ਦੇ ਸੋਹਣੇ ਮੈਦਾਨ ਤੱਕ ਇਸ ਨਗਰ ਕੀਰਤਨ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ, ਜਿਸ ਵਿਚ ਆਪ ਸਭ ਨੂੰ ਸ਼ਾਮਲ ਹੋਣ ਲਈ ਹਾਰਦਿਕ ਬੇਨਤੀ ਕੀਤੀ ਜਾਂਦੀ ਹੈ। ਸੰਗਤਾਂ ਕੇਸਰੀ ਦਸਤਾਰਾਂ-ਦੁੱਪਟੇ-ਪਟਕੇ ਸਜਾ ਕੇ ਆਉਣ ਜੀ। ਲੰਗਰ ਅਤੁੱਟ ਵਰਤਣਗੇ।'ਗਰ ਕੀਰਤਨ ਵਾਲੀ ਥਾਂ ਪਹੁੰਚਣ ਲਈ ਬਾਰਟ ਰਾਹੀਂ ਮੌਂਟਗੁਮਰੀ ਸਟੇਸ਼ਨ ਤੇ ਉਤਰਨਾ ਹੈ ਤੇ ਵਾਪਸੀ ਲਈ ਸਿਵਕ ਸੈਂਟਰ ਤੋਂ ਬਾਰਟ ਦਾ ਪ੍ਰਬੰਧ ਹੈ। ਸਭ ਗੁਰਦੁਆਰਿਆਂ ਤੋਂ ਬੱਸਾਂ ਦਾ ਵੀ ਪ੍ਰਬੰਧ ਕੀਤਾ ਜਾਵੇਗਾ, ਜਿਸ ਵਿਚ ਸੰਗਤਾਂ ਆਪਣੇ ਸ਼ਹਿਰ ਦੇ ਗੁਰਦੁਆਰਿਆਂ ਨਾਲ ਸੰਪਰਕ ਕਰ ਸਕਦੀਆਂ ਹਨ। ਇਹ ਨਗਰ ਕੀਰਤਨ ਵੱਡੇ ਬੱਚਿਆਂ ਤੇ ਨੌਜਵਾਨਾਂ ਲਈ ਸਿੱਖ ਵਿਰਸੇ ਦੀ ਅਣਮੁੱਲੀ ਜਾਣਕਾਰੀ ਨਾਲ ਭਰਪੂਰ ਹੋਵੇਗਾ।

# ਅਰਕਾਂਸਸ ਸੂਬੇ ’ਚ 2 ਨੂੰ ਜ਼ਹਿਰ ਦੇ ਕੇ ਦਿੱਤੀ ਮੌਤ ਦੀ ਸਜ਼ਾ

**ਵਾਸ਼ਿੰਗਟਨ/ਬਿਊਰੋ ਨਿਊਜ਼ :** ਅਮਰੀਕਾ ਦੇ ਅਰਕਾਂਸਸ ਸੂਬੇ ਵਿਚ ਸਾਲ 2000 ਦੇ ਬਾਅਦ ਪਹਿਲੀ ਵਾਰ ਦੋ ਦੋਸ਼ੀਆਂ ਨੂੰ ਮੌਤ ਦੀ ਸਜ਼ਾ ਦਿੱਤੀ ਗਈ ਹੈ। ‘ਨਿਊਯਾਰਕ ਟਾਈਮਜ਼’ ਦੀ ਰਿਪੋਰਟ ਦੇ ਅਨੁਸਾਰ ਦੋਵਾਂ ਨੂੰ ਸੋਮਵਾਰ ਰਾਤ ਮੌਤ ਦੀ ਸਜ਼ਾ ਦਿੱਤੀ ਗਈ। ਜੈਕ ਐਚ. ਜੋਂਸ ਯੂਨੀਅਰ (52) ਤੇ ਮਾਰਸ਼ਲ ਵਿਲੀਅਮਜ਼ (46) ਨੂੰ ਤਿੰਨ ਘਾਤਕ ਜ਼ਹਿਰੀਲੀ ਦਵਾਈ ਵਾਲੇ ਇੰਜੈਕਸ਼ਨ ਦਿੱਤੇ ਗਏ, ਜਿਸਦੇ ਬਾਅਦ ਉਨ੍ਹਾਂ ਦੀ ਮੌਤ ਹੋ ਗਈ। ਸਮਾਚਾਰ ਪੱਤਰ ਵਾਸ਼ਿੰਗਟਨ ਪੋਸਟ ਦੇ ਮੁਤਾਬਕ ਜੋਂਸ ਨੂੰ 1996 ਵਿਚ ਮੈਰੀ ਫਿਲਿਪਸ (ਬੁਕ ਕੀਪਰ) ਨਾਲ ਜਬਰ ਜਨਾਹ ਕਰਨ ਤੇ ਉਸ ਦੀ ਹੱਤਿਆ ਕਰਨ ਦੇ ਦੋਸ਼ ਵਿਚ ਮੌਤ ਦੀ ਸਜ਼ਾ ਮਿਲੀ ਹੈ। ਉੱਥੇ ਹੀ ਵਿਲੀਅਮ ਨੂੰ 1997 ਵਿਚ ਸਟੇਸੀ ਏਰਿਕਸਨ (22) ਨੂੰ ਅਗਵਾ ਕਰਕੇ ਉਸ ਨੂੰ ਲੁੱਟਣ, ਉਸ ਨਾਲ ਜਬਰ ਜਨਾਹ ਤੋਂ ਬਾਅਦ ਹੱਤਿਆ ਕਰਨ ਦੇ ਦੋਸ਼ ਵਿਚ ਮੌਤ ਦੀ ਸਜ਼ਾ ਮਿਲੀ ਹੈ।


ੴ ਸਤਿਗੁਰ ਪ੍ਰਸਾਦਿ ॥

ਗੁਰਦੁਆਰਾ ਸਿੰਘ ਸਭਾ ਬੇਅ ਏਰੀਆ ਮਿਲਪੀਟਸ

680 East Calaveras Blvd. Milpitas CA 95035

ਵਲੋਂ ਵਿਸ਼ੇਸ਼ ਪ੍ਰੋਗਰਾਮ



ਬੱਚਿਆਂ ਦੇ ਪਬਲਿਕ ਸਪੀਕਿੰਗ ਮੁਕਾਬਲੇ

ਜਿੱਤੋ ਢੇਰ ਸਾਰੇ ਵੱਡੇ ਇਨਾਮ

ਸਮਾਂ: ਐਤਵਾਰ 30 ਅਪ੍ਰੈਲ ਸਵੇਰੇ 11:00 ਵਜੇ ਤੋਂ

ਉਮਰ ਅਨੁਸਾਰਾਂ ਗਰੁੱਪਾਂ ਦੀ ਵੰਡ

ਗਰੁੱਪ 1: 4 ਤੋਂ 6 ਗਰੇਡ ਤੱਕ

ਗਰੁੱਪ 2: 7 ਤੋਂ 8 ਗਰੇਡ ਤੱਕ

ਗਰੁੱਪ 3: 9 ਤੋਂ 12 ਗਰੇਡ ਤੱਕ



ਮੁਕਾਬਲਿਆਂ ਵਿੱਚ ਭਾਗ ਲੈਣ ਦੇ ਚਾਹਵਾਨ ਕ੍ਰਿਪਾ ਕਰਕੇ 17 ਅਪ੍ਰੈਲ 2017 ਤੱਕ ਨਿੱਜੀ ਤੌਰ ਉੱਤੇ ਜਾਂ ਈਮੇਲ igosmilpitas@gmail.com ਰਾਹੀਂ ਅਪਣੇ ਨਾਂਮ ਦਰਜ ਕਰਵਾ ਲੈਣ

# ਪੈਨਸਿਲਵੇਨੀਆ ਸਦਨ ਵਿਚ ਸਿੱਖ ਭਾਈਚਾਰੇ ਲਈ ਦੋ ਅਹਿਮ ਮਤੇ ਪਾਸ

### 13 ਅਪ੍ਰੈਲ ਨੂੰ ਵਿਸਾਖੀ ਵਜੋਂ ਮਾਨਤਾ, ਅਪ੍ਰੈਲ ਮਹੀਨਾ ਸਿੱਖ ਜਾਗਰੂਕਤਾ ਵਜੋਂ ਮਨਾਇਆ ਜਾਵੇਗਾ



**ਫਿਲਾਡੈਲਫੀਆ/ਰਾਜਗੋਗਨਾ :** ਵਿਸਾਖੀ ਨੂੰ ਵਰਲਡ ਸਿੱਖ ਡੇਅ ਵੱਲੋਂ ਦੁਨੀਆਂ ਭਰ 'ਚ ਨਿਰਧਾਰਤ ਕਰਵਾਉਣ ਲਈ ਚਲਾਈ ਮੁਹਿੰਮ ਨੂੰ ਬਹੁਤ ਵੱਡਾ ਹੁੰਗਾਰਾ ਮਿਲਿਆ ਹੈ। ਇਸ ਤਹਿਤ ਪੈਨਸਿਲਵੇਨੀਆ ਸਟੇਟ ਦੀ ਅਸੈਂਬਲੀ ਹੈਰਿਸਬਰਗ ਵਿਚ ਅਪ੍ਰੈਲ ਦੇ ਸਾਰੇ ਮਹੀਨੇ ਨੂੰ 'ਸਿੱਖ ਜਾਕਰੂਕਤਾ ਮਹੀਨਾ ਐਲਾਨਿਆ ਗਿਆ, ਇਸ ਸਮੇਂ ਵਿਸਾਖੀ ਨੂੰ ਅਮਰੀਕਾ ਵਿਚ ਨੈਸ਼ਨਲ ਸਿੱਖ ਡੇਅ ਦੇ ਤੌਰ ਤੇ ਨਿਰਧਾਰਤ ਕਰਵਾਉਣ ਲਈ ਮਤਾ ਪਾਇਆ ਗਿਆ। ਪੈਨਸਿਲਵੇਨੀਆ ਸਟੇਟ ਦੇ ਪ੍ਰਤੀਨਿਧ ਨਿੱਕ ਮਿਕਰੈਲੀ ਅਤੇ ਪੈਨਸਿਲਵੇਨੀਆ ਸਟੇਟ ਰਿਪਰਿਜ਼ੈਂਟੇਟਿਵ ਜੈਮੀ ਸੈਂਟੋਰਾ ਨੇ ਹਾਊਸ ਤੋਂ ਦੋ ਮਤਿਆਂ ਦੀ ਪ੍ਰਵਾਨਗੀ ਦਿਵਾਈ ਜਿਸ ਵਿਚ ਇਕ ਮਤਾ 13 ਅਪ੍ਰੈਲ ਨੂੰ ਵਿਸਾਖੀ ਦਿਹਾੜੇ ਵਜੋਂ ਮਨਾਉਣ ਸਬੰਧੀ ਹਾਊਸ ਤੋਂ ਮਤਾ ਪਾਸ ਕਰਵਾਇਆ. ਦੂਸਰਾ ਮਤਾ ਅਪ੍ਰੈਲ ਦਾ ਪੂਰੇ ਮਹੀਨੇ ਨੂੰ ਸਿੱਖ ਜਾਗਰੂਕਤਾ ਵੱਜੋਂ ਮਨਾਉਣ ਦਾ ਮਤਾ ਪਾਸ ਹੋਇਆ . ਇਹ ਦੋ ਮਤੇ ਸਿੱਖਾਂ ਦੀ ਹਿਸਟਰੀ ਵਿਚ ਸੁਨਹਿਰੀ ਦਿਨ ਅਤੇ ਮਹੀਨੇ ਵਜੋਂ ਜਾਣੇ ਜਾਣਗੇ। ਪੈਨਸਿਲਵੇਨੀਆ 'ਚ ਰਹਿੰਦੇ ਸਿੱਖਾਂ ਨੇ ਸਟੇਟ ਅਸੈਂਬਲੀ ਦੇ ਪ੍ਰਤੀਨਿਧ ਨਿੱਕ ਮਿਕਰੈਲੀ, ਜੈਮਟੇ ਸਨਟੋਰਾ ਅਤੇ ਮਾਰਕੋ ਡੈਵਿਡਸਨ ਦਾ ਧੰਨਵਾਦ ਕੀਤਾ। ਸਿੱਖ ਭਾਈਚਾਰੇ ਨੇ ਪੈਨਸਿਲਵੇਨੀਆ, ਨਿਊ ਜਰਸੀ, ਮੈਰੀਲੈਂਡ ਤੇ ਡੇਲਾਵੇਅਰ ਦੇ ਸਿੱਖ ਮੈਂਬਰਾਂ ਦਾ ਧੰਨਵਾਦ ਕੀਤਾ ਹੈ। ਗਲੈਨ ਰੋਕ ਗੁਰਦੁਆਰਾ ਸਾਹਿਬ ਦੇ ਸੁਰਜੀਤ ਸਿੰਘ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ ਗਿਆ, ਜਿਨ੍ਹਾਂ ਨੇ ਸਦਨ ਵਿਚ ਅੰਗਰੇਜ਼ੀ ਤੇ ਪੰਜਾਬੀ ਵਿਚ ਅਰਦਾਸ ਕੀਤੀ।

## ਗੁਰਦੁਆਰਾ ਬਰਾਡਸ਼ਾਹ ਰੋਡ ਸੈਕਰਾਮੈਂਟੋ ਵਿਖੇ ਭਾਈ ਪਿੰਦਰਪਾਲ ਸਿੰਘ ਜੀ ਵੱਲੋਂ ਕਥਾ



**ਸੈਕਰਾਮੈਂਟੋ/ਹੁਸਨ ਲੜੋਆ ਬੰਗਾ:** ਸਿੱਖ ਪੰਥ ਦੇ ਮਹਾਨ ਕਥਾਕਾਰ ਭਾਈ ਪਿੰਦਰਪਾਲ ਸਿੰਘ ਜੀ ਵੱਲੋਂ ਗੁਰਦੁਆਰਾ ਬਰਾਡਸ਼ਾਹ ਰੋਡ ਸੈਕਰਾਮੈਂਟੋ ਵਿਖੇ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਿਆ ਅਤੇ ਵਿਸ਼ੇਸ਼ ਤੌਰ ਉਤੇ ਲਾਵਾਂ ਦੇ ਪਾਠ ਤੇ ਕਥਾ ਕੀਤੀ। ਸੰਗਤਾਂ ਨੇ ਭਾਈ ਪਿੰਦਰਪਾਲ ਸਿੰਘ ਜੀ ਦੀ ਕਥਾ ਲਗਾਤਾਰ ਸਰਵਣ ਕੀਤੀ। ਇਸ ਮੌਕੇ ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਵੱਲੋਂ ਗੁਰਦੁਆਰਾ ਸਾਹਿਬ ਦੀ ਨਵੀਂ ਉਸਾਰੀ ਜਾ ਰਹੀ ਨਵੀਂ ਇਮਾਰਤ ਬਾਰੇ ਦੱਸਿਆ ਤੇ ਗੁਰੂ ਘਰ ਲਈ ਇਸ ਬਣ ਰਹੀ ਨਵੀਂ ਇਮਾਰਤ ਲਈ ਦਿਲ ਖੋਲ੍ਹ ਕੇ ਦਾਨ ਕਰਨ ਲਈ ਸੰਗਤਾਂ ਨੂੰ ਅਪੀਲ ਵੀ ਕੀਤੀ ਗਈ। ਵੱਖ ਵੱਖ ਦਾਨੀਆਂ, ਜਿਨ੍ਹਾਂ ਨੇ ਗੁਰੂ ਘਰ ਲਈ ਮਾਲੀ ਮਦਦ ਕੀਤੀ, ਦਾ ਧੰਨਵਾਦ ਵੀ ਕੀਤਾ ਗਿਆ। ਨਵੀਂ ਬਣ ਰਹੀ ਇਮਾਰਤ ਦਾ ਕਾਰਜ ਜੋਰਾਂ ਸ਼ੋਰਾਂ ਨਾਲ ਚੱਲ ਰਿਹਾ ਹੈ।

## ਭਾਰਤੀ ਆਈ.ਟੀ. ਕੰਪਨੀਆਂ ਟੀਸੀਐਸ ਤੇ ਇੰਫੋਸਿਸ 'ਤੇ ਐਚ-1ਬੀ ਵੀਜ਼ਾ ਸ਼ਰਤਾਂ ਦੀ ਉਲੰਘਣਾ ਦੇ ਦੋਸ਼

**ਵਾਸ਼ਿੰਗਟਨ/ਬਿਊਰੋ ਨਿਊਜ਼ :** ਅਮਰੀਕਾ ਨੇ ਭਾਰਤ ਦੀਆਂ ਮੋਹਰਲੀਆਂ ਆਈਟੀ ਕੰਪਨੀਆਂ ਟੀਸੀਐਸ ਅਤੇ ਇੰਫੋਸਿਸ 'ਤੇ ਦੋਸ਼ ਲਾਏ ਹਨ ਕਿ ਇਨ੍ਹਾਂ ਕੰਪਨੀਆਂ ਨੇ ਲਾਟਰੀ ਸਿਸਟਮ ਵਿਚ ਵਾਧੂ ਅਰਜ਼ੀਆਂ ਮੁਹੱਈਆ ਕਰਵਾ ਕੇ ਐਚ-1ਬੀ ਵੀਜ਼ਿਆਂ ਦੇ ਵੱਡੇ ਹਿੱਸੇ ਵਿਚ ਗ਼ਲਤ ਤਰੀਕੇ ਵਰਤੇ ਜਦਕਿ ਟਰੰਪ ਪ੍ਰਸ਼ਾਸਨ ਮੈਰਿਟ ਆਧਾਰਤ ਇਮੀਗਰੇਸ਼ਨ ਨੀਤੀ ਅਪਣਾਉਣਾ ਚਾਹੁੰਦਾ ਹੈ। ਵ੍ਹਾਈਟ ਹਾਊਸ ਵਿਚ ਪਿਛਲੇ ਹਫ਼ਤੇ ਇਕ ਅਧਿਕਾਰੀ ਨੇ ਪ੍ਰੈੱਸ ਬਿਆਨ ਦੌਰਾਨ ਕਿਹਾ ਕਿ ਵੱਡੀਆਂ ਆਊਟਸੋਰਸਿੰਗ ਕੰਪਨੀਆਂ ਨੇ ਅਰਜ਼ੀਆਂ ਦਾ ਢੇਰ ਲਾ ਦਿੱਤਾ ਜਿਸ ਨਾਲ ਲਾਟਰੀ ਡਰਾਅ ਵਿਚ ਉਨ੍ਹਾਂ ਦੇ ਸਫ਼ਲ ਹੋਣ ਦੇ ਮੌਕੇ ਵੱਧ ਗਏ। ਸੀਨੀਅਰ ਅਧਿਕਾਰੀ ਨੇ ਕਿਹਾ ਕਿ ਟਾਟਾ, ਇੰਫੋਸਿਸ ਅਤੇ ਕਗਨੀਜ਼ੈਂਟ ਨੇ ਵੱਡੇ ਪੱਧਰ 'ਤੇ ਵੀਜ਼ਿਆਂ ਲਈ ਅਰਜ਼ੀਆਂ ਦਿੱਤੀਆਂ ਜਿਸ ਨਾਲ ਇਨ੍ਹਾਂ ਕੰਪਨੀਆਂ ਨੂੰ ਹੀ ਵੱਧ ਵੀਜ਼ੇ ਮਿਲਣ ਦਾ ਲਾਭ ਮਿਲਿਆ। ਭਾਰਤੀ ਕੰਪਨੀਆਂ ਦਾ ਜ਼ਿਕਰ ਕਰਨ ਬਾਰੇ ਵ੍ਹਾਈਟ ਹਾਊਸ ਨੇ ਕਿਹਾ ਕਿ ਟੀਸੀਐਸ, ਇੰਫੋਸਿਸ ਅਤੇ ਕਗਨੀਜ਼ੈਂਟ ਹੀ ਤਿੰਨੋਂ ਕੰਪਨੀਆਂ ਸਨ ਜਿਨ੍ਹਾਂ ਨੂੰ ਸਭ ਤੋਂ ਵੱਧ ਐਚ-1ਬੀ ਵੀਜ਼ੇ ਮਿਲੇ। ਅਧਿਕਾਰੀ ਨੇ ਕਿਹਾ ਕਿ ਇਹ ਤਿੰਨ ਕੰਪਨੀਆਂ ਐਚ-1ਬੀ ਵੀਜ਼ਿਆਂ ਲਈ ਔਸਤਨ ਮਿਹਨਤਾਨਾ 60 ਹਜ਼ਾਰ ਤੋਂ 65 ਹਜ਼ਾਰ ਡਾਲਰ ਸਾਲਾਨਾ ਦਿੰਦੀਆਂ ਹਨ ਜਦਕਿ ਸਿਲੀਕਾਨ ਵੈਲੀ ਦੇ ਸਾਫਟਵੇਅਰ ਇੰਜਨੀਅਰ ਦੀ ਉਜਰਤ ਕਰੀਬ ਡੇਢ ਲੱਖ ਡਾਲਰ ਹੁੰਦੀ ਹੈ। ਤਿੰਨੋਂ ਭਾਰਤੀ ਕੰਪਨੀਆਂ ਨੇ ਅਮਰੀਕੀ ਪ੍ਰਸ਼ਾਸਨ ਦੀ ਟਿੱਪਣੀ 'ਤੇ ਕੋਈ ਪ੍ਰਤੀਕਰਮ ਦੇਣ ਤੋਂ ਇਨਕਾਰ ਕਰ ਦਿੱਤਾ।

LAW OFFICE OF
PARDEEP S. GREWAL
ਪ੍ਰਦੀਪ ਸਿੰਘ ਗਰੇਵਾਲ
Bankruptcy
Immigration • Divorce
ਬੈਂਕਰਪਸੀ
ਚੈਪਟਰ 7 ਅਤੇ 13 (ਨਿੱਜੀ ਅਤੇ ਬਿਜਨਸ)
ਇਮੀਗ੍ਰੇਸ਼ਨ ਲਾਅ
9th ਸਰਕਟ ਅਪੀਲ, ਬੀ ਆਈ ਏ ਅਪੀਲ,
ਡਿਪੋਰਟੇਸ਼ਨ/ਰਿਮੂਵਲ ਕੇਸ, ਵੀਜ਼ਾ ਪਟੀਸ਼ਨ, ਗਰੀਨ ਕਾਰਡ
ਪਰਿਵਾਰਕ ਕਾਨੂੰਨ
ਤਲਾਕ

Pardeep S. Grewal
Attorney At Law
Bankruptcy
☞ Chapter 7 & 13 Bankruptcy
☞ Protect Your Assets- Home, Etc..
☞ Start Fresh- Clear
Family Law • Divorce
Immigration Law
☞ Deportation Cases- BIA Appeals
☞ Ninth Circuit Appeals
☞ Adjustment of Status (Green Card)
☞ Visa Petitions, NVC
ਇੰਮੀਗਰੇਸ਼ਨ ਸੰਬੰਧੀ ਕਿਸੇ ਵੀ ਤਰ੍ਹਾਂ ਦੀ ਜਰੂਰਤ ਲਈ ਕਾਲ ਕਰੋ
510.889.1999
email : info@pardeeplaw.com
20980 REDWOOD ROAD, SUITE 240 • CASTRO VALLEY CA 94546

SINGH TRANSPORT INC
• ਸਾਨੂੰ ਔਕਲੈਂਡ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਅਤੇ Owner Operatiors ਦੀ ਲੋੜ ਹੈ।
• ਡਰਾਇਵਰ ਵੀਰ ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰਕੇ ਮਹੀਨੇ ਦਾ $4800 ਤੋਂ $6000 ਕਮਾਉਣ।
• ਕੰਮ ਕਰਨ ਲਈ ਵਧੀਆ ਅਤੇ ਅਰਾਮਦਾਇਕ ਮਾਹੌਲ
• ਰੋਜ਼ਾਨਾ ਸ਼ਾਮ ਨੂੰ ਘਰ ਜਾਓ
• ਅਸੀਂ ਸਾਲਾਨਾ ਬੋਨਸ ਵੀ ਦਿੰਦੇ ਹਾਂ
• ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।

ਹੋਰ ਜਾਣਕਾਰੀ ਲਈ ਹੇਠ ਲਿਖੇ ਫੋਨ ਨੰਬਰਾਂ 'ਤੇ ਸੰਪਰਕ ਕਰੋ
ਸਤਨਾਮ ਸਿੰਘ (510) 543-3778, ਜਗਤਾਰ ਸਿੰਘ (510) 918-2439, (510) 943-9578

SFO/LAX to DELHI


LOW FARE
Starting from
695 to 895
With Senior Citizens & Students Discount
(including taxes)
Flights to Amritsar available at higher airfare
INFINITY TRAVEL (408-245-8444)
Low season fare subject to availability
Restrictions apply (cst# 1007726-10)

ਅੰਮ੍ਰਿਤਸਰ ਟਾਈਮਜ਼
Weekly Punjabi Newspaper
Corporate Office
4127 Bay Street, Suite 8
Fremont, CA 94538
Email: asrtimes@gmail.com
ਵਧੇਰੇ ਜਾਣਕਾਰੀ ਤੇ ਖਬਰਾਂ ਲਈ ਸੰਪਰਕ
Tel: (510) 240-5949 • Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157 • (510) 677-2777 Jai Singh
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

## ਭਾਰਤ ਵਿੱਚ ਮਨੁੱਖੀ ਹੱਕਾਂ ਦੀ ਰਾਖੀ ਲਈ ਅਮਨੈਸਟੀ ਨੇ ਯਤਨ ਤੇਜ਼ ਕੀਤੇ

**ਵਾਸ਼ਿੰਗਟਨ/ਬਿਊਰੋ ਨਿਊਜ਼ :** ਭਾਰਤ ਅਤੇ ਹੋਰ ਦੇਸ਼ਾਂ ਵਿੱਚ ਮਨੁੱਖੀ ਅਧਿਕਾਰ ਕਾਰਕੁਨਾਂ ਦੀ ਸੁਰੱਖਿਆ ਲਈ ਕੰਮ ਕਰਨ ਵਾਲੀ ਉੱਘੀ ਗ਼ੈਰ ਸਰਕਾਰ ਸੰਸਥਾ 'ਅਮਨੈਸਟੀ ਇੰਟਰਨੈਸ਼ਨਲ' ਅਮਰੀਕਾ ਦੇ ਸੰਸਦ ਮੈਂਬਰਾਂ ਦਾ ਸਮਰਥਨ ਜੁਟਾ ਰਹੀ ਹੈ। ਅਮਨੈਸਟੀ ਇੰਟਰਨੈਸ਼ਨਲ ਵੱਲੋਂ ਭੋਪਾਲ ਗੈਸ ਕਾਂਡ ਲਈ ਜ਼ਿੰਮੇਵਾਰ ਕੰਪਨੀਆਂ 'ਤੇ ਸਿਆਸੀ ਦਬਾਅ ਬਣਾਉਣ ਲਈ ਵੀ ਯਤਨ ਕੀਤੇ ਜਾ ਰਹੇ ਹਨ।

ਸੰਸਥਾ ਚਾਹੁੰਦੀ ਹੈ ਕਿ ਅਮਰੀਕਾ ਅਤੇ ਭਾਰਤ ਦੇ ਉਚ ਆਗੂ ਮਨੁੱਖੀ ਹੱਕਾਂ ਦੀ ਰਾਖੀ ਨੂੰ ਸਮਾਜ ਦੇ ਅਨਿੱਖੜਵੇਂ ਅੰਗ ਵਜੋਂ ਦਰਸਾਉਣ। ਅਮਨੈਸਟੀ ਇੰਟਰਨੈਸ਼ਨਲ ਵੱਲੋਂ ਪਿਛਲੇ ਹਫ਼ਤੇ ਅਮਰੀਕੀ ਸੈਨੇਟ ਕੋਲ ਪੇਸ਼ ਕੀਤੀ ਆਪਣੀ ਤਿਮਾਹੀ ਰਿਪੋਰਟ ਵਿੱਚ 31 ਮਾਰਚ ਨੂੰ ਖਤਮ ਹੋਈ ਸਾਲ ਦੀ ਪਹਿਲੀ ਤਿਮਾਹੀ ਵਿੱਚ ਭਾਰਤ ਅਤੇ ਹੋਰ ਦੇਸ਼ਾਂ ਵਿੱਚ 'ਮਨੁੱਖੀ ਅਧਿਕਾਰ ਸੁਰੱਖਿਆ ਕਾਰਕੁਨਾਂ ਦੀ ਸੁਰੱਖਿਆ' ਨੂੰ ਵਿਸ਼ੇਸ਼ ਲਾਬਿੰਗ ਮੁੱਦੇ ਦੀ ਸ਼੍ਰੇਣੀ ਵਿੱਚ ਰੱਖਿਆ ਹੈ। ਰਿਪੋਰਟ ਵਿੱਚ ਟਰੰਪ ਪ੍ਰਸ਼ਾਸਨ ਨਾਲ ਜੁੜੇ ਮੁੱਦਿਆਂ ਸਮੇਤ ਕਈ ਮਸਲਿਆਂ ਨੂੰ ਰੱਖਿਆ ਗਿਆ ਹੈ, ਜਿਸ ਵਿੱਚ ਸੈਨੇਟ ਤੇ ਅਮਰੀਕੀ ਸਰਕਾਰ ਦੇ ਕਈ ਵਿਭਾਗਾਂ ਦਾ ਸਮਰਥਨ ਜੁਟਾਇਆ ਗਿਆ ਹੈ। ਹਲਾਂਕਿ ਰਿਪੋਰਟ ਵਿੱਚ ਭਾਰਤ ਸਬੰਧੀ ਲਾਬਿੰਗ ਦੇ ਕਈ ਮੁੱਦਿਆਂ ਦਾ ਜ਼ਿਕਰ ਨਹੀਂ ਹੈ। ਅਮਨੈਸਟੀ ਇੰਟਰਨੈਸ਼ਨਲ ਦੇ ਬੁਲਾਰਿਆਂ ਨੇ ਕਿਹਾ ਕਿ ਸੰਸਥਾ ਵੱਲੋਂ ਸੰਸਾਰ ਭਰ ਵਿੱਚ ਮਨੁੱਖੀ ਹੱਕਾਂ ਬਾਰੇ ਮਸਲੇ ਵੱਖ ਵੱਖ ਪੱਧਰ 'ਤੇ ਸਰਕਾਰਾਂ ਕੋਲ ਉਠਾਏ ਜਾਂਦੇ ਹਨ ਤਾਂ ਜੋ ਸਰਕਾਰ ਕੋਲੋਂ ਆਪਣੀ ਖੋਜ, ਮੁਹਿੰਮ ਤੇ ਹੋਰ ਮਾਮਲਿਆਂ 'ਤੇ ਮਦਦ ਲਈ ਜਾ ਸਕੇ। ਅਮਨੈਸਟੀ ਦੀ ਪੁਰਾਣੀ ਰਿਪੋਰਟ ਤੋਂ ਪਤਾ ਲੱਗਦਾ ਹੈ ਕਿ ਉਹ ਪਹਿਲਾਂ ਵੀ ਭਾਰਤ ਸਬੰਧੀ ਮਾਮਲਿਆਂ ਵਿੱਚ ਲਾਬਿੰਗ ਕਰਦੀ ਰਹੀ ਹੈ। ਅਮਨੈਸਟੀ ਇੰਟਰਨੈਸ਼ਨਲ ਇੰਡੀਆ ਦੇ ਕਾਰਜਕਾਰੀ ਨਿਰਦੇਸ਼ਕ ਅਕਾਰ ਪਟੇਲ ਨੇ ਕਿਹਾ ਕਿ ਸੰਸਥਾ ਮੰਨਦੀ ਹੈ ਕਿ ਭਾਰਤ ਅਤੇ ਅਮਰੀਕਾ ਸੰਸਾਰ ਦੇ ਸਭ ਤੋਂ ਪੁਰਾਣੇ ਅਤੇ ਵੱਡੇ ਜਮਹੂਰੀ ਦੇਸ਼ ਹਨ। ਇਸ ਲਈ ਇਨ੍ਹਾਂ ਦੇਸ਼ਾਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਸਮਾਜ ਵਿੱਚ ਮਨੁੱਖੀ ਹੱਕਾਂ ਦੇ ਘਾਣ ਵਿਰੁੱਧ ਅਤੇ ਮਨੁੱਖੀ ਹੱਕਾਂ ਦੀ ਰਾਖੀ ਕਰਨ ਵਾਲੇ ਕਾਰਕੁਨਾਂ ਦੀ ਸੁਰੱਖਿਆ ਯਕੀਨੀ ਬਣਾਈ ਜਾਵੇ। ਇਸ ਤੋਂ ਇਲਾਵਾ ਮਨੁੱਖੀ ਅਧਿਕਾਰਾਂ ਦੀ ਰਾਖੀ ਕਰਨ ਵਾਲਿਆਂ ਦੀ ਸੁਰੱਖਿਆ ਲਈ ਢੁਕਵੇਂ ਕਦਮ ਚੁੱਕੇ ਜਾਣ।

# ਪੰਥਕ ਧਿਰਾਂ ਨੇ ਬਾਦਲਾਂ ਨੂੰ ਧਾਰਮਿਕ ਖੇਤਰ 'ਚੋਂ ਵੀ ਬਾਹਰ ਕਰਨ ਦੀ ਘੜੀ ਰਣਨੀਤੀ

## *ਯੂਨਾਈਟਿਡ ਅਕਾਲੀ ਦਲ ਨੂੰ ਦਿੱਤਾ ਜਾਵੇਗਾ ਨਵਾਂ ਰੂਪ*



**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਥਕ ਧਿਰਾਂ ਨੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਨੂੰ ਵਿਧਾਨ ਸਭਾ ਚੋਣਾਂ ਵਿਚ ਮਿਲੀ ਭਰੀ ਹਾਰ ਤੋਂ ਬਾਅਦ ਹੁਣ ਉਸ ਨੂੰ ਧਾਰਮਿਕ ਖੇਤਰ ਵਿਚੋਂ ਵੀ ਕੱਢਣ ਦੀ ਰਣਨੀਤੀ ਬਣਾਈ ਹੈ। ਇਸ ਦੇ ਨਾਲ ਹੀ ਪੰਥਕ ਧਿਰਾਂ ਨੇ ਨਗਰ ਨਿਗਮ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸਜੀਪੀਸੀ) ਦੀਆਂ ਚੋਣਾਂ ਲੜਨ ਦਾ ਐਲਾਨ ਵੀ ਕੀਤਾ ਹੈ। ਯੂਨਾਈਟਿਡ ਅਕਾਲੀ ਦਲ ਨੂੰ ਅਗਲੇ 10 ਦਿਨਾਂ ਵਿਚ ਨਵਾਂ ਰੰਗਰੂਪ ਦੇਣ ਦਾ ਫੈਸਲਾ ਕੀਤਾ ਗਿਆ ਹੈ, ਜਿਸ ਵਿਚ ਵਿਆਪਕ ਪੱਧਰ 'ਤੇ ਨਵੀਆਂ ਨਿਯੁਕਤੀਆਂ ਕਰਨ ਦੇ ਸੰਕੇਤ ਮਿਲੇ ਹਨ। ਯੂਨਾਈਟਿਡ ਐਕਸ ਸਰਵਿਸਮੈਨ ਫਰੰਟ ਦੇ ਪ੍ਰਧਾਨ ਕੈਪਟਨ ਚੰਨਣ ਸਿੰਘ ਸਿੱਧੂ ਨੇ ਫਰੰਟ ਨੂੰ ਯੂਨਾਈਟਿਡ ਅਕਾਲੀ ਦਲ ਵਿਚ ਮਰਜ ਕਰਨ ਦਾ ਐਲਾਨ ਕੀਤਾ। ਦੂਜੇ ਪਾਸੇ ਕੈਪਟਨ ਸਿੱਧੂ ਨੂੰ ਯੂਨਾਈਟਿਡ ਅਕਾਲੀ ਦਲ ਦਾ ਸਕੱਤਰ ਜਨਰਲ ਨਿਯੁਕਤ ਕੀਤਾ ਗਿਆ ਹੈ। ਯੂਨਾਈਟਿਡ ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ ਗੁਰਨਾਮ ਸਿੰਘ ਸਿੱਧੂ, ਮੀਤ ਪ੍ਰਧਾਨ ਜਸਵਿੰਦਰ ਸਿੰਘ ਬਰਾੜ ਅਤੇ ਨਵ-ਨਿਯੁਕਤ ਸਕੱਤਰ ਜਨਰਲ ਕੈਪਟਨ ਚੰਨਣ ਸਿੰਘ ਸਿੱਧੂ ਨੇ ਇਥੇ ਪ੍ਰੈਸ ਕਾਨਫਰੰਸ ਕਰਕੇ ਸੰਕੇਤ ਦਿੱਤੇ ਕਿ ਪਾਰਟੀ ਨੂੰ 10 ਦਿਨਾਂ ਵਿਚ ਨਵਾਂ ਰੂਪ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪਾਰਟੀ ਨੂੰ ਵਿਆਪਕ ਰੂਪ ਦੇਣ ਲਈ ਕਈ ਧਿਰਾਂ ਨਾਲ ਚਰਚਾ ਹੋ ਚੁੱਕੀ ਹੈ ਅਤੇ ਪਾਰਟੀ ਲੀਡਰਸ਼ਿਪ ਵਿਚ ਵੀ ਵੱਡੇ ਪੱਧਰ 'ਤੇ ਫੇਰਬਦਲ ਕੀਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਸਾਬਕਾ ਜਥੇਦਾਰ ਭਾਈ ਗੁਰਮੁੱਖ ਸਿੰਘ ਨੇ ਡੇਰਾ ਸਿਰਸਾ ਦੇ ਮੁਖੀ ਨੂੰ ਮੁਆਫੀ ਦਿਵਾਉਣ ਲਈ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਨਿਭਾਈ ਭੂਮਿਕਾ ਦਾ ਖੁਲਾਸਾ ਕਰਕੇ ਇਕ ਵਾਰ ਫਿਰ ਜੱਗ ਜ਼ਾਹਰ ਕਰ ਦਿੱਤਾ ਹੈ ਕਿ ਬਾਦਲਾਂ ਨੂੰ ਪੰਥ ਜਾਂ

**ਬਾਕੀ ਸਫ਼ਾ 27 'ਤੇ**

# ਬਾਦਲ ਸਰਕਾਰ ਦਾ ਬੇਅਦਬੀ ਸਬੰਧੀ ਭੇਜਿਆ ਬਿੱਲ ਮੋਦੀ ਸਰਕਾਰ ਨੇ ਮੋੜਿਆ



**ਨਵੀਂ ਦਿੱਲੀ/ਬਿਊਰੋ ਨਿਊਜ਼ :**

ਕੇਂਦਰ ਸਰਕਾਰ ਨੇ ਪੰਜਾਬ ਵਿਧਾਨ ਸਭਾ ਵੱਲੋਂ ਸਾਲ 20 16 ਵਿੱਚ ਪਾਸ ਕੀਤਾ ਉਹ ਬਿੱਲ ਵਾਪਸ ਭੇਜ ਦਿੱਤਾ ਹੈ, ਜਿਸ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਦੋਸ਼ੀਆਂ ਨੂੰ ਉਮਰ ਕੈਦ ਦੀ ਸਜ਼ਾ ਦੇਣ ਦੀ ਮੱਦ ਜੋੜੀ ਗਈ ਸੀ। ਧਾਰਮਿਕ ਗ੍ਰੰਥਾਂ ਦੀ ਬੇਅਦਬੀ ਦੇ ਦੋਸ਼ੀਆਂ ਨੂੰ ਭਾਰਤੀ ਦੰਡਾਵਲੀ ਤਹਿਤ ਤਿੰਨ ਸਾਲ ਦੀ ਸਜ਼ਾ ਦਿੱਤੀ ਜਾ ਸਕਦੀ ਹੈ, ਜਿਸ ਨੂੰ ਬਾਦਲ ਸਰਕਾਰ ਨੇ ਉਮਰ ਕੈਦ ਕਰਨ ਲਈ ਬਿੱਲ ਵਿਧਾਨ ਸਭਾ ਵਿੱਚ ਪਾਸ ਕੀਤਾ ਸੀ।

ਹੁਣ ਪੰਜਾਬ ਦੇ ਗ੍ਰਹਿ ਵਿਭਾਗ ਨੇ ਇਹ ਬਿੱਲ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਦਫ਼ਤਰ ਭੇਜਿਆ ਹੈ ਅਤੇ ਅੱਗੋਂ ਮੁੱਖ ਮੰਤਰੀ ਨਾਲ ਚਰਚਾ ਕੀਤੀ ਜਾਵੇਗੀ। ਇਹ ਬਿੱਲ ਮੋੜਦੇ ਹੋਏ ਕੇਂਦਰ ਨੇ ਕਿਹਾ ਕਿ ਸਾਰੇ ਧਰਮਾਂ ਨੂੰ ਬਰਾਬਰੀ ਦੇ ਆਧਾਰ 'ਤੇ ਸਨਮਾਨ ਦਿੱਤਾ ਜਾਂਦਾ ਹੈ। ਇਸ ਲਈ ਆਈਪੀਸੀ ਵਿੱਚ ਕਿਸੇ ਧਰਮ ਵਿਸ਼ੇਸ਼ ਲਈ ਇਕ ਵਰਗ, ਧਾਰਾ ਸ਼ਾਮਲ ਕਰਨਾ ਸੰਭਵ ਨਹੀਂ ਹੈ। ਸੂਤਰਾਂ ਮੁਤਾਬਕ ਇਸ ਬਿੱਲ ਨੂੰ ਮੋੜਨ ਵੇਲੇ ਕੇਂਦਰ ਸਰਕਾਰ ਨੇ ਧਰਮ ਨਿਰਪੱਖਤਾ ਤੇ ਧਰਮ ਨਾਲ ਸਬੰਧਤ ਮੱਦਾਂ ਲਈ ਆਪਣੀ ਸਥਿਤੀ ਐਸ.ਆਰ. ਬੋਮੱਈ ਬਨਾਮ ਭਾਰਤ ਸਰਕਾਰ ਦੇ ਮਾਮਲੇ ਨਾਲ ਸਪਸ਼ਟ ਕੀਤੀ। ਕੇਂਦਰ ਨੇ ਸੂਬਾ ਸਰਕਾਰ ਨੂੰ ਕਿਹਾ ਕਿ ਇਸ ਬਿੱਲ ਨੂੰ ਵਾਪਸ ਲਿਆ ਜਾਵੇ ਜਾਂ ਜੇ ਇਸ ਨੂੰ ਮੁੜ ਵਿਚਾਰਨਾ ਹੈ ਤਾਂ ਪ੍ਰਸਤਾਵਤ ਤਬਦੀਲੀ ਵਿੱਚ ਸਾਰੇ ਧਰਮ ਸ਼ਾਮਲ ਕੀਤੇ ਜਾਣ।

ਕੇਂਦਰ ਸਰਕਾਰ ਨੇ 16 ਮਾਰਚ 2017 ਨੂੰ ਉਸ ਦਿਨ ਬਿੱਲ ਵਾਪਸ ਭੇਜਿਆ ਸੀ, ਜਦੋਂ ਕੈਪਟਨ ਅਮਰਿੰਦਰ ਸਿੰਘ ਨੇ ਮੁੱਖ ਮੰਤਰੀ ਵਜੋਂ ਸਹੁੰ ਚੁੱਕੀ ਸੀ। ਬਾਦਲ ਸਰਕਾਰ ਵੱਲੋਂ ਕੇਂਦਰ ਨੂੰ ਭੇਜੇ ਇਸ ਬਿੱਲ ਵਿੱਚ ਧਾਰਾ 295ਏਏ ਤੇ 295ਏ ਤਹਿਤ ਸਜ਼ਾਵਾਂ ਵਧਾਉਣ ਦੀ ਮੱਦ ਜੋੜੀ ਗਈ ਸੀ। ਇਹ ਬਿੱਲ ਤਤਕਾਲੀ ਅਕਾਲੀ-ਭਾਜਪਾ ਸਰਕਾਰ ਨੇ 21 ਮਾਰਚ 2016 ਨੂੰ ਪਾਸ ਕੀਤਾ ਸੀ।



# ਬਾਦਲਾਂ ’ਤੇ ਉਂਗਲੀ ਚੁੱਕਣ ਦੀ ਸਜ਼ਾ

**• ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨ ਗੁਰਮੁਖ ਸਿੰਘ ਫਾਰਗ • ਸ਼੍ਰੋਮਣੀ ਕਮੇਟੀ ਨੇ ਹਰਪ੍ਰੀਤ ਸਿੰਘ ਨੂੰ ਨਿਯੁਕਤ ਕੀਤਾ ਕਾਰਜਕਾਰੀ ਜਥੇਦਾਰ**

**ਫਤਹਿਗੜ੍ਹ ਸਾਹਿਬ/ਬਿਊਰੋ ਨਿਊਜ਼ :** ਬਾਦਲ ਪਰਿਵਾਰ ਦੇ ਖ਼ਿਲਾਫ਼ ਬੋਲਣ ਵਾਲੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਗੁਰਮੁਖ ਸਿੰਘ ਨੂੰ ਆਖ਼ਰ ‘ਸਜ਼ਾ’ ਮਿਲ ਗਈ ਹੈ। ਇੱਥੇ ਗੁਰਦੁਆਰਾ ਸ੍ਰੀ ਫਤਹਿਗੜ੍ਹ ਸਾਹਿਬ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਵਿੱਚ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਗੁਰਮੁਖ ਸਿੰਘ ਨੂੰ ਜਥੇਦਾਰੀ ਤੋਂ ਫ਼ਾਰਗ ਕਰ ਦਿੱਤਾ ਗਿਆ। ਇਸ ਤੋਂ ਇਲਾਵਾ ਉਨ੍ਹਾਂ ਦੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੈੱਡ ਗ੍ਰੰਥੀ ਤੋਂ ਹੈੱਡ ਗ੍ਰੰਥੀ ਗੁਰਦੁਆਰਾ ਸ੍ਰੀ ਧਮਧਾਨ ਸਾਹਿਬ, ਜੀਂਦ (ਹਰਿਆਣਾ) ਵਿੱਚ ਬਦਲੀ ਕਰ ਦਿੱਤੀ ਗਈ। ਉਨ੍ਹਾਂ ਦੀ ਥਾਂ ਮੁਕਤਸਰ ਸਾਹਿਬ ਦੇ ਗੁਰਦੁਆਰਾ ਸ੍ਰੀ ਟੁੱਟੀ ਗੰਢੀ ਸਾਹਿਬ ਦੇ ਹੈੱਡ ਗ੍ਰੰਥੀ ਭਾਈ ਹਰਪ੍ਰੀਤ ਸਿੰਘ ਨੂੰ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਕਾਰਜਕਾਰੀ ਜਥੇਦਾਰ ਦਾ ਵਾਧੂ ਚਾਰਜ ਦਿੱਤਾ ਗਿਆ ਹੈ। ਗੁਰਦੁਆਰਾ ਬਾਬਾ ਦੀਪ ਸਿੰਘ ਸ਼ਹੀਦ ਦੇ ਹੈੱਡ ਗ੍ਰੰਥੀ ਭਾਈ ਮਲਕੀਤ ਸਿੰਘ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਹੈੱਡ ਗ੍ਰੰਥੀ ਲਾਇਆ ਗਿਆ ਹੈ। ਇੱਥੇ ਮੀਟਿੰਗ ਤੋਂ ਬਾਅਦ ਸ਼੍ਰੋਮਣੀ ਕਮੇਟੀ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਕਿਹਾ ਕਿ ਇਹ ਫ਼ੈਸਲੇ ਸਰਬਸੰਮਤੀ ਨਾਲ ਲਏ ਗਏ ਹਨ। ਉਨ੍ਹਾਂ ਗਿਆਨੀ ਗੁਰਮੁਖ ਸਿੰਘ ਉਪਰ ਅਨੁਸ਼ਾਸਨਹੀਣਤਾ ਦੇ ਦੋਸ਼ ਲਾਉਂਦਿਆਂ ਕਿਹਾ ਕਿ ਸਿੰਘ ਸਾਹਿਬਾਨ ਕਈ ਵਾਰ ਕਮੇਟੀ ਦੀਆਂ ਸੱਦੀਆਂ ਮੀਟਿੰਗਾਂ ਵਿੱਚ ਹਾਜ਼ਰ ਨਹੀਂ ਹੋਏ। ਉਨ੍ਹਾਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਾਣ-ਮਰਿਆਦਾ ਦਾ ਖ਼ਿਆਲ ਨਹੀਂ ਰੱਖਿਆ। ਉਨ੍ਹਾਂ ਕਿਹਾ ਕਿ ਸਿੰਘ ਸਾਹਿਬਾਨ ਦਾ ਰੁਤਬਾ ਵੱਡਾ ਹੁੰਦਾ ਹੈ ਪਰ ਜਥੇਦਾਰ ਗੁਰਮੁਖ ਸਿੰਘ ਕਿਸੇ ਵੀ ਮਾਮਲੇ ਉਪਰ ਬੱਚਿਆਂ ਵਾਂਗ ਜ਼ਿੱਦ ਕਰਦੇ ਸਨ।

ਜ਼ਿਕਰਯੋਗ ਹੈ ਕਿ ਡੇਰਾ ਸਿਰਸਾ ਮੁਖੀ ਨੂੰ ਦਿੱਤੀ ਮੁਆਫ਼ੀ ਬਾਰੇ ਗਿਆਨੀ ਗੁਰਮੁਖ ਸਿੰਘ ਖੁੱਲ੍ਹ ਕੇ ਬਾਦਲ ਪਰਿਵਾਰ ਅਤੇ ਹੋਰ ਆਗੂਆਂ ਬਾਰੇ ਬੋਲੇ ਸਨ। ਉਨ੍ਹਾਂ ਬੀਤੇ ਦਿਨ ਸੱਦੀ ਪੰਜ ਸਿੰਘ ਸਾਹਿਬਾਨ ਦੀ ਮੀਟਿੰਗ ਦਾ ਵੀ ਬਾਈਕਾਟ ਕੀਤਾ ਸੀ। 12 ਜਨਵਰੀ 2015 ਨੂੰ ਫਤਹਿਗੜ੍ਹ ਸਾਹਿਬ ਵਿੱਚ ਹੋਈ ਸ਼੍ਰੋਮਣੀ ਕਮੇਟੀ ਕਾਰਜਕਾਰਨੀ ਨੇ ਜਦੋਂ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਤਤਕਾਲੀ ਜਥੇਦਾਰ ਗਿਆਨੀ ਬਲਵੰਤ ਸਿੰਘ ਨੰਦਗੜ੍ਹ ਨੂੰ ਬੇਬਾਕ ਵਿਚਾਰਾਂ ਕਾਰਨ ਜਥੇਦਾਰੀ ਤੋਂ ਮੁਕਤ ਕੀਤਾ ਤਾਂ ਗਿਆਨੀ ਗੁਰਮੁਖ ਸਿੰਘ ਨੂੰ ਤਖ਼ਤ ਸਾਹਿਬ ਦਾ ਕਾਰਜਕਾਰੀ ਜਥੇਦਾਰ ਲਾਇਆ ਗਿਆ ਸੀ। ਕਾਰਜਕਾਰੀ ਜਥੇਦਾਰੀ ਦੇ ਮਹਿਜ਼ ਅੱਠ ਮਹੀਨੇ ਬਾਅਦ ਹੀ ਡੇਰਾ ਸਿਰਸਾ ਮੁਖੀ ਨੂੰ ਦਿੱਤੀ ਮੁਆਫ਼ੀ ਦੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਲਏ ਫ਼ੈਸਲੇ ਕਾਰਨ ਉਹ ਚਰਚਾ ਵਿੱਚ ਆਏ ਸਨ। ਇਹ ਵੀ ਇਤਫ਼ਾਕ ਹੀ ਹੈ ਕਿ ਕਾਰਜਕਾਰੀ ਜਥੇਦਾਰ ਵਜੋਂ ਉਨ੍ਹਾਂ ਦੀ ਨਿਯੁਕਤੀ (12 ਜਨਵਰੀ 2015) ਅਤੇ ਫ਼ਾਰਗ ਕੀਤੇ ਜਾਣ (21 ਅਪ੍ਰੈਲ 2017) ਦੇ ਦੋਵੇਂ ਫ਼ੈਸਲੇ ਫਤਹਿਗੜ੍ਹ ਸਾਹਿਬ ਵਿਖੇ ਹੋਈਆਂ ਮੀਟਿੰਗਾਂ ਵਿੱਚ ਲਏ ਗਏ।



## ਪੀਐਚ ਡੀ ਦੇ ਵਿਦਿਆਰਥੀ ਹਨ ਭਾਈ ਹਰਪ੍ਰੀਤ ਸਿੰਘ

*ਸ੍ਰੀ ਮੁਕਤਸਰ ਸਾਹਿਬ : ਤਖ਼ਤ ਸ੍ਰੀ ਦਮਦਮਾ ਸਾਹਿਬ ਦੀ ਕਾਰਜਕਾਰੀ ਜਥੇਦਾਰੀ ਦਾ ਵਾਧੂ ਭਾਰ ਸੰਭਾਲਣ ਜਾ ਰਹੇ ਭਾਈ ਹਰਪ੍ਰੀਤ ਸਿੰਘ, ਸ੍ਰੀ ਮੁਕਤਸਰ ਸਾਹਿਬ ਦੇ ਗੁਰਦੁਆਰਾ ਸ੍ਰੀ ਟੁੱਟੀ ਗੰਢੀ ਸਾਹਿਬ ਵਿਖੇ 1999 ਤੋਂ ਮੁੱਖ ਗ੍ਰੰਥੀ ਦੀ ਜ਼ਿੰਮੇਵਾਰੀ ਨਿਭਾਉਣ ਦੇ*



*ਨਾਲ ਨਾਲ ਅਕਾਦਮਿਕ ਪੱਖੋਂ ਵੀ ਉੱਚ ਯੋਗਤਾ ਪ੍ਰਾਪਤ ਹਨ। ਉਹ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਕੁਰਾਨ ਸ਼ਰੀਫ ਦੇ ਧਾਰਮਿਕ ਸੰਸਕਾਰਾਂ ਸਬੰਧੀ ਪੀਐਚਡੀ ਕਰ ਰਹੇ ਹਨ। ਉਨ੍ਹਾਂ ਇਸ ਤੋਂ ਪਹਿਲਾਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਧਰਮ ਸ਼ਾਸਤਰ ਵਿੱਚ ਐਮਏ ਤੇ ਡਿਪਲੋਮਾ ਕੀਤਾ ਹੋਇਆ ਹੈ।*

## ਗਿਆਨੀ ਗੁਰਮੁਖ ਸਿੰਘ ਬੋਲੇ-ਬਾਦਲਾਂ ਦੇ ਇਸ਼ਾਰੇ ’ਤੇ ਹੋਈ ਕਾਰਵਾਈ

**ਅੰਮ੍ਰਿਤਸਰ :** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਵੱਲੋਂ ਤਖ਼ਤ ਸ੍ਰੀ ਦਮਦਮਾ ਸਾਹਿਬ ਦੀ ਜਥੇਦਾਰੀ ਤੋਂ ਹਟਾਉਣ ਦੇ ਫੈਸਲੇ ਬਾਰੇ ਭਾਈ ਗੁਰਮੁਖ ਸਿੰਘ ਨੇ ਬਾਦਲ ਪਰਿਵਾਰ ’ਤੇ ਸਿੱਧਾ ਦੋਸ਼ ਲਾਇਆ ਹੈ ਕਿ ਉਨ੍ਹਾਂ ਦੇ ਇਸ਼ਾਰੇ ’ਤੇ ਇਹ ਕਾਰਵਾਈ ਹੋਈ ਹੈ। ਉਨ੍ਹਾਂ ਕਿਹਾ ਕਿ ਇਕ ਸਾਧਾਰਨ ਆਦਮੀ ਗੜਲਤੀ ਕਰਦਾ ਹੈ ਤਾਂ ਉਸ ਦੀ ਪੜਤਾਲ ਹੁੰਦੀ ਹੈ। ਮੈਂ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਹੈੱਡਗ੍ਰੰਥੀ ਰਹਿ ਚੁੱਕਾ ਹਾਂ ਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਦਾ ਜਥੇਥਾਰ ਵੀ। ਬਾਵਜੂਦ ਇਸ ਦੇ ਮੇਰੇ ਖ਼ਿਲਾਫ਼ ਬਿਨਾਂ ਕਿਸੇ ਜਾਂਚ-ਪੜਤਾਲ ਦੇ ਇਹ ਕਾਰਵਾਈ ਕੀਤੀ ਗਈ। 2015 ਵਿਚ ਜਦੋਂ ਅਕਸ਼ੈ ਕੁਮਾਰ ਦੇ ਘਰੋਂ ਚਿੱਠੀ ਲਿਆਉਣ ਵਿਚ ਮੇਰਾ ਨਾਂ ਜੁੜ ਰਿਹਾ ਹੈ, ਉਦੋਂ ਤੋਂ ਮੈਂ ਮਾਨਸਿਕ ਤੌਰ ’ਤੇ ਪੀੜ ਸਹਿ ਰਿਹਾ ਹਾਂ। 16 ਸਤੰਬਰ ਨੂੰ ਮੈਨੂੰ ਗੱਡੀ ਵਿਚ ਬਿਠਾ ਕੇ ਬਾਦਲ ਦੇ ਘਰ ਲਿਜਾਇਆ ਗਿਆ ਸੀ। ਉਥੇ ਮੇਰੇ ’ਤੇ ਦਬਾਅ ਬਣਾਇਆ ਗਿਆ ਪਰ ਮੈਂ ਕੌਮ ਦੇ ਪੱਖ ਵਿਚ ਰਿਹਾ, ਬਾਦਲਾਂ ਦੇ ਨਹੀਂ। ਇਸ ਲਈ ਮੇਰਾ ਨਾਂ ਚਿੱਠੀ ਰਾਹੀਂ ਬਦਨਾਮ ਕੀਤਾ ਗਿਆ। ਮੈਂ ਗਿਆਨੀ ਗੁਰਬਚਨ ਸਿੰਘ ਤੇ ਸੁਖਬੀਰ ਸਿੰਘ ਬਾਦਲ ਨੂੰ ਵਾਰ ਵਾਰ ਕਿਹਾ ਕਿ ਚਿੱਠੀ ਲਿਆਉਣ ਵਾਲੇ ਦਾ ਨਾਂ ਜ਼ਾਹਰ ਕੀਤਾ ਜਾਵੇ, ਪਰ ਮੇਰੀ ਗੱਲ ਨਹੀਂ ਸੁਣੀ ਗਈ। ਜੇਕਰ ਸ਼੍ਰੋਮਣੀ ਕਮੇਟੀ ਪ੍ਰਦਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਅਤੇ ਗੁਰਬਚਨ ਸਿੰਘ ਵਿਚ ਥੋੜੀ ਜਿਹੀ ਵੀ ਮਰਿਆਦਾ ਬਚੀ ਹੈ ਤਾਂ ਦਿਲ ’ਤੇ ਹੱਥ ਰੱਖ ਕੇ ਦੱਸਣ ਕਿ ਚਿੱਠੀ ਕੌਣ ਲੈ ਕੇ ਆਇਆ ਸੀ। (ਇਹ ਚਿੱਠੀ ਡੇਰਾਮੁਖੀ ਦੇ ਮੁਆਫ਼ੀ ਨਾਮੇ ਨੂੰ ਲੈ ਕੇ ਸੀ। ਇਸ ਵਿਚ ਹਾਲੇ ਸਾਫ਼ ਨਹੀਂ ਹੋ ਸਕਿਆ ਹੈ ਕਿ ਇਸ ਨੂੰ ਲੈ ਕੇ ਕੌਣ ਆਇਆ ਸੀ।)

ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਬੀਤੇ ਦਿਨ 17 ਅਪ੍ਰੈਲ ਨੂੰ ਜਦੋਂ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਹੋਈ ਸੀ ਤਾਂ ਭਾਈ ਗੁਰਮੁਖ ਸਿੰਘ ਇਸ ਇਕੱਤਰਤਾ ਵਿੱਚ ਸ਼ਾਮਲ ਨਹੀਂ ਹੋਏ ਸਨ। ਉਨ੍ਹਾਂ ਇਕ ਪੱਤਰਕਾਰ ਸੰਮੇਲਨ ਵਿੱਚ ਦੋਸ਼ ਲਾਇਆ ਸੀ ਕਿ ਡੇਰਾ ਸਿਰਸਾ ਦੇ ਮੁਖੀ ਨੂੰ ਮੁਆਫ਼ੀ ਦੇਣ ਦਾ ਫੈਸਲਾ ਸਿਆਸੀ ਪ੍ਰਭਾਵ ਹੇਠ ਕੀਤਾ ਗਿਆ ਸੀ। ਉਨ੍ਹਾਂ ਦੋਸ਼ ਲਾਇਆ ਸੀ ਕਿ ਸ੍ਰੀ ਅਕਾਲ ਤਖ਼ਤ ਤੋਂ ਕਈ ਫੈਸਲੇ ਸਿਆਸੀ ਪ੍ਰਭਾਵ ਹੇਠ ਕੀਤੇ ਜਾਂਦੇ ਹਨ। ਦੂਜੇ ਪਾਸੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਇਨ੍ਹਾਂ ਦੋਸ਼ਾਂ ਦਾ ਖੰਡਨ ਕੀਤਾ ਸੀ। ਇਨ੍ਹਾਂ ਦੋਸ਼ਾਂ ਸਬੰਧੀ ਪੁੱਛਿਆ ਤਾਂ ਉਨ੍ਹਾਂ ਇਸ ਮਾਮਲੇ ਉਤੇ ਕੋਈ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ।

## ਦਮਦਮਾ ਸਾਹਿਬ ਦੇ ਬਹੁਤੇ ਜਥੇਦਾਰ ਵਿਵਾਦਾਂ ਵਿੱਚ ਹੀ ਰਹੇ

**ਬਠਿੰਡਾ/ ਚਰਨਜੀਤ ਭੁੱਲਰ :** ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਕਿਸੇ ਨਾ ਕਿਸੇ ਰੂਪ ਵਿੱਚ ਵਿਵਾਦਾਂ ਵਿੱਚ ਹੀ ਘਿਰੇ ਰਹੇ ਹਨ। ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਵੱਲੋਂ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਗੁਰਮੁਖ ਸਿੰਘ ਦੀ ਛੁੱਟੀ ਕਰ ਦਿੱਤੀ ਗਈ।

ਗਿਆਨੀ ਗੁਰਮੁਖ ਸਿੰਘ ਨੂੰ ਜਨਵਰੀ 2015 ਵਿੱਚ ਕਾਰਜਕਾਰੀ ਜਥੇਦਾਰ ਲਾਇਆ ਗਿਆ ਸੀ। ਡੇਰਾ ਸਿਰਸਾ ਦੇ ਮੁਖੀ ਨੂੰ ਮੁਆਫ਼ੀ ਦੇਣ ਦੇ ਮਾਮਲੇ ਤੋਂ ਜਥੇਦਾਰ ਨੇ ਹੁਣ ਅਕਾਲੀ ਲੀਡਰਸ਼ਿਪ ਖ਼ਿਲਾਫ਼ ਬਾਗ਼ੀ ਰੁਖ਼ ਅਖਤਿਆਰ ਕਰ ਲਿਆ ਸੀ। ਚੋਣਾਂ ਤੋਂ ਪਹਿਲਾਂ ਉਨ੍ਹਾਂ ਡੇਰਾ ਸਿਰਸਾ ਗਏ ਸਿਆਸਤਦਾਨਾਂ ਦੇ ਮਾਮਲੇ ’ਤੇ ਸ਼੍ਰੋਮਣੀ ਅਕਾਲੀ ਦਲ ਨੂੰ ਕਟਹਿਰੇ ਵਿੱਚ ਖੜ੍ਹਾ ਕੀਤਾ ਸੀ। ਤਿੰਨ ਦਿਨ ਪਹਿਲਾਂ ਉਨ੍ਹਾਂ ਪੰਜ ਸਿੰਘ ਸਾਹਿਬਾਨ ਦੀ ਮੀਟਿੰਗ ਦਾ ਬਾਈਕਾਟ ਕਰ ਦਿੱਤਾ ਸੀ। ਅਖੀਰ ਅੰਤ੍ਰਿੰਗ ਕਮੇਟੀ ਨੇ ਹੁਣ ਉਨ੍ਹਾਂ ਨੂੰ ਜਥੇਦਾਰੀ ਤੋਂ ਲਾਂਭੇ ਕਰ ਦਿੱਤਾ। ਉਨ੍ਹਾਂ ਤੋਂ ਪਹਿਲੇ ਜਥੇਦਾਰ ਗਿਆਨੀ ਬਲਵੰਤ ਸਿੰਘ ਨੰਦਗੜ੍ਹ ਨੂੰ ਵੀ 17 ਜਨਵਰੀ 2015 ਨੂੰ ਜਥੇਦਾਰੀ ਤੋਂ ਹਟਾਇਆ ਗਿਆ ਸੀ। ਸ੍ਰੀ ਨੰਦਗੜ੍ਹ ਨੇ ਸਾਲ 2002 ਵਿੱਚ ਜਥੇਦਾਰੀ ਸੰਭਾਲੀ ਸੀ। ਉਨ੍ਹਾਂ ਵੱਲੋਂ ਸੋਧੇ ਹੋਏ ਨਾਨਕਸ਼ਾਹੀ ਕੈਲੰਡਰ ਦੇ ਮਾਮਲੇ ਉਤੇ ਲਏ ਸਟੈਂਡ ਮਗਰੋਂ ਬਖੇੜਾ ਖੜ੍ਹਾ ਹੋ ਗਿਆ ਸੀ। ਉਨ੍ਹਾਂ ਡੇਰਾ ਸਿਰਸਾ ਮੁਖੀ ਖ਼ਿਲਾਫ਼ ਵੀ ਸਖ਼ਤ ਸਟੈਂਡ ਲਿਆ ਸੀ। ਸ਼੍ਰੋਮਣੀ ਕਮੇਟੀ ਨੇ ਅਖੀਰ ਉਨ੍ਹਾਂ ਨੂੰ ਵੀ ਜਥੇਦਾਰੀ ਤੋਂ ਹਟਾ ਦਿੱਤਾ ਸੀ।

ਨੰਦਗੜ੍ਹ ਤੋਂ ਪਹਿਲੇ ਜਥੇਦਾਰ ਗਿਆਨੀ ਕੇਵਲ ਸਿੰਘ ਆਪਣੇ ਪਰਿਵਾਰਕ ਮਾਮਲੇ ਵਿੱਚ ਉਲਝਣ ਕਰ ਕੇ ਅਸਤੀਫ਼ਾ ਦੇ ਗਏ ਸਨ। ਉਨ੍ਹਾਂ ਦੇ ਅਸਤੀਫ਼ੇ ਮਗਰੋਂ ਪ੍ਰੋ. ਮਨਜੀਤ ਸਿੰਘ ਨੂੰ ਵਾਧੂ ਚਾਰਜ ਦਿੱਤਾ ਗਿਆ ਸੀ ਅਤੇ ਉਸ ਮਗਰੋਂ ਜਥੇਦਾਰ ਨੰਦਗੜ੍ਹ ਨੂੰ ਤਾਇਨਾਤ ਕੀਤਾ ਗਿਆ ਸੀ। ਸੂਤਰ ਆਖਦੇ ਹਨ ਕਿ ਦਮਦਮਾ ਸਾਹਿਬ ਦੇ ਜਥੇਦਾਰ ਵਿਵਾਦਤ ਹੀ ਰਹੇ ਹਨ। ਸ਼੍ਰੋਮਣੀ ਕਮੇਟੀ ਮੈਂਬਰ ਮੋਹਨ ਸਿੰਘ ਬੰਗੀ ਦਾ ਕਹਿਣਾ ਹੈ ਕਿ ਗਿਆਨੀ ਗੁਰਮੁਖ ਸਿੰਘ ਡੇਰਾ ਸਿਰਸਾ ਦੇ ਮੁਖੀ ਦੇ ਮੁਆਫ਼ੀ ਦੇ ਮਾਮਲੇ ਉਤੇ ਪਹਿਲਾਂ ਕਿਉਂ ਚੁੱਪ ਰਹੇ। ਸਿੱਖ ਵਿਦਵਾਨ ਪ੍ਰਿੰਸੀਪਲ ਅਮਰਜੀਤ ਸਿੰਘ ਨੇ ਕਿਹਾ ਕਿ ਪੰਥਕ ਮੁੱਦਿਆਂ ’ਤੇ ਤਖ਼ਤ ਦਮਦਮਾ ਸਾਹਿਬ ਦੀ ਭੂਮਿਕਾ ਪੰਥ ਹਿਤੈਸ਼ੀ ਰਹੀ ਹੈ ਅਤੇ ਇੱਥੋਂ ਵੱਡੇ ਵੱਡੇ ਫੈਸਲੇ ਹੁੰਦੇ ਰਹੇ ਹਨ। ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰਾਂ ਦੀ ਸੁਰ ਵੱਖਰੀ ਰਹੀ ਹੈ, ਜੋ ਮੌਕੇ ’ਤੇ ਕਾਬਜ਼ ਧਿਰ ਨੂੰ ਪ੍ਰਵਾਨ ਨਹੀਂ ਹੁੰਦੀ, ਜਿਸ ਕਰ ਕੇ ਜਥੇਦਾਰ ਤਬਦੀਲ ਕੀਤੇ ਜਾਂਦੇ ਰਹੇ ਹਨ।

## ਮੁਤਵਾਜ਼ੀ ਜਥੇਦਾਰਾਂ ਨੇ ਝੀਂਡਾ, ਨਲਵੀ ਤੇ ਚੱਠਾ ਨੂੰ ਪੰਥ ’ਚੋਂ ਛੇਕਣ ਸਬੰਧੀ ਹੁਕਮਨਾਮਾ ਰੱਦ ਕੀਤਾ

### *ਡੇਰਾ ਸਿਰਸਾ ਜਾਣ ਵਾਲੇ ਸਿਆਸੀ ਆਗੂਆਂ ਬਾਰੇ ਫੈਸਲਾ 8 ਮਈ ਨੂੰ*

**ਅੰਮ੍ਰਿਤਸਰ/ਬਿਊਰੋ ਨਿਊਜ਼ :** ਸਰਬੱਤ ਖਾਲਸਾ ਦੁਆਰਾ ਥਾਪੇ ਮੁਤਵਾਜ਼ੀ ਜਥੇਦਾਰਾਂ ਵੱਲੋਂ ਵਿਧਾਨ ਸਭਾ ਚੋਣਾਂ ਦੌਰਾਨ ਵੋਟਾਂ ਖਾਤਰ ਡੇਰਾ ਸਿਰਸਾ ਜਾਣ ਵਾਲੇ ਸਿਆਸੀ ਆਗੂਆਂ ਬਾਰੇ ਫੈਸਲਾ 8 ਮਈ ਨੂੰ ਸੁਣਾਏ ਜਾਣ ਦਾ ਐਲਾਨ ਕੀਤਾ ਗਿਆ ਹੈ। ਸ੍ਰੀ ਅਕਾਲ ਤਖਤ ਸਾਹਿਬ ਵਿਖੇ ਹੋਈ ਇਕੱਤਰਤਾ ਵਿਚ ਸ੍ਰੀ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਭਾਈ ਧਿਆਨ ਸਿੰਘ ਮੰਡ, ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਭਾਈ ਅਮਰੀਕ ਸਿੰਘ ਅਜਨਾਲਾ, ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਭਾਈ ਬਲਜੀਤ ਸਿੰਘ ਦਾਦੂਵਾਲ, ਭਾਈ ਜਗਮੀਤ ਸਿੰਘ ਅਤੇ ਭਾਈ ਮੇਜਰ ਸਿੰਘ ਸ਼ਾਮਲ ਸਨ। ਉਨ੍ਹਾਂ ਕਿਹਾ ਕਿ ਅਜੇ ਤੱਕ ਉਨ੍ਹਾਂ ਨਾਲ ਕਿਸੇ ਵੀ ਸਬੰਧਤ ਸਿਆਸੀ ਆਗੂ ਨੇ ਸਪਸ਼ਟੀਕਰਨ ਲਈ ਸੰਪਰਕ ਨਹੀਂ ਕੀਤਾ। ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਗੂ ਜਗਦੀਸ਼ ਸਿੰਘ ਝੀਂਡਾ ਵੱਲੋਂ ਦਿੱਤੀ ਦਰਖਾਸਤ ਅਤੇ ਸਪਸ਼ਟੀਕਰਨ ’ਤੇ ਵਿਚਾਰ ਕਰਦਿਆਂ ਜਥੇਦਾਰਾਂ ਨੇ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਜਾਰੀ 16 ਜੁਲਾਈ, 2014 ਦਾ ਉਹ ਹੁਕਮਨਾਮਾ ਹੀ ਰੱਦ ਕਰਨ ਦਾ ਐਲਾਨ ਕੀਤਾ, ਜਿਸ ਤਹਿਤ ਹਰਿਆਣਾ ਦੇ ਸਿੱਖ ਆਗੂਆਂ ਸ. ਝੀਂਡਾ, ਹਰਮੋਹਿੰਦਰ ਸਿੰਘ ਚੱਠਾ ਅਤੇ ਦੀਦਾਰ ਸਿੰਘ ਨਲਵੀ ਨੂੰ ਪੰਥ ਵਿਚੋਂ ਛੇਕ ਦਿੱਤਾ ਗਿਆ ਸੀ। ਕਾਰਜਕਾਰੀ ਜਥੇਦਾਰ ਧਿਆਨ ਸਿੰਘ ਮੰਡ ਨੇ ਕਿਹਾ ਕਿ ਜਥੇਦਾਰ ਝੀਂਡਾ ਲੰਬੇ ਸਮੇਂ ਤੋਂ ਵੱਖਰੀ ਹਰਿਆਣਾ ਗੁਰਦੁਆਰਾ ਕਮੇਟੀ ਦੀ ਸਥਾਪਨਾ ਲਈ ਸ਼ਾਂਤਮਈ ਸੰਘਰਸ਼ ਕਰ ਰਹੇ ਸਨ ਪਰ ਬਾਦਲ ਪਰਿਵਾਰ ਦੇ ਇਸ਼ਾਰਿਆਂ ’ਤੇ ਜਥੇਦਾਰਾਂ ਨੇ ਝੀਂਡਾ ਤੇ ਬਾਕੀ ਦੋ ਆਗੂਆਂ ਨੂੰ ਸਿਆਸੀ ’ਤੇ ਨਿੱਜੀ ਰੰਜਿਸ਼ ਤਹਿਤ ਪੰਥ ਵਿਚੋਂ ਹੀ ਛੇਕ ਦਿੱਤਾ।

## ਇਤਿਹਾਸਕਾਰਾਂ ਵਲੋਂ ਤੱਥਾਂ ਨੂੰ ਅੱਖੋਂ ਓਹਲੇ ਕਰ ਕੇ ਸਿੱਖਾਂ ਨੂੰ ਆਜ਼ਾਦੀ ਦੇ ਸੰਘਰਸ਼ ਵਿੱਚੋਂ ਮਨਫ਼ੀ ਕਰਨ ਦਾ ਯਤਨ

### ਸੈਮੀਨਾਰ ਦੌਰਾਨ ਸ਼੍ਰੋਮਣੀ ਕਮੇਟੀ ਵਲੋਂ ਵਫ਼ਦ ਸੈਲੂਲਰ ਜੇਲ੍ਹ ਅੰਡੇਮਾਨ ਨਿਕੋਬਾਰ ਭੇਜਣ ਦਾ ਫੈਸਲਾ

**ਚੰਡੀਗੜ੍ਹ/ਬਿਊਰੋ ਨਿਊਜ਼ :** ਆਜ਼ਾਦੀ ਅੰਦੋਲਨ ਵਿੱਚ ਸਿੱਖਾਂ ਦੇ ਯੋਗਦਾਨ ਨੂੰ ਕੁਝ ਇਤਿਹਾਸਕਾਰਾਂ ਵੱਲੋਂ ਘਟਾ ਕੇ ਪੇਸ਼ ਕਰਨ ਅਤੇ ਸਿੱਖ ਇਤਿਹਾਸ ਵਿੱਚ ਕੀਤੀਆਂ ਛੇੜਖਾੜੀਆਂ ਨੂੰ ਦਰੁਸਤ ਕਰਨ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਢੁਕਵੇਂ ਕਦਮ ਚੁੱਕਣੇ ਸ਼ੁਰੂ ਕਰ ਦਿੱਤੇ ਹਨ। ਇੱਥੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਦੱਸਿਆ ਕਿ ਕਮੇਟੀ ਦਾ ਵਫ਼ਦ ਇਸ ਹਫ਼ਤੇ ਸੈਲੂਲਰ ਜੇਲ੍ਹ ਅੰਡੇਮਾਨ ਨਿਕੋਬਾਰ ਜਾਵੇਗਾ ਅਤੇ ਉਥੇ ਸਿੱਖ ਆਜ਼ਾਦੀ ਘੁਲਾਟੀਆਂ ਵੱਲੋਂ ਕੱਟੀਆਂ ਸਜ਼ਾਵਾਂ ਸਬੰਧੀ ਅੰਕੜੇ ਇਕੱਠੇ ਕਰੇਗਾ। ਉਨ੍ਹਾਂ ਕਿਹਾ ਕਿ ਵਫ਼ਦ ਇਹ ਪਤਾ



ਕਰੇਗਾ ਕਿ ਕਿਹੜੇ ਕਿਹੜੇ ਕਾਰਨਾਂ ਕਰ ਕੇ ਜੇਲ੍ਹ ਵਿੱਚ ਪੰਜਾਬੀਆਂ ਦੇ ਨਾਵਾਂ ਨੂੰ ਲਾਂਭੇ ਕੀਤਾ ਗਿਆ ਹੈ। ਇਸ ਵਫ਼ਦ ਵਿੱਚ ਸ਼੍ਰੋਮਣੀ ਕਮੇਟੀ ਮੈਂਬਰ ਅਮਰਜੀਤ ਸਿੰਘ ਚਾਵਲਾ, ਫੈਡਰੇਸ਼ਨ ਆਗੂ ਗੁਰਚਰਨ ਸਿੰਘ, ਪੱਤਰਕਾਰ ਜਗਤਾਰ ਸਿੰਘ, ਗੁਰਦਰਸ਼ਨ ਸਿੰਘ ਬਾਹੀਆ, ਖ਼ਾਲਸਾ ਕਾਲਜ ਪਟਿਆਲਾ ਦੇ ਪ੍ਰਿੰਸੀਪਲ ਧਰਮਿੰਦਰ ਸਿੰਘ ਉੱਭਾ ਅਤੇ ਕਮੇਟੀ ਦੇ ਸਕੱਤਰ ਡਾ. ਰੂਪ ਸਿੰਘ ਸ਼ਾਮਲ ਹਨ। ਇੱਥੇ ਪੰਜਾਬ ਕਲਾ ਭਵਨ ਦੇ ਰੰਧਾਵਾ ਆਡੀਟੋਰੀਅਮ ਵਿੱਚ ‘ਅੰਡੇਮਾਨ-ਨਿਕੋਬਾਰ ਸੈਲੂਲਰ ਜੇਲ੍ਹ ਦੇ ਸੰਦਰਭ ਵਿੱਚ ਸਿੱਖਾਂ ਦਾ ਆਜ਼ਾਦੀ ਸੰਗਰਾਮ ਵਿੱਚ ਯੋਗਦਾਨ’ ਵਿਸ਼ੇ ਉੱਤੇ ਕਰਵਾਏ ਸੈਮੀਨਾਰ ਵਿੱਚ ਪ੍ਰੋ. ਬਡੂੰਗਰ ਨੇ ਕਿਹਾ ਕਿ ਅਸਲ ਵਿੱਚ ਸਿੱਖਾਂ ਨੇ ਹੀ 1849 ਵਿੱਚ ਆਜ਼ਾਦੀ ਲਈ ਪਹਿਲੀ ਲੜਾਈ ਸ਼ੁਰੂ ਕੀਤੀ ਸੀ ਅਤੇ ਇਸ ਸੰਘਰਸ਼ ਦਾ ਪਹਿਲਾ ਸ਼ਹੀਦ ਮਹਿਰਾਜ ਸਿੰਘ ਸੀ। ਉਨ੍ਹਾਂ ਕਿਹਾ ਕਿ ਇਹ ਕਹਿਣਾ ਵਾਜਬ ਨਹੀਂ ਹੈ ਕਿ ਜੰਗ-ਏ-ਆਜ਼ਾਦੀ ਦਾ ਪਹਿਲਾ ਸੰਘਰਸ਼ 1857 ਵਿੱਚ ਸ਼ੁਰੂ ਹੋਇਆ, ਸਗੋਂ ਸੰਘਰਸ਼ ਉਸ ਤੋਂ ਅੱਠ ਸਾਲ ਪਹਿਲਾਂ ਸ਼ੁਰੂ ਹੋ ਚੁੱਕਾ ਸੀ। ਉਨ੍ਹਾਂ ਦੁੱਖ ਪ੍ਰਗਟ ਕੀਤਾ ਕਿ ਇਤਿਹਾਸਕਾਰਾਂ ਨੇ ਇਨ੍ਹਾਂ ਤੱਥਾਂ ਨੂੰ ਅੱਖੋਂ ਓਹਲੇ ਕਰ ਕੇ ਸਿੱਖਾਂ ਨੂੰ ਆਜ਼ਾਦੀ ਦੇ ਸੰਘਰਸ਼ ਵਿੱਚੋਂ ਮਨਫ਼ੀ ਕਰਨ ਦਾ ਯਤਨ ਕੀਤਾ ਹੈ। ਉਨ੍ਹਾਂ ਕਿਹਾ ਕਿ ਸਿੱਖਾਂ ਦੇ ਆਜ਼ਾਦੀ ਸੰਘਰਸ਼ ਵਿੱਚ ਯੋਗਦਾਨ ਸਬੰਧੀ ਪੁਸਤਕ ਛਾਪੀ ਜਾਵੇਗੀ, ਜਿਸ ਵਿੱਚ ਆਜ਼ਾਦੀ ਘਲਾਟੀਆਂ ਬਾਰੇ ਮੁੱਢਲੀ ਜਾਣਕਾਰੀ ਹੋਵੇਗੀ।ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਤੇ ਸੰਸਦ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ ਨੇ ਕਿਹਾ ਕਿ ਸੈਲੂਲਰ ਜੇਲ੍ਹ ਦੀ ਗਾਥਾ ਵਿੱਚ ਪੰਜਾਬੀਆਂ ਤੇ ਖਾਸ ਕਰ ਕੇ ਸਿੱਖਾਂ ਦੇ ਰੋਲ ਨੂੰ ਅਣਗੌਲਿਆ ਕਰਨ ਦਾ ਮਾਮਲਾ ਪ੍ਰਧਾਨ ਮੰਤਰੀ ਅਤੇ ਸਬੰਧਤ ਮੰਤਰੀਆਂ ਤੇ ਅਧਿਕਾਰੀਆਂ ਨਾਲ ਮਿਲ ਕੇ ਹੱਲ ਕਰਾਉਣਗੇ। ਸੈਲੂਲਰ ਜੇਲ੍ਹ ਦੇ ਆਈ.ਜੀ. ਰਹੇ ਅਤੇ ਜੇਲ੍ਹ ਦੇ ਹਾਲਾਤ ਬਾਰੇ ਕਿਤਾਬ ਲਿਖਣ ਵਾਲੇ ਜਸਟਿਸ (ਰਿਟਾ.) ਐਸ.ਐਨ. ਅੱਗਰਵਾਲ ਨੇ ਕਿਹਾ ਕਿ ਦੇਸ਼ ਭਗਤਾਂ, ਜਿਨ੍ਹਾਂ ਵਿੱਚ ਵੱਡੀ ਗਿਣਤੀ ਪੰਜਾਬੀਆਂ ਦੀ ਸੀ, ਦਾ ਸੈਲੂਲਰ ਜੇਲ੍ਹ ਅਤੇ ਇਸ ਦੀ ਹਰ ਰੋਜ਼ ਵਿਖਾਈ ਜਾਂਦੀ ਗਾਥਾ ਵਿੱਚ ਢੁਕਵਾਂ ਜ਼ਿਕਰ ਜ਼ਰੂਰੀ ਹੈ।

# ਪਾਣੀਆਂ ਦਾ ਰੇੜਕਾ : ਪੰਜਾਬ ਕੋਲ ਨਹੀਂ ਪਾਣੀ, ਹਰਿਆਣਾ ਸ਼ਾਰਦਾ-ਯਮੁਨਾ ਲਿੰਕ ਨਹਿਰ ਤੋਂ ਲਏ

*• ਹਰਿਆਣਾ ਨੇ ਨਹਿਰ ਦੇ ਅਧੂਰੇ ਹਿੱਸੇ ਦਾ ਨਿਰਮਾਣ ਕਰਾਉਣ ਦੀ ਕੀਤੀ ਮੰਗ • ਕੇਂਦਰ ਵਲੋਂ ਸੱਦੀ ਗਈ ਸੀ ਦੋਹਾਂ ਰਾਜਾਂ ਦੀ ਮੀਟਿੰਗ*

**ਨਵੀਂ ਦਿੱਲੀ/ਬਿਊਰੋ ਨਿਊਜ਼** : ਪੰਜਾਬ ਅਤੇ ਹਰਿਆਣਾ ਦਰਮਿਆਨ ਝਗੜੇ ਦੀ ਜੜ੍ਹ ਬਣੀ ਹੋਈ ਸਤਲੁਜ-ਯਮੁਨਾ ਲਿੰਕ ਨਹਿਰ ਦਾ ਮਸਲਾ ਸੁਲਝਾਉਣ ਲਈ ਕੇਂਦਰ ਵੱਲੋਂ ਇਥੇ ਦੋਵਾਂ ਦੀ ਇਥੇ ਸੱਦੀ ਗਈ ਮੀਟਿੰਗ ਵਿੱਚ ਇਸ ਸਬੰਧੀ ਕੋਈ ਸਹਿਮਤੀ ਨਹੀਂ ਬਣ ਸਕੀ। ਕੇਂਦਰੀ ਜਲ ਸਰੋਤ ਮੰਤਰਾਲੇ ਦੀ ਪਹਿਲ ਉਪਰ ਹੋਈ ਜਲ ਸਰੋਤ ਸਕੱਤਰ ਅਮਰਜੀਤ ਸਿੰਘ ਦੀ ਅਗਵਾਈ ਹੇਠ ਹੋਈ ਇਸ ਮੀਟਿੰਗ ਵਿੱਚ ਪੰਜਾਬ ਤੇ ਹਰਿਆਣਾ ਦੇ ਮੁੱਖ ਸਕੱਤਰਾਂ ਕ੍ਰਮਵਾਰ ਕਰਨ ਅਵਤਾਰ ਸਿੰਘ ਤੇ ਡੀ.ਐਸ. ਢੇਸੀ ਨੇ ਸ਼ਿਰਕਤ ਕੀਤੀ।



ਨਹਿਰ ਦੇ ਮੁੱਦੇ ਉਤੇ ਦੋਵਾਂ ਸੂਬਿਆਂ ਦਰਮਿਆਨ ਪਹਿਲਾਂ ਹੀ ਬਣੇ ਹੋਏ ਕੁੜੱਤਣ ਵਾਲੇ ਮਾਹੌਲ ਨੇ ਮੀਟਿੰਗ ਦੌਰਾਨ ਵੀ ਕੜਵਾਹਟ ਘੋਲੀ ਰੱਖੀ ਤੇ ਦੋਵੇਂ ਧਿਰਾਂ ਆਪੋ-ਆਪਣੇ ਐਲਾਨੀਆ ਰੁਖ਼ ਉਤੇ ਅੜੀਆਂ ਰਹੀਆਂ। ਜਿਥੇ ਪੰਜਾਬ ਨੇ ਆਪਣੇ ਕੋਲ ਕਿਸੇ ਹੋਰ ਸੂਬੇ ਨੂੰ ਦੇਣ ਲਈ ਇਕ ਤੁਪਕਾ ਵੀ ਵਾਧੂ ਪਾਣੀ ਨਾ ਹੋਣ ਦਾ ਸਟੈਂਡ ਦੁਹਰਾਇਆ, ਉਥੇ ਹਰਿਆਣਾ ਆਪਣੇ ਹੱਕ ਵਿੱਚ ਆਏ ਸੁਪਰੀਮ ਕੋਰਟ ਦੇ ਫ਼ੈਸਲਿਆਂ ਦੀ ਰੌਸ਼ਨੀ ਵਿੱਚ ਨਹਿਰ ਦੀ ਛੇਤੀ ਉਸਾਰੀ ਦੀ ਮੰਗ ਦੁਹਰਾਉਂਦਿਆਂ ਕੇਂਦਰ ਉਤੇ ਵੀ ਇਸ ਲਈ ਦਬਾਅ ਪਾਉਂਦਾ ਰਿਹਾ। ਦੂਜੇ ਪਾਸੇ ਪੰਜਾਬ ਤੇ ਹਰਿਆਣਾ ਦੇ ਮੁੱਖ ਮੰਤਰੀ ਵੀ ਦਿੱਲੀ ਵਿੱਚ ਸਨ। ਪਤਾ ਲੱਗਾ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਆਪਣੀ ਮੁਲਾਕਾਤ ਦੌਰਾਨ ਐਸਵਾਈਐਲ ਦਾ ਮੁੱਦਾ ਨਹੀਂ ਛੋਹਿਆ।

ਜਲ ਸਰੋਤ ਮੰਤਰਾਲੇ ਦੇ ਸ਼੍ਰਮ ਸ਼ਕਤੀ ਭਵਨ ਵਿਖੇ ਹੋਈ ਮੀਟਿੰਗ ਦੌਰਾਨ ਪਹਿਲਾਂ ਪੰਜਾਬ ਦੇ ਵਫ਼ਦ ਨੇ ਆਪਣਾ ਪੱਖ ਰੱਖਿਆ। ਕਰੀਬ ਇਕ ਘੰਟਾ ਚੱਲੀ ਇਸ ਮੀਟਿੰਗ ਦੌਰਾਨ ਮੁੱਖ ਸਕੱਤਰ ਕਰਨ ਅਵਤਾਰ ਸਿੰਘ ਨੇ ਪੰਜਾਬ ਵੱਲੋਂ ਮਜ਼ਬੂਤੀ ਨਾਲ ਪੱਖ ਰੱਖਦਿਆਂ ਕਿਹਾ ਕਿ ਸੂਬੇ ਕੋਲ ਬਿਲਕੁਲ ਵੀ ਪਾਣੀ ਨਹੀਂ ਹੈ, ਜੋ ਕਿਸੇ ਹੋਰ ਸੂਬੇ ਨੂੰ ਦਿੱਤਾ ਜਾ ਸਕੇ। ਉਨ੍ਹਾਂ ਤਰਕ ਦਿੱਤਾ ਕਿ ਸਤਲੁਜ-ਯਮੁਨਾ ਲਿੰਕ ਨਹਿਰ ਬਣਨ ਦੀ ਸੂਰਤ ਵਿੱਚ ਪੰਜਾਬ ਦੀ 10 ਲੱਖ ਏਕੜ ਤੋਂ ਵੱਧ ਜ਼ਮੀਨ ਬੰਜਰ ਹੋ ਜਾਵੇਗੀ। ਇਸ ਵੇਲੇ ਪੰਜਾਬ ਵਿੱਚ 28 ਫੀਸਦੀ ਜ਼ਮੀਨ ਹੀ ਨਹਿਰਾਂ ਨਾਲ ਸਿੰਜੀ ਜਾਂਦੀ ਹੈ ਤੇ ਬਾਕੀ ਜ਼ਮੀਨ ਨੂੰ ਟਿਊਬਵੈੱਲ ਸਿੰਜਦੇ ਹੈ। ਧਰਤੀ ਹੇਠਲੇ ਪਾਣੀ ਦੀ ਭਾਰੀ ਵਰਤੋਂ ਦਾ ਅਸਰ ਇਹ ਪਿਆ ਹੈ, ਕਿ ਹਰ ਸਾਲ 12 ਐਮਏਐਫ ਜ਼ਮੀਨਦੋਜ਼ ਪਾਣੀ ਘਟ ਰਿਹਾ ਹੈ ਅਤੇ 138 ਬਲਾਕਾਂ ਵਿੱਚੋਂ 100 ਪਹਿਲਾਂ ਹੀ 'ਕਾਲੇ ਜ਼ੋਨ' ਵਿੱਚ ਚਲੇ ਗਏ ਹਨ ਤੇ 45 ਹੋਰ ਦੀ ਹਾਲਤ ਨਾਜ਼ੁਕ ਹੈ। ਪੰਜਾਬ ਦੇ ਅਧਿਕਾਰੀਆਂ ਨੇ ਕੇਂਦਰ ਸਰਕਾਰ ਤੋਂ ਉਮੀਦ ਕੀਤੀ ਕਿ ਉਹ ਹਕੀਕੀ ਹਾਲਾਤ ਦੇਖਦਿਆਂ ਹੀ ਕੋਈ ਫ਼ੈਸਲਾ ਲਵੇਗੀ। ਉਨ੍ਹਾਂ ਕਿਹਾ ਕਿ ਦੱਖਣੀ ਪੰਜਾਬ ਨਹਿਰੀ ਪਾਣੀ ਉਪਰ ਹੀ ਨਿਰਭਰ ਹੈ। ਪੰਜਾਬ ਸਰਕਾਰ ਨੇ ਸਿੰਜਾਈ ਦੇ ਪ੍ਰਵਾਹ ਨੂੰ ਹੁਲਾਰਾ ਦੇਣ ਲਈ ਰਾਜ ਵਿੱਚ ਨਹਿਰਾਂ ਨੂੰ ਪੱਕੀਆਂ (ਲਾਈਨਿੰਗ) ਕਰਨ ਦਾ ਸੁਝਾਅ ਦਿੱਤਾ। ਮੀਟਿੰਗ ਵਿੱਚ ਮੁੱਖ ਸਕੱਤਰ (ਸਿੰਜਾਈ) ਕੇਬੀਐਸ ਸਿੱਧੂ ਵੀ ਹਾਜ਼ਰ ਸਨ। ਇਸ ਮਗਰੋਂ ਹਰਿਆਣਾ ਦੇ ਮੁੱਖ ਸਕੱਤਰ ਡੀ.ਐਸ. ਢੇਸੀ ਨੇ ਕੇਂਦਰੀ ਜਲ ਵਸੀਲਾ ਸਕੱਤਰ ਨਾਲ ਮੁਲਾਕਾਤ ਦੌਰਾਨ ਆਪਣਾ ਪੱਖ ਰੱਖਦਿਆਂ ਦੱਸਿਆ ਕਿ ਹਰਿਆਣਾ ਦੇ ਸਰਬਦਲੀ ਵਫ਼ਦ ਨੇ 28 ਨਵੰਬਰ, 2016 ਨੂੰ ਰਾਸ਼ਟਰਪਤੀ ਨੂੰ ਸਤਲੁਜ-ਯਮੁਨਾ ਲਿੰਕ ਨਹਿਰ ਦੀ ਉਸਾਰੀ ਲਈ ਯਾਦਪੱਤਰ ਦਿੱਤਾ ਸੀ। ਉਸ ਯਾਦਪੱਤਰ ਦੀ ਅਗਲੀ ਕਾਰਵਾਈ ਦੇ ਤੌਰ 'ਤੇ ਕੇਂਦਰੀ ਜਲ ਮੰਤਰਾਲੇ ਨੇ ਇਸ ਮੁੱਦੇ 'ਤੇ ਮੀਟਿੰਗ ਰੱਖੀ ਸੀ। ਉਨ੍ਹਾਂ ਕਿਹਾ ਕਿ ਮੰਤਰਾਲੇ ਦੇ ਸਕੱਤਰ ਨੂੰ ਉਸ ਯਾਦਪੱਤਰ ਵਿੱਚ ਰੱਖੇ ਗਏ ਵਿਸ਼ੇ ਤੋਂ ਜਾਣੂ ਕਰਵਾਇਆ ਗਿਆ ਕਿ ਕੇਂਦਰ ਸਰਕਾਰ ਐਸਵਾਈਐਲ ਦੀ ਛੇਤੀ ਉਸਾਰੀ ਕਰਵਾਏ। ਸ੍ਰੀ ਢੇਸੀ ਨੇ ਦੱਸਿਆ ਕਿ ਐਸਵਾਈਐਲ ਬਾਰੇ ਦੋ ਗੱਲਾਂ 'ਤੇ ਮੁੱਖ ਤੌਰ ਜ਼ਿਕਰ ਕੀਤਾ ਗਿਆ। ਪਹਿਲਾ, ਸੁਪਰੀਮ ਕੋਰਟ ਦੇ ਜਨਵਰੀ 2002 ਤੇ ਜੂਨ 2004 ਵਿੱਚ ਆਏ ਫ਼ੈਸਲੇ ਅਤੇ ਦੂਜਾ 10 ਨਵੰਬਰ, 2016 ਨੂੰ ਰਾਸ਼ਟਰਪਤੀ ਦੇ ਹਵਾਲੇ ਉਪਰ ਫ਼ੈਸਲਾ।

ਹਰਿਆਣਾ ਸਰਕਾਰ ਨਹਿਰ ਦਾ ਨਿਰਮਾਣ ਛੇਤੀ ਚਾਹੁੰਦੀ ਹੈ ਤੇ ਇਸ ਨੇ ਪਹਿਲੀ ਜੂਨ, 2016 ਨੂੰ ਅਰਜ਼ੀ ਅਦਾਲਤ ਵਿੱਚ ਪਾਈ ਸੀ। ਇਸ 'ਤੇ 10 ਤੇ 12 ਅਪ੍ਰੈਲ ਨੂੰ ਸੁਣਵਾਈ ਹੋਈ ਤੇ ਹੁਣ 27 ਅਪ੍ਰੈਲ ਨੂੰ ਸੁਣਵਾਈ ਹੋਣੀ ਹੈ। ਹਰਿਆਣਾ ਦੇ ਵਫ਼ਦ ਵਿੱਚ ਜਲ ਸਿੰਜਾਈ ਮਹਿਕਮੇ ਦੇ ਮੁੱਖ ਸਕੱਤਰ ਅਨੁਰਾਗ ਰਸਤੋਗੀ ਤੇ ਚੀਫ ਇੰਜਨੀਅਰ ਬੀਰਿੰਦਰ ਸਿੰਘ ਵੀ ਸ਼ਾਮਲ ਸਨ।

## ਇੰਡਿਆਨਾ ਸੈਨੇਟ ਵੱਲੋਂ ਸਿੱਖਾਂ ਦੇ ਵਿਕਾਸ ਵਿਚ ਯੋਗਦਾਨ ਨੂੰ ਮਾਨਤਾ

**ਇੰਡਿਆਨਾਪੋਲਿਸ/ਬਿਊਰੋ ਨਿਊਜ਼** : ਇੰਡਿਆਨਾ ਸੈਨੇਟ ਨੇ ਅਮਰੀਕੀ ਸਿੱਖਾਂ ਵੱਲੋਂ ਅਮਰੀਕਾ ਤੇ ਇਸ ਰਾਜ ਦੇ ਵਿਕਾਸ ਲਈ ਪਾਏ ਅਹਿਮ ਯੋਗਦਾਨ ਨੂੰ ਮਾਨਤਾ ਦਿੱਤੀ ਹੈ। ਇੰਡਿਆਨਾ ਵਿੱਚ ਤਕਰੀਬਨ 3500 ਸਿੱਖ ਰਹਿੰਦੇ ਹਨ, ਜੋ ਪੈਟਰੋਲ ਪੰਪਾਂ, ਜਨਰਲ ਸਟੋਰਾਂ, ਰੇਸਤਰਾਂ, ਟਰੱਕਾਂ ਤੇ ਟਰਾਂਸਪੋਰਟੇਸ਼ਨ ਕਾਰੋਬਾਰ ਦੇ ਮਾਲਕ ਹਨ।

ਇੰਡਿਆਨਾ ਸਟੇਟ ਸੈਨੇਟ 200 ਵੈਸਟ ਵਾਸ਼ਿੰਗਟਨ ਸਟਰੀਟ, ਇੰਡਿਆਨਾਪੋਲਿਸ, ਇੰਡਿਆਨਾ ਵਿੱਚ ਜਦੋਂ 'ਸਿੱਖ ਮਤਾ' ਪਾਸ ਕੀਤਾ ਗਿਆ ਤਾਂ ਇਹ ਇੰਡਿਆਨਾ ਵਾਸੀ ਸਿੱਖਾਂ ਲਈ ਇਤਿਹਾਸਕ ਦਿਨ ਹੋ ਨਿਬੜਿਆ। ਇਹ ਮਤਾ ਸੈਨੇਟਰ ਆਰੋਨ ਫਰੀਮੈਨ ਨੇ ਪੇਸ਼ ਕੀਤਾ, ਜਿਸ ਵਿੱਚ ਅਮਰੀਕਾ ਭਰ ਤੇ ਇਸ ਰਾਜ ਦੇ ਵਿਕਾਸ ਲਈ ਅਮਰੀਕੀ ਸਿੱਖਾਂ ਵੱਲੋਂ ਦਿੱਤੇ ਅਹਿਮ ਯੋਗਦਾਨ ਨੂੰ ਮਾਨਤਾ ਦਿੱਤੀ ਗਈ। ਇਸ ਮੌਕੇ ਦਾ ਗਵਾਹ ਬਣਨ ਲਈ ਪੁੱਜੇ ਸਿੱਖਾਂ ਨਾਲ ਦਰਸ਼ਕ ਗੈਲਰੀ ਭਰੀ ਹੋਈ ਸੀ।

'ਸਿੱਖਸ ਪੋਲੀਟੀਕਲ ਐਕਸ਼ਨ ਕਮੇਟੀ' (ਸਿੱਖਸਪੀਏਸੀ) ਦੇ ਬਾਨੀ ਤੇ ਚੇਅਰਮੈਨ ਗੁਰਿੰਦਰ ਸਿੰਘ ਖ਼ਾਲਸਾ ਨੇ ਇਸ ਸੈਸ਼ਨ ਦੀ ਸ਼ੁਰੂਆਤ ਅਰਦਾਸ ਨਾਲ ਕੀਤੀ। ਲੈਫਟੀਨੈਂਟ ਗਵਰਨਰ ਸੁਜ਼ੈਨ ਕਰਾਊਚ ਨੇ ਸੈਨੇਟ ਨਾਲ ਸ੍ਰੀ ਖ਼ਾਲਸਾ ਦੀ ਜਾਣ-ਪਛਾਣ ਕਰਵਾਈ। ਸਿੱਖਾਂ ਨੇ ਇਸ ਲਈ ਇੰਡਿਆਨਾ ਦੇ ਪ੍ਰੈਜ਼ੀਡੈਂਟ ਪ੍ਰੋ ਟੇਮਪੋਰ, ਸੈਨੇਟਰ ਆਰੋਨ ਫਰੀਮੈਨ ਅਤੇ ਜੈਕ ਸਾਂਡਿਨ ਦਾ ਇਹ ਮਤਾ ਪੇਸ਼ ਕਰਨ ਲਈ ਧੰਨਵਾਦ ਕੀਤਾ।

## ਟਰੰਪ ਪ੍ਰਸ਼ਾਸਨ ਵਲੋਂ ਸਰਜਨ ਜਨਰਲ ਵਿਵੇਕ ਮੂਰਤੀ ਬਰਖਾਸਤ

**ਵਾਸ਼ਿੰਗਟਨ/ਬਿਊਰੋ ਨਿਊਜ਼** : ਅਮਰੀਕਾ ਦੀ ਟਰੰਪ ਸਰਕਾਰ ਨੇ ਓਬਾਮਾ ਪ੍ਰਸ਼ਾਸਨ ਵੱਲੋਂ ਨਿਯੁਕਤ ਕੀਤੇ ਗਏ ਭਾਰਤੀ-ਅਮਰੀਕੀ ਸਰਜਨ ਜਨਰਲ ਵਿਵੇਕ ਮੂਰਤੀ ਨੂੰ ਬਰਖਾਸਤ ਕਰ ਦਿੱਤਾ ਹੈ। ਅਜਿਹਾ ਇਸ ਲਈ ਕੀਤਾ ਗਿਆ ਹੈ ਤਾਂ ਕਿ ਮੌਜੂਦਾ ਸਰਕਾਰ ਦੀ ਪਸੰਦ ਦੀ ਸ਼ਖ਼ਸੀਅਤ ਨੂੰ ਇਸ ਅਹੁਦੇ 'ਤੇ ਬੈਠਾਇਆ ਜਾ ਸਕੇ। 39 ਸਾਲਾ ਵਿਵੇਕ ਦੀ ਜਗ੍ਹਾ, ਇਹ ਅਹੁਦਾ ਉਨ੍ਹਾਂ ਦੇ ਡਿਪਟੀ ਟ੍ਰੈਂਟ ਐਡਮਸ ਨੂੰ ਦਿੱਤਾ ਜਾਵੇਗਾ। ਦਿਲਚਸਪ ਗੱਲ ਇਹ ਹੈ ਕਿ ਸੀਨੀਅਰ ਅਹੁਦਿਆਂ 'ਤੇ ਬੈਠੇ ਲੋਕਾਂ ਵਿਚ ਮੂਰਤੀ ਅਜਿਹੇ ਦੂਸਰੇ ਭਾਰਤੀ ਮੂਲ ਦੇ ਅਮਰੀਕੀ ਸ਼ਖ਼ਸ ਹਨ, ਜਿਨ੍ਹਾਂ 'ਤੇ ਟਰੰਪ ਪ੍ਰਸ਼ਾਸਨ ਦੀ ਕਾਰਵਾਈ ਹੋਈ ਹੈ। ਉਂਝ ਅਜਿਹੇ ਪਹਿਲੇ ਸ਼ਖ਼ਸ ਪ੍ਰੀਤ ਭਰਾਰਾ ਸਨ, ਜਿਨ੍ਹਾਂ ਨੇ ਅਹੁਦੇ ਤੋਂ ਅਸਤੀਫ਼ਾ ਦੇਣ ਤੋਂ ਇਨਕਾਰ ਕਰ ਦਿੱਤਾ ਸੀ ਤਾਂ ਉਨ੍ਹਾਂ ਨੂੰ ਬਾਅਦ ਵਿਚ ਬਰਖ਼ਾਸਤ ਕਰ ਦਿੱਤਾ ਗਿਆ ਸੀ। ਅਮਰੀਕੀ ਸਿਹਤ ਅਤੇ ਮਨੁੱਖੀ ਸੇਵਾ ਮੰਤਰਾਲੇ ਨੇ ਬੀਤੇ ਦਿਨ ਇਕ ਬਿਆਨ ਵਿਚ ਕਿਹਾ ਕਿ ਅਮਰੀਕੀ 'ਪਬਲਿਕ ਹੈਲਥ ਸਰਵਿਸ ਕਮਿਸ਼ਨਡ ਕਾਰਪਸ' ਦੇ ਨੇਤਾ ਮੂਰਤੀ ਨੂੰ ਕਿਹਾ ਗਿਆ ਕਿ ਨਵੇਂ ਟਰੰਪ ਪ੍ਰਸ਼ਾਸਨ ਵਿਚ ਸੁਖਾਲੇ ਬਦਲਾਅ ਵਿਚ ਸਹਾਇਤਾ ਦੇ ਬਾਅਦ ਉਹ ਸਰਜਨ ਜਨਰਲ ਦੇ ਅਹੁਦੇ ਤੋਂ ਅਸਤੀਫ਼ਾ ਦੇ ਦੇਣ . ਮੂਰਤੀ ਕਮਿਸ਼ਨਡ ਕਾਰਪਸ ਦੇ ਮੈਂਬਰਾਂ ਦੇ ਤੌਰ 'ਤੇ ਆਪਣੀਆਂ ਸੇਵਾਵਾਂ ਜਾਰੀ ਰੱਖਣਗੇ।












# ਕੈਨੇਡੀਅਨ ਰੱਖਿਆ ਮੰਤਰੀ ਦਰਬਾਰ ਸਾਹਿਬ ਵਿਖੇ ਹੋਏ ਨਤਮਸਤਕ

## ਸ਼੍ਰੋਮਣੀ ਕਮੇਟੀ ਵੱਲੋਂ ਹਰਜੀਤ ਸਿੰਘ ਸੱਜਣ ਨੂੰ ਕੌਮੀ ਸਨਮਾਨ

**ਅੰਮ੍ਰਿਤਸਰ/ਬਿਊਰੋ ਨਿਊਜ਼ :**
ਕੈਨੇਡਾ ਦੇ ਪਹਿਲੇ ਸਿੱਖ ਰੱਖਿਆ ਮੰਤਰੀ ਹਰਜੀਤ ਸਿੰਘ ਸੱਜਣ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਿਆ। ਸ਼੍ਰੋਮਣੀ ਕਮੇਟੀ ਨੇ ਉਨ੍ਹਾਂ ਦਾ ਨਿੱਘਾ ਸਵਾਗਤ ਕਰਦਿਆਂ ਸਿੱਖ ਕੌਮ ਵੱਲੋਂ ਕੌਮੀ ਪੱਧਰ ਦਾ ਮਾਣ-ਸਨਮਾਨ ਦਿੱਤਾ। ਦੂਜੇ ਪਾਸੇ ਪੰਡਾਲ ਵਿੱਚ ਜਾਣੋਂ ਰੋਕਣ ਉਤੇ ਮਾਨ ਸਮਰਥਕਾਂ ਤੇ ਟਾਸਕ ਫੋਰਸ ਵਿਚਾਲੇ ਧੱਕਾਮੁੱਕੀ ਹੋਈ।

ਸ੍ਰੀ ਸੱਜਣ ਤੇ ਉਨ੍ਹਾਂ ਨਾਲ ਆਏ ਹੋਰ ਅਧਿਕਾਰੀ ਸ੍ਰੀ ਹਰਿਮੰਦਰ ਸਾਹਿਬ ਪੁੱਜੇ, ਜਿੱਥੇ ਉਨ੍ਹਾਂ ਦਾ ਸ਼੍ਰੋਮਣੀ ਕਮੇਟੀ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਤੇ ਹੋਰ ਅਹੁਦੇਦਾਰਾਂ ਅਤੇ ਅੰਤ੍ਰਿੰਗ ਕਮੇਟੀ ਮੈਂਬਰਾਂ ਸਮੇਤ ਅਧਿਕਾਰੀਆਂ ਨੇ ਗੁਲਦਸਤੇ ਦੇ ਕੇ ਸਵਾਗਤ ਕੀਤਾ। ਇਸ ਮੌਕੇ ਸਰਕਾਰ ਵੱਲੋਂ ਕੋਈ ਨੁਮਾਇੰਦਾ ਹਾਜ਼ਰ ਨਹੀਂ ਸੀ। ਜਿਵੇਂ ਹੀ ਉਹ ਪਰਿਕਰਮਾ ਵਿੱਚ ਦਾਖ਼ਲ ਹੋਏ ਤਾਂ ਸੱਚਖੰਡ ਵਿੱਚ ਅਰਦਾਸ ਸ਼ੁਰੂ ਹੋ ਗਈ। ਰੱਖਿਆ ਮੰਤਰੀ ਨਿਮਾਣੇ ਸਿੱਖ ਵਜੋਂ ਪਰਿਕਰਮਾ ਵਿੱਚ ਹੀ ਖੜ੍ਹੇ ਰਹੇ ਅਤੇ ਮੁੱਖ ਵਾਕ ਮਗਰੋਂ ਮੱਥਾ ਟੇਕਣ ਲਈ ਰਵਾਨਾ ਹੋਏ। ਉਨ੍ਹਾਂ ਪਰਿਕਰਮਾ ਕੀਤੀ ਅਤੇ ਦਰਬਾਰ ਸਾਹਿਬ ਵਿੱਚ ਮੱਥਾ ਟੇਕਿਆ, ਜਿਥੇ ਉਨ੍ਹਾਂ ਨੂੰ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਜਗਤਾਰ ਸਿੰਘ ਨੇ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ। ਉਨ੍ਹਾਂ ਆਪਣੇ ਤੇ ਦੇਸ਼ ਵੱਲੋਂ ਕੜਾਹ ਪ੍ਰਸਾਦਿ ਦੀ ਦੇਗ ਵੀ ਕਰਾਈ। ਕੁਝ ਸਮਾਂ ਕੀਰਤਨ ਸੁਣਨ ਮਗਰੋਂ ਉਨ੍ਹਾਂ ਸ੍ਰੀ ਅਕਾਲ ਤਖ਼ਤ ਵਿਖੇ ਮੱਥਾ ਟੇਕਿਆ। ਮਗਰੋਂ ਘੰਟਾ ਘਰ ਵਾਲੇ ਪਾਸੇ ਪ੍ਰਵੇਸ਼ ਦੁਆਰ ਪਲਾਜ਼ਾ ਵਿੱਚ ਸ਼੍ਰੋਮਣੀ ਕਮੇਟੀ ਵੱਲੋਂ ਬਣਾਏ ਵਿਸ਼ੇਸ਼ ਪੰਡਾਲ ਵਿੱਚ ਉਨ੍ਹਾਂ ਦਾ ਮਾਣ ਸਨਮਾਨ ਕੀਤਾ ਗਿਆ। ਉਨ੍ਹਾਂ ਨੂੰ ਸ੍ਰੀ ਹਰਿਮੰਦਰ ਸਾਹਿਬ ਦਾ ਸੁਨਹਿਰੀ ਮਾਡਲ, ਸਿਰੀ ਸਾਹਿਬ ਅਤੇ ਚਾਂਦੀ ਦੀ ਤਸ਼ਤਰੀ, ਲੋਈ, ਧਾਰਮਿਕ ਪੁਸਤਕਾਂ ਦਾ ਸੈੱਟ ਦੇ ਕੇ ਸਨਮਾਨਿਤ ਕੀਤਾ ਗਿਆ। ਚਾਂਦੀ ਦੀ ਤਸ਼ਤਰੀ ਉਨ੍ਹਾਂ ਨੂੰ ਸਿੱਖ ਕੌਮ ਵੱਲੋਂ ਕੌਮੀ ਸਨਮਾਨ ਵਜੋਂ ਦਿੱਤੀ ਗਈ।

ਇਸ ਮੌਕੇ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਆਪਣੇ ਸੰਖੇਪ ਸੰਬੋਧਨ ਦੌਰਾਨ ਰੱਖਿਆ ਮੰਤਰੀ ਨੂੰ ਜੀ ਆਇਆਂ ਆਖਿਆ। ਉਨ੍ਹਾਂ ਆਖਿਆ ਕਿ ਕੈਨੇਡਾ ਵਰਗੇ ਵਿਕਸਤ ਦੇਸ਼ ਦਾ ਰੱਖਿਆ ਮੰਤਰੀ ਬਣਨਾ ਸਮੁੱਚੀ ਸਿੱਖ ਕੌਮ ਲਈ ਫ਼ਖ਼ਰ ਵਾਲੀ ਗੱਲ ਹੈ।



ਸ੍ਰੀ ਹਰਿਮੰਦਰ ਸਾਹਿਬ ਵਿੱਚ ਨਤਮਸਤਕ ਹੋਣ ਪੁੱਜੇ ਕੈਨੇਡਾ ਦੇ ਰੱਖਿਆ ਮੰਤਰੀ ਹਰਜੀਤ ਸਿੰਘ ਸੱਜਣ ਨੂੰ ਸਿਰੋਪਾਓ ਭੇਟ ਕਰਦੇ ਹੋਏ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ

### ਮਾਨ ਸਮਰਥਕਾਂ ਨੂੰ ਨਹੀਂ ਦਿੱਤਾ ਮਿਲਣ

ਉਥੇ ਉਸ ਵੇਲੇ ਰੌਲਾ-ਰੱਪਾ ਸ਼ੁਰੂ ਹੋ ਗਿਆ, ਜਦੋਂ ਪੰਡਾਲ ਬਾਹਰ ਖੜੇ ਮਾਨ ਸਮਰਥਕਾਂ (ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ) ਨੇ ਰੱਖਿਆ ਮੰਤਰੀ ਨੂੰ ਮੰਗ ਪੱਤਰ ਦੇਣ ਲਈ ਪੰਡਾਲ ਵਿੱਚ ਜਾਣ ਦਾ ਯਤਨ ਕੀਤਾ। ਉਨ੍ਹਾਂ ਨੂੰ ਉਥੇ ਤਾਇਨਾਤ ਸ਼੍ਰੋਮਣੀ ਕਮੇਟੀ ਦੀ ਟਾਸਕ ਫੋਰਸ ਨੇ ਰੋਕਣ ਦੀ ਕੋਸ਼ਿਸ਼ ਕੀਤੀ। ਇਸ ਕਾਰਵਾਈ ਦੌਰਾਨ ਤਕਰਾਰ ਸ਼ੁਰੂ ਹੋ ਗਈ ਅਤੇ ਧੱਕਾਮੁੱਕੀ ਵੀ ਹੋਈ। ਮਾਨ ਸਮਰਥਕਾਂ ਨੇ ਸ਼੍ਰੋਮਣੀ ਕਮੇਟੀ ਖ਼ਿਲਾਫ਼ ਨਾਅਰੇਬਾਜ਼ੀ ਕਰਦਿਆਂ "ਖਾਲਿਸਤਾਨ ਜ਼ਿੰਦਾਬਾਦ, ਭਿੰਡਰਾਂਵਾਲਾ ਜ਼ਿੰਦਾਬਾਦ ਅਤੇ ਸਿਮਰਨਜੀਤ ਸਿੰਘ ਮਾਨ ਜ਼ਿੰਦਾਬਾਦ" ਦੇ ਨਾਅਰੇ ਲਾਏ। ਉਹ ਪੰਡਾਲ ਵਿੱਚ ਵੀ ਪੁੱਜ ਗਏ।

### ਸਖੀਰਾ ਦੀ ਉਂਗਲ 'ਤੇ ਲੱਗੀ ਤਲਵਾਰ

ਇਸ ਦੌਰਾਨ ਸਮਾਗਮ ਨੂੰ ਜਲਦੀ ਸਮੇਟਦਿਆਂ ਰੱਖਿਆ ਮੰਤਰੀ ਆਪਣੇ ਕਾਫਲੇ ਨਾਲ ਵਾਪਸ ਚਲੇ ਗਏ। ਮਾਨ ਸਮਰਥਕ ਆਗੂ ਜਰਨੈਲ ਸਿੰਘ ਸਖੀਰਾ ਨੇ ਦੋਸ਼ ਲਾਇਆ ਕਿ ਧੱਕਾਮੁੱਕੀ ਦੌਰਾਨ ਟਾਸਕ ਫੋਰਸ ਦੇ ਕਰਮਚਾਰੀ ਦੀ ਕਿਰਪਾਨ ਨਾਲ ਉਸ ਦੀ ਉਂਗਲੀ ਜ਼ਖ਼ਮੀ ਹੋਈ ਹੈ। ਦੂਜੇ ਪਾਸੇ ਸ਼੍ਰੋਮਣੀ ਕਮੇਟੀ ਦੇ ਬੁਲਾਰੇ ਨੇ ਇਸ ਦੋਸ਼ ਨੂੰ ਰੱਦ ਕਰਦਿਆਂ ਆਖਿਆ ਕਿ ਟਾਸਕ ਫੋਰਸ ਦੇ ਕਿਸੇ ਵੀ ਕਰਮਚਾਰੀ ਕੋਲ ਕਿਰਪਾਨ ਨਹੀਂ ਸੀ। ਗਰਮ ਖਿਆਲੀ ਅਤੇ ਮਾਨ ਸਮਰਥਕਾਂ ਦੀ ਆਮਦ ਨੂੰ ਦੇਖਦਿਆਂ ਸਨਮਾਨ ਸਮਾਗਮ ਦਾ ਸਮਾਂ ਦੋ ਘੰਟੇ ਪਹਿਲਾਂ ਕਰ ਦਿੱਤਾ ਗਿਆ ਸੀ। ਇਸ ਦੌਰਾਨ ਮੀਡੀਆ ਨਾਲ ਗੱਲਬਾਤ ਕਰਦਿਆਂ ਪ੍ਰੋ. ਬਡੂੰਗਰ ਨੇ ਇਸ ਗੱਲ 'ਤੇ ਟਿੱਪਣੀ ਕਰਨ ਤੋਂ ਇਨਕਾਰ ਕੀਤਾ ਕਿ ਇਹ ਕਿਸੇ ਸਾਜ਼ਿਸ਼ ਤਹਿਤ ਕੀਤਾ ਗਿਆ ਹੈ। ਉਨ੍ਹਾਂ ਸਪਸ਼ਟ ਕੀਤਾ ਕਿ ਰੱਖਿਆ ਮੰਤਰੀ ਕੋਲ ਸਿੱਖ ਪਛਾਣ ਜਾਂ ਹੋਰ ਸਮੱਸਿਆਵਾਂ ਨਹੀਂ ਰੱਖੀਆਂ ਗਈਆਂ। ਉਨ੍ਹਾਂ ਆਖਿਆ ਕਿ ਉਹ ਬਤੌਰ ਮਹਿਮਾਨ ਆਏ ਹਨ ਅਤੇ ਮਹਿਮਾਨ ਦਾ ਸਿਰਫ਼ ਸਵਾਗਤ ਹੀ ਕੀਤਾ ਜਾਂਦਾ ਹੈ। ਸ੍ਰੀ ਹਰਿਮੰਦਰ ਸਾਹਿਬ ਨਤਮਸਤਕ ਹੋਣ ਮਗਰੋਂ ਰੱਖਿਆ ਮੰਤਰੀ ਨੇ ਯਾਤਰੂ ਪੁਸਤਿਕਾ ਵਿੱਚ ਲਿਖਿਆ "ਮੇਰੀ ਸਫ਼ਲਤਾ ਗੁਰੂ ਸਾਹਿਬ ਦੀ ਬਖਸ਼ਿਸ਼ ਹੈ।" ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਅਮਰਜੀਤ ਸਿੰਘ ਚਾਵਲਾ, ਮੁੱਖ ਸਕੱਤਰ ਹਰਚਰਨ ਸਿੰਘ, ਅੰਤ੍ਰਿੰਗ ਕਮੇਟੀ ਮੈਂਬਰ ਗੁਰਚਰਨ ਸਿੰਘ ਗਰੇਵਾਲ, ਭਾਈ ਰਾਮ ਸਿੰਘ, ਭਾਈ ਮਨਜੀਤ ਸਿੰਘ, ਬੀਬੀ ਕਿਰਨਜੋਤ ਕੌਰ ਤੇ ਹੋਰ ਅਧਿਕਾਰੀ ਹਾਜ਼ਰ ਸਨ।

## ਪਿੰਡ ਬੰਬੇਲੀ ਸਮਾਗਮ ਸਰਕਾਰ ਦੀ ਲਾਪ੍ਰਵਾਹੀ ਕਾਰਨ ਰੱਦ

ਹੁਸ਼ਿਆਰਪੁਰ : ਕੈਨੇਡਾ ਦੇ ਰੱਖਿਆ ਮੰਤਰੀ ਹਰਜੀਤ ਸਿੰਘ ਸੱਜਣ ਦੇ ਸਵਾਗਤ ਵਿੱਚ ਉਨ੍ਹਾਂ ਦੇ ਜੱਦੀ ਪਿੰਡ ਬੰਬੇਲੀ ਵਿੱਚ ਰੱਖਿਆ ਸਮਾਗਮ ਸਰਕਾਰੀ ਲਾਪ੍ਰਵਾਹੀ ਅਤੇ ਮਾੜੇ ਪ੍ਰਬੰਧਾਂ ਦੀ ਭੇਟ ਚੜ੍ਹ ਗਿਆ। ਰੱਖਿਆ ਮੰਤਰੀ ਸਮਾਗਮ ਵਿੱਚ ਸ਼ਾਮਲ ਹੋਏ ਬਿਨਾਂ ਆਪਣੇ ਜੱਦੀ ਘਰ ਚਲੇ ਗਏ। ਸਖ਼ਤ ਗਰਮੀ ਦੇ ਬਾਵਜੂਦ ਮੁੱਖ ਮਹਿਮਾਨ ਨੂੰ ਮੁੱਖ ਸੜਕ ਤੋਂ ਪਿੰਡ ਵਿੱਚ ਖੁੱਲ੍ਹੀ ਜੀਪ ਵਿੱਚ ਲਿਆਂਦਾ ਗਿਆ। ਸਮਾਗਮ ਵਾਲੀ ਥਾਂ ਤੱਕ ਪੁੱਜਣ ਵਿੱਚ ਹੀ ਕਾਫ਼ਲੇ ਨੂੰ ਲਗਪਗ ਇਕ ਘੰਟਾ ਲੱਗ ਗਿਆ। ਮੌਕੇ 'ਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਗੜ੍ਹਸ਼ੰਕਰ ਦੇ ਐਸਡੀਐਮ ਅਤੇ ਡੀਐਸਪੀ ਪੁੱਜੇ ਹੋਏ ਸਨ ਪਰ ਭੀੜ ਨੂੰ ਕਾਬੂ ਕਰਨ ਦਾ ਕੋਈ ਇੰਤਜ਼ਾਮ ਨਹੀਂ ਸੀ। ਸੈਂਕੜੇ ਦੀ ਤਦਾਦ ਵਿੱਚ ਜੁੜੇ ਲੋਕ ਸ੍ਰੀ ਸੱਜਣ ਨਾਲ ਹੱਥ ਮਿਲਾਉਣ, ਗੁਲਦਸਤੇ ਭੇਟ ਕਰਨ ਜਾਂ ਸੈਲਫੀਆਂ ਖਿੱਚਣ ਵਿੱਚ ਲੱਗੇ ਰਹੇ। ਉਨ੍ਹਾਂ ਦਾ ਸਵਾਗਤ ਬੈਂਡ ਵਾਜਿਆਂ, ਭੰਗੜੇ ਅਤੇ ਫੁੱਲਾਂ ਦੀ ਵਰਖਾ ਨਾਲ ਕੀਤਾ ਗਿਆ ਪਰ ਮਾੜੇ ਪ੍ਰਬੰਧਾਂ ਨੇ ਇਨ੍ਹਾਂ ਸਭ 'ਤੇ ਪਾਣੀ ਫੇਰ ਦਿੱਤਾ। ਸ੍ਰੀ ਸੱਜਣ ਅਤੇ ਉਨ੍ਹਾਂ ਦੇ ਸਾਥੀ ਜਿਵੇਂ ਕਿਵੇਂ ਭੀੜ ਵਿਚੋਂ ਨਿਕਲ ਕੇ ਗੁਰਦੁਆਰੇ ਤੱਕ ਪੁੱਜੇ ਅਤੇ ਮੱਥਾ ਟੇਕਿਆ ਪਰ ਨਾਲ ਹੀ ਬਣੇ ਕਮਿਊਨਿਟੀ ਹਾਲ ਵਿੱਚ ਰੱਖੇ ਸਮਾਗਮ ਵਿੱਚ ਜਾਣ ਦੀ ਬਜਾਏ ਰੱਖਿਆ ਮੰਤਰੀ ਆਪਣੇ ਘਰ ਚਲੇ ਗਏ। ਸਟੇਜ ਤੋਂ ਉਨ੍ਹਾਂ ਦੇ ਆਉਣ ਦੀ ਅਨਾਊਂਸਮੈਂਟ ਹੁੰਦੀ ਰਹੀ ਪਰ ਉਨ੍ਹਾਂ ਨੇ ਉਥੇ ਜਾਣਾ ਠੀਕ ਨਾ ਸਮਝਿਆ। ਆਖਰਕਾਰ ਆਏ ਲੋਕਾਂ ਅਤੇ ਮੀਡੀਆ ਨੂੰ ਨਿਰਾਸ਼ ਪਰਤਣਾ ਪਿਆ।

ਸ੍ਰੀ ਸੱਜਣ ਦਾ ਸਮਾਗਮ ਵਿੱਚ ਨਾ ਆਉਣ ਦਾ ਇਕ ਹੋਰ ਕਾਰਨ ਇਹ ਵੀ ਸਮਝਿਆ ਜਾ ਰਿਹਾ ਹੈ ਕਿ ਮੌਕੇ 'ਤੇ ਕੁੱਝ ਗਰਮ ਖਿਆਲੀ ਆਗੂ ਵੀ ਪੁੱਜੇ ਹੋਏ ਸਨ। ਹਾਲਾਂਕਿ ਪ੍ਰਬੰਧਕਾਂ ਨੇ ਇਨ੍ਹਾਂ ਨੂੰ ਸੁਨੇਹਾ ਨਹੀਂ ਦਿੱਤਾ ਸੀ ਪਰ ਇਸ ਦੇ ਬਾਵਜੂਦ ਉਹ ਸ੍ਰੀ ਸੱਜਣ ਨੂੰ ਮਿਲਣ ਲਈ ਪੁੱਜ ਗਏ। ਸਾਬਕਾ ਖਾੜਕੂ ਵੱਸਣ ਸਿੰਘ ਜੱਫਰਵਾਲ, ਭਾਈ ਮੋਹਕਮ ਸਿੰਘ, ਜਸਕਰਨ ਸਿੰਘ ਕਾਹਨ ਸਿੰਘ ਵਾਲਾ ਸਮੇਤ ਕਈ ਨਿਹੰਗ ਅਤੇ ਹੋਰ ਜਥੇਬੰਦੀਆਂ ਦੇ ਨੁਮਾਇੰਦੇ ਮੌਕੇ 'ਤੇ ਮੌਜੂਦ ਸਨ। ਸ਼੍ਰੋਮਣੀ ਅਕਾਲੀ ਦਲ ਵੱਲੋਂ ਉਨ੍ਹਾਂ ਦਾ ਸਨਮਾਨ ਕੀਤਾ ਜਾਣਾ ਸੀ ਪਰ ਹਾਲਾਤ ਨੇ ਇਸ ਦੀ ਆਗਿਆ ਨਹੀਂ ਦਿੱਤੀ।

ਮੌਜੂਦਾ ਸਰਕਾਰ ਦਾ ਕੋਈ ਨੁਮਾਇੰਦਾ ਸ੍ਰੀ ਸੱਜਣ ਦੇ ਸਵਾਗਤ ਲਈ ਨਹੀਂ ਆਇਆ। ਸਾਬਕਾ ਵਿਧਾਇਕ ਸੋਹਣ ਸਿੰਘ ਠੰਡਲ ਜ਼ਰੂਰ ਪੁੱਜੇ। ਖ਼ੁਫ਼ੀਆ ਏਜੰਸੀਆਂ ਦੇ ਕਰਮਚਾਰੀ ਵੀ ਭਾਰੀ ਗਿਣਤੀ ਵਿੱਚ ਪਿੰਡ ਵਿੱਚ ਮੌਜੂਦ ਸਨ। ਮੀਡੀਆ ਅਤੇ ਹੋਰ ਮੋਹਤਬਰਾਂ ਨੇ ਸ੍ਰੀ ਸੱਜਣ ਨੂੰ ਉਨ੍ਹਾਂ ਦੇ ਗ੍ਰਹਿ ਵਿਖੇ ਮਿਲਣ ਦੀ ਕੋਸ਼ਿਸ਼ ਕੀਤੀ ਪਰ ਕਾਮਯਾਬੀ ਨਹੀਂ ਮਿਲੀ।

## ਪੰਜਾਬ ਵਲੋਂ ਅਣਗੌਲੇ ਕੈਨੇਡੀਅਨ ਰੱਖਿਆ ਮੰਤਰੀ ਹਰਜੀਤ ਸਿੰਘ ਨੂੰ ਹਰਿਆਣਾ ਨੇ ਗਲ਼ ਲਾਇਆ

### *ਕੈਨੇਡਾ ਨੇ ਵੱਖ ਵੱਖ ਖੇਤਰਾਂ ਵਿਚ ਨਿਵੇਸ਼ 'ਚ ਦਿਲਚਸਪੀ ਦਿਖਾਈ*

**ਚੰਡੀਗੜ੍ਹ/ਬਿਊਰੋ ਨਿਊਜ਼ :**
ਕੈਨੇਡਾ ਦੇ ਰੱਖਿਆ ਮੰਤਰੀ ਹਰਜੀਤ ਸਿੰਘ ਸੱਜਣ ਨੂੰ ਭਾਵੇਂ ਪੰਜਾਬ ਸਰਕਾਰ ਦੇ ਕਿਸੇ ਮੰਤਰੀ, ਵਿਧਾਇਕ ਜਾਂ ਅਧਿਕਾਰੀ ਨੇ ਤਵੱਜੋ ਨਹੀਂ ਦਿੱਤੀ ਪਰ ਹਰਿਆਣਾ ਦੇ ਮੁੱਖ ਮੰਤਰੀ ਨੇ ਮਨੋਹਰ ਲਾਲ ਖੱਟਰ ਨੇ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ। ਚੰਡੀਗੜ੍ਹ ਅੰਤਰਰਾਸ਼ਟਰੀ ਹਵਾਈ ਅੱਡੇ ਦੇ ਕਮੇਟੀ ਰੂਮ ਵਿਚ ਹੀ ਦੋਹਾਂ ਵਿਚਾਲੇ ਮੀਟਿੰਗ ਹੋਈ। ਇਸ ਮੌਕੇ ਭਾਰਤ ਵਿਚ ਕੈਨੇਡਾ ਦੇ ਰਾਜਦੂਤ ਤੇ ਉਨ੍ਹਾਂ ਦੇ ਸਾਥੀ ਤੇ ਹਰਿਆਣਾ ਸਰਕਾਰ ਦੇ ਚੀਫ਼ ਸੈਕਟਰੀ ਡੀ.ਐਸ. ਢੇਸੀ ਤੇ ਹਰਿਆਣਾ ਦੇ ਇੱਕੋ ਇੱਕ ਸਿੱਖ ਚੀਫ਼ ਪਾਰਲੀਮੈਂਟਰੀ ਸੈਕਟਰੀ ਬਖ਼ਸ਼ੀਸ਼ ਸਿੰਘ ਵਿਰਕ ਵੀ ਮੌਜੂਦ ਸਨ। ਢੇਸੀ ਨੇ ਇਹ ਦਿਲਚਸਪ ਪ੍ਰਗਟਾਵਾ ਕੀਤਾ ਕਿ ਗੱਲਬਾਤ ਵਧੇਰੇ ਕਰਕੇ ਅੰਗਰੇਜ਼ੀ ਤੇ ਪੰਜਾਬੀ ਵਿਚ ਹੋਈ। ਉਨ੍ਹਾਂ ਕਿਹਾ ਕਿ ਜਦੋਂ ਸ੍ਰੀ ਖੱਟਰ ਜੋ ਪਾਕਿਸਤਾਨੀ ਪੰਜਾਬ ਦੇ ਜ਼ਿਲ੍ਹਾ ਝੰਗ ਦੇ ਜੰਮਪਲ ਹਨ, ਨੇ ਪੰਜਾਬੀ ਵਿਚ ਬੋਲਣਾ ਸ਼ੁਰੂ ਕੀਤਾ ਤਾਂ ਸ. ਸੱਜਣ ਕਹਿਣ ਲੱਗੇ ਕਿ ਤੁਸੀਂ ਬੇਸ਼ੱਕ ਪੰਜਾਬੀ ਵਿਚ ਹੀ ਬੋਲੋ ਪਰ ਕੈਨੇਡੀਅਨ ਰਾਜਦੂਤ ਦੀ ਸਹੂਲਤ ਲਈ ਅੰਗਰੇਜ਼ੀ ਵਿਚ ਵਾਰਤਾਲਾਪ ਕੀਤੀ ਜਾਵੇ ਤਾਂ ਬਿਹਤਰ ਰਹੇਗਾ। ਸ੍ਰੀ ਖੱਟਰ ਨੇ ਸ. ਸੱਜਣ ਨੂੰ ਸਨਮਾਨ ਦੇ ਤੌਰ 'ਤੇ ਹਰਿਆਣਾ ਸਰਕਾਰ ਤੇ ਹਰਿਆਣਾ ਨਿਵਾਸੀਆਂ ਵੱਲੋਂ ਸਿਰੋਪਾ ਭੇਟ ਕੀਤਾ ਗਿਆ। ਬਾਅਦ ਵਿਚ ਹਰਿਆਣਾ ਸਰਕਾਰ ਵੱਲੋਂ ਪ੍ਰੈੱਸ ਨੋਟ ਜਾਰੀ ਕਰਕੇ ਦੱਸਿਆ ਗਿਆ ਕਿ ਕੈਨੇਡਾ ਨੇ ਹਰਿਆਣਾ ਵਿਚ ਹਵਾਬਾਜ਼ੀ, ਕੌਸ਼ਲ ਵਿਕਾਸ, ਸਿੱਖਿਆ,



ਰੱਖਿਆ ਤੇ ਸਮਾਰਟ ਸਿਟੀ ਪ੍ਰੋਜੈਕਟਾਂ ਦੇ ਖੇਤਰ ਵਿਚ ਨਿਵੇਸ਼ ਕਰਨ ਵਿਚ ਡੂੰਘੀ ਰੂਚੀ ਵਿਖਾਈ ਹੈ। ਸ. ਸੱਜਣ ਦੇ ਨਾਲ ਹੋਈ ਮੀਟਿੰਗ ਦਾ ਜ਼ਿਕਰ ਕਰਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਮੀਟਿੰਗ ਵਿਚ ਸਾਲ 2015 ਵਿਚ ਕੈਨੇਡਾ ਦੇ ਉਨ੍ਹਾਂ ਦੇ ਦੌਰੇ ਦੇ ਦੌਰਾਨ ਕੀਤੇ ਗਏ ਦੋ ਸਮਝੌਤੇ, ਜਿਸ ਦਾ ਹਰਿਆਣਾ ਤੇ ਕੈਨੇਡਾ ਵੱਲੋਂ ਸਾਂਝੇ ਤੌਰ 'ਤੇ ਲਾਗੂ ਕੀਤਾ ਜਾਵੇਗਾ, ਦਾ ਐਗਜ਼ੀਕਿਊਸ਼ਨ ਯਕੀਨੀ ਕਰਨ ਲਈ ਵਰਕਿੰਗ ਗਰੁੱਪ ਸਥਾਪਤ ਕਰਨ ਦਾ ਫ਼ੈਸਲਾ ਕੀਤਾ ਹੈ। ਸ੍ਰੀ ਖੱਟਰ ਨੇ ਸ. ਸੱਜਣ ਨੂੰ ਹਰਿਆਣਾ ਵੱਲੋਂ ਵੱਖ-ਵੱਖ ਖੇਤਰਾਂ ਵਿਚ ਕੀਤੀ ਗਈ ਤਰੱਕੀ ਬਾਰੇ ਜਾਣੂ ਕਰਵਾਇਆ ਗਿਆ। ਸ੍ਰੀ ਖੱਟਰ ਦੀ ਅਗਵਾਈ ਦੀ ਸ਼ਲਾਘਾ ਕਰਦੇ ਹੋਏ ਸ. ਸੱਜਣ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਦੇ ਸੱਤਾ ਵਿਚ ਆਉਣ ਤੋਂ ਬਾਅਦ ਹਰਿਆਣਾ ਨੇ ਤਰੱਕੀ ਤੇ ਵਿਕਾਸ ਕੀਤਾ ਹੈ। ਇਸ ਮੌਕੇ ਚੰਡੀਗੜ੍ਹ ਵਿਚ ਕੈਨੇਡਾ ਦੇ ਕੌਂਸਲ ਜਨਰਲ ਕ੍ਰਿਸਟੋਫਰ ਗਿਬਿੰਸ ਵੀ ਹਾਜ਼ਰ ਸਨ।

## ਪਿੰਗਲਵਾੜਾ ਤੇ ਯੂਨੀਕ ਹੋਮ ਦੇ ਬੱਚਿਆਂ ਨਾਲ ਖੇਡੇ ਕੈਨੇਡਾ ਦੇ ਰੱਖਿਆ ਮੰਤਰੀ

**ਜੰਡਿਆਲਾ ਗੁਰੂ/ਬਿਊਰੋ ਨਿਊਜ਼ :** ਕੈਨੇਡਾ ਦੇ ਰੱਖਿਆ ਮੰਤਰੀ ਹਰਜੀਤ ਸਿੰਘ ਸੱਜਣ ਪਿੰਗਲਵਾੜਾ ਮਾਨਾਂਵਾਲਾ ਪਹੁੰਚੇ ਤੇ ਕਰੀਬ ਇੱਕ ਘੰਟਾ ਇੱਥੇ ਸਮਾਂ ਬਿਤਾਇਆ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਪਿੰਗਲਵਾੜਾ ਆ ਕੇ ਰੂਹਾਨੀ ਖੁਸ਼ੀ ਮਿਲੀ ਹੈ। ਇਸ ਮੌਕੇ ਪਿੰਗਲਵਾੜਾ ਮੁਖੀ ਡਾ. ਇੰਦਰਜੀਤ ਕੌਰ ਨੇ ਸ੍ਰੀ ਸੱਜਣ ਦਾ ਨਿੱਘਾ ਸਵਾਗਤ ਕੀਤਾ। ਇਸ ਦੌਰਾਨ ਰੱਖਿਆ ਮੰਤਰੀ ਸ੍ਰੀ ਸੱਜਣ ਨੇ ਪਿੰਗਲਵਾੜਾ ਦੇ ਮਾਨਾਂਵਾਲਾ ਕੈਂਪਸ ਵਿਚ ਭਗਤ ਪੂਰਨ ਸਿੰਘ ਆਦਰਸ਼ ਸਕੂਲ, ਵਿਸ਼ੇਸ਼ ਬੱਚਿਆਂ ਦੇ ਵਾਰਡ ਤੇ ਭਗਤ ਪੂਰਨ ਸਿੰਘ ਬਣਾਉਟੀ ਅੰਗ ਕੇਂਦਰ ਦਾ ਦੌਰਾ ਕੀਤਾ, ਜਿੱਥੇ ਉਨ੍ਹਾਂ ਨੂੰ ਫਿਨਲੈਂਡ ਤੋਂ ਆਏ ਵਾਲੰਟੀਅਰ ਵੀ ਮਿਲੇ। ਡਾ. ਇੰਦਰਜੀਤ ਕੌਰ ਨੇ ਕੈਨੇਡਾ ਦੇ ਰੱਖਿਆ ਮੰਤਰੀ ਸ੍ਰੀ ਸੱਜਣ ਨੂੰ ਸਨਮਾਨਿਤ ਕੀਤਾ। ਸ੍ਰੀ ਸੱਜਣ ਨੇ ਡਾ. ਇੰਦਰਜੀਤ ਕੌਰ ਨੂੰ ਮਨੁੱਖਤਾ ਦੀ ਸੇਵਾ ਦੇ ਖੇਤਰ ਦੀਆਂ ਸ਼ਲਾਘਾਯੋਗ ਪ੍ਰਾਪਤੀਆਂ ਲਈ ਵਿਸ਼ੇਸ਼ ਸਨਮਾਨ ਸਰਟੀਫਿਕੇਟ ਵੀ ਦਿੱਤਾ। ਜਲੰਧਰ : ਹਰਜੀਤ ਸਿੰਘ ਸੱਜਣ ਨੇ ਇੱਥੇ ਯੂਨੀਕ ਹੋਮ ਵਿੱਚ ਅਨਾਥ ਬੱਚੀਆਂ ਨਾਲ ਦੋ ਘੰਟੇ ਤੋਂ ਵੱਧ ਸਮਾਂ ਬਿਤਾਇਆ। ਉਨ੍ਹਾਂ ਛੋਟੇ ਬੱਚਿਆਂ ਨਾਲ ਘਾਹ ਦੇ ਮੈਦਾਨ 'ਤੇ ਦੌੜ-ਦੌੜ ਕੇ ਛੂਆ-ਛੁਆਈ ਖੇਡੀ।

ਬਾਕੀ ਸਫ਼ਾ 30 'ਤੇ



ਕੈਨੇਡਾ ਦੇ ਰੱਖਿਆ ਮੰਤਰੀ ਹਰਜੀਤ ਸਿੰਘ ਸੱਜਣ ਜਲੰਧਰ ਸਥਿਤ ਯੂਨੀਕ ਹੋਮ ਵਿਖੇ ਇੱਕ ਬੱਚੀ ਨੂੰ ਲਾਡ ਲਡਾਉਂਦੇ ਹੋਏ।

# ਮੈਨੂੰ ਆਪਣੇ ਪਿਛੋਕੜ ਅਤੇ ਵਿਰਸੇ 'ਤੇ ਮਾਣ : ਹਰਜੀਤ ਸਿੰਘ ਸੱਜਣ

**ਹਰਕਵਲਜੀਤ ਸਿੰਘ**



ਚੰਡੀਗੜ੍ਹ : ਭਾਰਤੀ ਮੂਲ ਦੇ ਕੈਨੇਡਾ ਦੇ ਰੱਖਿਆ ਮੰਤਰੀ ਸ ਹਰਜੀਤ ਸਿੰਘ ਸੱਜਣ ਨੇ ਆਪਣੀ 2 ਦਿਨਾਂ ਪੰਜਾਬ ਯਾਤਰਾ ਖ਼ਤਮ ਕਰਕੇ ਮੁੰਬਈ ਲਈ ਰਵਾਨਾ ਹੋਣ ਤੋਂ ਪਹਿਲਾਂ ਕੈਨੇਡਾ ਦੇ ਚੰਡੀਗੜ੍ਹ ਸਥਿਤ ਕੌਂਸਲ ਜਨਰਲ ਦੇ ਦਫ਼ਤਰ ਵਿਖੇ ਵਿਸ਼ੇਸ਼ ਮੁਲਾਕਾਤ ਕੀਤੀ। ਸ. ਸੱਜਣ ਨਾਲ ਗੱਲਬਾਤ ਦੌਰਾਨ ਉਨ੍ਹਾਂ ਦੇ ਫੌਜੀ ਪਿਛੋਕੜ ਦੀ ਝਲਕ ਸਪਸ਼ਟ ਨਜ਼ਰ ਆ ਰਹੀ ਸੀ ਅਤੇ ਰਵਾਇਤੀ ਸਿਆਸਤਦਾਨਾਂ ਵਾਂਗ ਕਿਸੇ ਸਵਾਲ ਜਾਂ ਮੁੱਦੇ ਨੂੰ ਘੁੰਮਾਉਣ ਦੀ ਥਾਂ ਉਹ ਸਪਸ਼ਟ ਜੁਆਬ ਦੇਣ ਜਾਂ ਚੁੱਪੀ ਨੂੰ ਤਰਜੀਹ ਦੇ ਰਹੇ ਸਨ। 46 ਸਾਲਾ ਸ. ਹਰਜੀਤ ਸਿੰਘ ਸੱਜਣ, ਜਿਨ੍ਹਾਂ ਅਫਗਾਨਿਸਤਾਨ ਅਤੇ ਬੋਸਨੀਆ ਵਿਖੇ ਅੱਤਵਾਦੀ ਅਨਸਰਾਂ ਅਤੇ ਡਰੱਗ ਮਾਫੀਆ ਵਿਰੁੱਧ ਜੰਗ ਵਿਚ ਅਹਿਮ ਭੂਮਿਕਾ ਨਿਭਾਈ ਅਤੇ ਕੈਨੇਡਾ ਸਰਕਾਰ ਵੱਲੋਂ ਕਈ ਮੌਕਿਆਂ 'ਤੇ ਵੱਡੇ ਸਨਮਾਨ ਵੀ ਪ੍ਰਾਪਤ ਕੀਤੇ, ਆਪਣੀ ਪੰਜਾਬ ਯਾਤਰਾ ਨੂੰ ਲੈ ਕੇ ਕਾਫ਼ੀ ਭਾਵੁਕ ਨਜ਼ਰ ਆਏ। ਉਨ੍ਹਾਂ ਦਾ ਕਹਿਣਾ ਹੈ ਕਿ ਭਾਰਤ ਦੀ ਮੌਜੂਦਾ ਯਾਤਰਾ ਉਨ੍ਹਾਂ ਦਾ ਸਰਕਾਰੀ ਪ੍ਰੋਗਰਾਮ ਸੀ ਪਰ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਅਤੇ ਆਪਣੇ ਜੱਦੀ ਪਿੰਡ ਬੰਬੇਲੀ ਜਾਣਾ ਉਨ੍ਹਾਂ ਦਾ ਨਿੱਜੀ ਪ੍ਰੋਗਰਾਮ ਸੀ, ਜਿਸ ਨੂੰ ਲੈ ਕੇ ਉਹ ਬਹੁਤ ਹੀ ਉਤਸੁਕ ਅਤੇ ਭਾਵੁਕ ਵੀ ਸਨ। ਉਨ੍ਹਾਂ ਦੱਸਿਆ ਕਿ ਫੌਜ ਦੀ ਨੌਕਰੀ ਦੌਰਾਨ ਆਪਣੀਆਂ ਸਖ਼ਤ ਡਿਊਟੀਆਂ ਦੇ ਹੁੰਦਿਆਂ ਉਹ ਕਾਫ਼ੀ ਸਮੇਂ ਤੋਂ ਉਕਤ ਦੋਨਾਂ ਥਾਵਾਂ 'ਤੇ ਨਹੀਂ ਆ ਸਕੇ ਸਨ, ਜਿਨ੍ਹਾਂ ਪ੍ਰਤੀ ਉਨ੍ਹਾਂ ਦਾ ਅਥਾਹ ਪਿਆਰ ਤੇ ਸ਼ਰਧਾ ਹੈ। ਉਨ੍ਹਾਂ ਕਿਹਾ ਕਿ ਮੈਨੂੰ ਆਪਣੇ ਪਿਛੋਕੜ 'ਤੇ ਮਾਣ ਹੈ ਅਤੇ ਮੈਂ ਸਾਰਿਆਂ ਨੂੰ ਇਹ ਦੱਸ ਕੇ ਖੁਸ਼ੀ ਮਹਿਸੂਸ ਕਰਦਾ ਹਾਂ ਕਿ ਮੈਂ ਕਿਵੇਂ ਇੱਕ ਛੋਟੇ ਜਿਹੇ ਪਿੰਡ ਤੋਂ ਉਠ ਕੇ ਮਿਹਨਤ ਨਾਲ ਇਥੋਂ ਤੱਕ ਪੁੱਜਾ ਹਾਂ। ਸ. ਹਰਜੀਤ ਸਿੰਘ ਸੱਜਣ ਨਾਲ ਕੀਤੀ ਗਈ ਗੱਲਬਾਤ ਦੇ ਅੰਸ਼ ਇਸ ਪ੍ਰਕਾਰ ਹਨ :

**ਸਵਾਲ-ਤੁਸੀਂ ਆਪਣੀ ਪੰਜਾਬ ਫੇਰੀ ਬਾਰੇ ਕੀ ਮਹਿਸੂਸ ਕਰਦੇ ਹੋ ?**

ਜਵਾਬ- ਲੰਮਾ ਸਮਾਂ ਫੌਜੀ ਮੁਹਿੰਮਾਂ ਵਿਚ ਵਿਅਸਤ ਰਹਿਣ ਕਾਰਨ ਮੈਂ ਪੰਜਾਬ ਨਹੀਂ ਆ ਸਕਿਆ ਸੀ, ਜਿਸ ਲਈ ਮੈਂ ਕਾਫ਼ੀ ਸਮੇਂ ਤੋਂ ਉਤਾਵਲਾ ਵੀ ਸੀ। ਮੈਂ ਹਾਲਾਂਕਿ ਕੇਵਲ 5 ਸਾਲਾਂ ਦਾ ਸੀ ਜਦੋਂ ਪਿੰਡ ਤੋਂ ਕੈਨੇਡਾ ਚਲਾ ਗਿਆ ਸੀ, ਪਰ ਫਿਰ ਵੀ ਮੇਰੀਆਂ ਪਿੰਡ ਨਾਲ ਜੁੜੀਆਂ ਬਹੁਤ ਯਾਦਾਂ ਹਨ। ਸੁਰੱਖਿਆ ਦੀਆਂ ਮਜਬੂਰੀਆਂ ਕਾਰਨ ਮੈਂ ਪਿੰਡ ਵਿਚ ਬਹੁਤਾ ਫਿਰ ਤੁਰ ਨਹੀਂ ਸਕਿਆ ਪਰ ਫਿਰ ਵੀ ਮੈਂ ਵਫ਼ਦ ਵਿਚ ਮੇਰੇ ਨਾਲ ਮਿਲਟਰੀ ਅਟੈਚੀ ਤੇ ਦੂਜੇ ਅਧਿਕਾਰੀਆਂ ਨੂੰ ਆਪਣੇ ਪਿੰਡ ਦੀਆਂ ਯਾਦਾਂ ਸਬੰਧੀ ਦੱਸਦਿਆਂ ਥਾਵਾਂ ਦਿਖਾਉਂਦਾ ਰਿਹਾ। ਉਨ੍ਹਾਂ ਦੱਸਿਆ ਕਿ ਮੈਂ ਜਦੋਂ ਪਿੰਡ ਛੱਡਿਆ ਉਸ ਸਮੇਂ ਪਾਣੀ ਖੂਹ ਤੋਂ ਲੈਣਾ ਪੈਂਦਾ ਸੀ ਅਤੇ ਘਰਾਂ ਵਿਚ ਪਖਾਨੇ ਵੀ ਨਹੀਂ ਸਨ। ਪਰ ਹੁਣ ਬਹੁਤ ਸੋਹਣੇ ਨਵੇਂ ਘਰ ਬਣ ਗਏ ਹਨ। ਪਿੰਡ ਦੀ ਇਸ ਫੇਰੀ ਨੇ ਮੇਰੀਆਂ ਅੰਬਾਂ ਦੇ ਬਾਗਾਂ ਸਬੰਧੀ ਯਾਦਾਂ ਵੀ ਤਾਜ਼ਾ ਕਰ ਦਿੱਤੀਆਂ ਹਨ। ਉਨ੍ਹਾਂ ਕਿਹਾ ਕਿ ਮੇਰੀਆਂ ਪਿੰਡ ਦੀਆਂ ਯਾਦਾਂ ਬੜੀਆਂ ਖੁਸ਼ਗਵਾਰ ਹਨ। ਉਨ੍ਹਾਂ ਕਿਹਾ ਕਿ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਨਾਲ ਵੀ ਮੇਰੀ ਬਹੁਤ ਭਾਵਨਾਤਮਕ ਤੇ ਖਾਸ ਸਾਂਝ ਹੈ ਅਤੇ ਉਥੇ ਨਤਮਸਤਕ ਹੋ ਕੇ ਮੇਰੀ ਮਗਰਲੇ ਕਾਫ਼ੀ ਸਮੇਂ ਤੋਂ ਚੱਲ ਰਹੀ ਇੱਛਾ ਪੂਰੀ ਹੋਈ ਹੈ।

**ਸਵਾਲ-ਪੰਜਾਬ ਇਸ ਵੇਲੇ ਬੇਰੁਜ਼ਗਾਰੀ ਤੇ ਨਸ਼ਿਆਂ ਦੀ ਸਮੱਸਿਆ ਨਾਲ ਜੂਝ ਰਿਹਾ ਹੈ ਕੈਨੇਡਾ ਕੀ ਇਸ ਸਬੰਧੀ ਕੋਈ ਮਦਦ ਦੇ ਸਕਦਾ ਹੈ ?**

ਜਵਾਬ- ਨਸ਼ਿਆਂ ਦੀ ਸਮੱਸਿਆ ਦਾ ਸਾਹਮਣਾ ਸਮੁੱਚੀ ਦੁਨੀਆ ਨੂੰ ਕਰਨਾ ਪੈ ਰਿਹਾ ਹੈ ਪਰ ਮੈਨੂੰ ਪੰਜਾਬ ਦੇ ਜ਼ਮੀਨੀ ਹਾਲਾਤ ਸਬੰਧੀ ਪਤਾ ਨਹੀਂ, ਜਿਸ ਕਾਰਨ ਮੈਂ ਇਸ ਸਬੰਧੀ ਕੋਈ ਸਲਾਹ ਨਹੀਂ ਦੇ ਸਕਦਾ। ਪਰ ਮੈਂ ਅਫਗਾਨਿਸਤਾਨ ਅਤੇ ਕੈਨੇਡਾ ਵਿਖੇ ਡਰੱਗ ਮਾਫੀਏ ਨਾਲ ਨਜਿੱਠਣ ਲਈ ਕਾਫ਼ੀ ਕੰਮ ਕੀਤਾ ਹੈ ਅਤੇ ਮੇਰਾ ਮੰਨਣਾ ਹੈ ਕਿ ਨਸ਼ਾ ਵੀ ਆਪਣੇ ਆਪ ਵਿਚ ਇੱਕ ਵਪਾਰ ਤੇ ਧੰਦਾ ਹੈ ਅਤੇ ਜਦੋਂ ਤੱਕ ਨਸ਼ਿਆਂ ਦੇ ਸੇਵਨ ਕਰਨ ਵਾਲਿਆਂ ਨੂੰ ਨਹੀਂ ਰੋਕਿਆ ਜਾਂਦਾ, ਉਸ ਵੇਲੇ ਤੱਕ ਨਸ਼ਿਆਂ ਦਾ ਵਪਾਰ ਖ਼ਤਮ ਨਹੀਂ ਹੋ ਸਕਦਾ। ਇਸ ਲਈ ਜ਼ਰੂਰੀ ਹੈ ਕਿ ਨਸ਼ਿਆਂ ਦੇ ਖਪਤਕਾਰਾਂ ਨੂੰ ਨਸ਼ੇ ਕਰਨ ਤੋਂ ਰੋਕਿਆ ਜਾਵੇ ਅਤੇ ਨਸ਼ਿਆਂ ਦੀ ਮੰਗ ਨੂੰ ਖ਼ਤਮ ਕੀਤਾ ਜਾਵੇ। ਪਰ ਜਿੱਥੋਂ ਤੱਕ ਰੁਜ਼ਗਾਰ ਦਾ ਸਵਾਲ ਹੈ ਕੈਨੇਡਾ ਵਿਚ ਪੰਜਾਬੀਆਂ ਦੀ ਵੱਡੀ ਗਿਣਤੀ ਹੈ ਅਤੇ ਕੈਨੇਡਾ ਤੇ ਪੰਜਾਬ ਅਜਿਹੇ ਖੇਤਰਾਂ ਦੀ ਪਛਾਣ ਕਰ ਸਕਦੇ ਹਨ, ਜਿਨ੍ਹਾਂ ਸਬੰਧੀ ਪੰਜਾਬ ਵਿਚ ਪੂੰਜੀ ਨਿਵੇਸ਼ ਦੀ ਸੰਭਾਵਨਾ ਹੈ ਅਤੇ ਕੈਨੇਡੀਅਨ ਪੰਜਾਬੀ ਇਸ ਕੰਮ ਵਿਚ ਵੱਡੇ ਮਦਦਗਾਰ ਬਣ ਸਕਦੇ ਹਨ।

**ਸਵਾਲ- ਅਮਰੀਕਾ ਵੱਲੋਂ ਬਾਹਰੋਂ ਆਉਣ ਵਾਲੇ ਪ੍ਰਵਾਸੀਆਂ ਲਈ ਕਾਨੂੰਨ ਸਖ਼ਤ ਕੀਤੇ ਜਾ ਰਹੇ ਹਨ ਕੀ ਕੈਨੇਡਾ ਵੀ ਅਜਿਹਾ ਵਿਚਾਰ ਰੱਖਦਾ ਹੈ ?**

ਜਵਾਬ- ਅਮਰੀਕਾ ਅਤੇ ਕੈਨੇਡਾ ਦੇ ਬਹੁਤ ਚੰਗੇ ਸਬੰਧ ਹਨ ਪਰ ਵੱਖ-ਵੱਖ ਦੇਸ਼ਾਂ ਦੇ ਆਪਣੇ ਵੱਖੋ-ਵੱਖ ਇਮੀਗ੍ਰੇਸ਼ਨ ਕਾਨੂੰਨ ਹਨ। ਅਮਰੀਕਾ ਬਾਰੇ ਮੈਂ ਕੁਝ ਨਹੀਂ ਕਹਿ ਸਕਦਾ ਪਰ ਕੈਨੇਡਾ ਦਾ ਮੌਜੂਦਾ ਕਾਨੂੰਨਾਂ ਨੂੰ ਸਖ਼ਤ ਕਰਨ ਦਾ ਕੋਈ ਵਿਚਾਰ ਨਹੀਂ ਹੈ। ਕੈਨੇਡਾ ਨੇ ਤਾਂ ਹੁਣੇ ਹੀ ਸੀਰੀਆ ਤੋਂ 40 ਹਜ਼ਾਰ ਸ਼ਰਨਾਰਥੀਆਂ ਨੂੰ ਪ੍ਰਵਾਨ ਕੀਤਾ ਹੈ। ਕੈਨੇਡਾ ਨੂੰ ਤਾਂ ਪ੍ਰਵਾਸੀਆਂ ਦੇ ਦੇਸ਼ ਵਜੋਂ ਹੀ ਜਾਣਿਆ ਜਾਂਦਾ ਹੈ, ਜਿੱਥੇ ਵੱਖ-ਵੱਖ ਸਭਿਆਚਾਰਾਂ ਨੂੰ ਪ੍ਰਫੁੱਲਤ ਹੋਣ ਦਾ ਬਰਾਬਰ ਮੌਕਾ ਵੀ ਦਿੱਤਾ ਜਾ ਰਿਹਾ ਹੈ। ਪਰ ਕੈਨੇਡਾ ਅਜਿਹੀ ਇੰਮੀਗਰੇਸ਼ਨ ਪ੍ਰਣਾਲੀ ਜ਼ਰੂਰ ਚਾਹੇਗਾ, ਜਿਸ ਦਾ ਕੈਨੇਡਾ ਨੂੰ ਵੀ ਬਰਾਬਰ ਲਾਭ ਮਿਲੇ।

**ਸਵਾਲ- ਉਹ ਕਿਹੜੇ ਖੇਤਰ ਹਨ, ਜਿਨ੍ਹਾਂ ਵਿਚ ਭਾਰਤ ਤੇ ਕੈਨੇਡਾ ਮਿਲਵਰਤਣ ਦੇ ਇੱਛੁਕ ਹਨ ?**

ਜਵਾਬ- ਕੈਨੇਡਾ ਅਤੇ ਭਾਰਤ ਦਰਮਿਆਨ ਵਪਾਰ ਅਤੇ ਅਦਾਨ-ਪ੍ਰਦਾਨ ਮਗਰਲੇ ਸਮੇਂ ਦੌਰਾਨ ਕਾਫ਼ੀ ਵਧਿਆ ਹੈ। ਪਰ ਅਜੇ ਵੀ ਇਸ ਵਿਚ ਹੋਰ ਵਾਧੇ ਦੀ ਵੱਡੀ ਗੁੰਜ਼ਾਇਸ਼ ਹੈ। ਮੈਂ ਦਿੱਲੀ ਵਿਖੇ ਰੱਖਿਆ ਮੰਤਰੀ ਅਤੇ ਵਿਦੇਸ਼ ਮੰਤਰੀ ਨਾਲ ਵੀ ਇਸ ਸਬੰਧੀ ਮੀਟਿੰਗਾਂ ਕੀਤੀਆਂ ਹਨ ਪਰ ਮੈਂ ਮਹਿਸੂਸ ਕਰਦਾ ਹਾਂ ਇਸ ਲਈ ਦੋਨਾਂ ਦੇਸ਼ਾਂ ਦੀਆਂ ਕੰਪਨੀਆਂ, ਸਨਅਤਕਾਰਾਂ ਅਤੇ ਵਪਾਰੀਆਂ ਦਰਮਿਆਨ ਗੱਲਬਾਤ ਹੋਣੀ ਚਾਹੀਦੀ ਹੈ। ਕੈਨੇਡੀਅਨ ਕੰਪਨੀਆਂ ਨੂੰ ਵੀ ਹਿੰਦੁਸਤਾਨ ਤੇ ਪੰਜਾਬ ਵਿਚ ਪੂੰਜੀ ਨਿਵੇਸ਼ ਲਈ ਜਾਗਰੂਕ ਕਰਨ ਦੀ ਲੋੜ ਹੈ।

**ਸਵਾਲ-ਕੈਨੇਡੀਅਨ ਸਿੱਖਾਂ ਨੂੰ ਆਪਣੀ ਪਛਾਣ ਕਾਇਮ ਰੱਖਣ ਵਿਚ ਕੀ ਕੋਈ ਮੁਸ਼ਕਲਾਂ ਦਾ ਵੀ ਸਾਹਮਣਾ ਕਰਨਾ ਪੈ ਰਿਹਾ ਹੈ ?**

ਜਵਾਬ- ਕੈਨੇਡਾ ਵਿਚ ਪੰਜਾਬੀਆਂ ਸਮੇਤ ਸਾਰੀਆਂ ਦੂਜੀਆਂ ਘੱਟ ਗਿਣਤੀਆਂ ਨੂੰ ਆਪਣੀ ਪਛਾਣ ਕਾਇਮ ਰੱਖਣ ਸਬੰਧੀ ਉਤਸ਼ਾਹਤ ਕੀਤਾ ਜਾਂਦਾ ਹੈ ਅਤੇ ਕਿਸੇ ਨੂੰ ਵੀ ਆਪਣੀ ਪਛਾਣ ਕਾਇਮ ਰੱਖਣ ਵਿਚ ਕੋਈ ਮੁਸ਼ਕਲ ਜਾਂ ਸਮੱਸਿਆ ਪੇਸ਼ ਨਹੀਂ ਆ ਰਹੀ ਅਤੇ ਸਾਰੇ ਸਭਿਆਚਾਰਾਂ ਅਤੇ ਘੱਟ ਗਿਣਤੀਆਂ ਨੂੰ ਵਧਣ-ਫੁੱਲਣ ਲਈ ਬਰਾਬਰ ਦੇ ਮੌਕੇ ਮਿਲ ਰਹੇ ਹਨ। ਉਨ੍ਹਾਂ ਕਿਹਾ ਕਿ ਕੈਨੇਡਾ ਵਿਚ ਵਸੇ ਇੱਕ ਛੋਟੇ ਜਿਹੇ ਦੇਸ਼ ਯੂਕਰੇਨ ਦੇ ਲੋਕ ਵੀ ਕੈਨੇਡਾ ਵਿਚ ਰਹਿੰਦਿਆਂ ਆਪਣੀ ਵੱਖਰੀ ਪਛਾਣ ਨੂੰ ਬਰਾਬਰ ਬਰਕਰਾਰ ਰੱਖ ਰਹੇ ਹਨ।

**ਸਵਾਲ-ਕੈਨੇਡਾ ਵਿਚ ਪੰਜਾਬੀ ਭਾਈਚਾਰੇ ਦੇ ਬੋਲਬਾਲੇ ਤੇ ਸਫ਼ਲਤਾ ਦਾ ਤੁਸੀਂ ਕੀ ਕਾਰਨ ਸਮਝਦੇ ਹੋ ?**

ਜਵਾਬ- ਪੰਜਾਬੀ ਮਿਹਨਤਕਸ਼ ਹਨ ਅਤੇ ਜਿਨ੍ਹਾਂ ਖੇਤਰਾਂ ਤੇ ਪਿੰਡਾਂ ਵਿਚੋਂ ਉਹ ਗਏ ਹਨ, ਉਨ੍ਹਾਂ ਨੂੰ ਉਥੋਂ ਸਖ਼ਤ ਮਿਹਨਤ ਕਰਨ, ਸਵੇਰੇ ਛੇਤੀ ਉਠਣ ਦੀਆਂ ਆਦਤਾਂ ਪਈਆਂ ਹਨ, ਜੋ ਉਨ੍ਹਾਂ ਦੀ ਵੱਡੀ ਸਫ਼ਲਤਾ ਦਾ ਕਾਰਨ ਬਣੀਆਂ ਹਨ। ਉਨ੍ਹਾਂ ਕਿਹਾ ਕਿ ਕੈਨੇਡਾ ਵਿਚ ਜਿਨ੍ਹਾਂ ਲੋਕਾਂ ਨੇ ਜਾ ਕੇ ਬੇਰ ਤੋੜਨ ਵਰਗੀਆਂ ਨੌਕਰੀਆਂ ਕੀਤੀਆਂ, ਉਹ ਵੀ ਅੱਜ ਵੱਡੇ ਫਾਰਮ ਹਾਊਸਾਂ ਦੇ ਮਾਲਕ ਬਣੇ ਹੋਏ ਹਨ ਅਤੇ ਇਸ ਦਾ ਮੁੱਖ ਕਾਰਨ ਉਨ੍ਹਾਂ ਵੱਲੋਂ ਕੀਤੀ ਸਖ਼ਤ ਮਿਹਨਤ ਹੈ। ਉਨ੍ਹਾਂ ਕੁਝ ਦਹਾਕੇ ਪਹਿਲਾਂ ਦੇ ਪੰਜਾਬ ਦੇ ਪਿੰਡਾਂ ਦੇ ਜੀਵਨ ਨੂੰ ਵੀ ਬਿਆਨ ਕੀਤਾ, ਜਿਸ ਵਿਚ ਸਖ਼ਤ ਮਿਹਨਤ ਆਮ ਲੋਕਾਂ ਲਈ ਆਦਤ ਅਤੇ ਲੋੜ ਸੀ।

**ਸਵਾਲ- ਪੰਜਾਬ ਤੋਂ ਵਾਪਸੀ ਮੌਕੇ ਤੁਸੀਂ ਪੰਜਾਬੀਆਂ ਨੂੰ ਕੀ ਸੰਦੇਸ਼ ਦੇਣਾ ਚਾਹੋਗੇ ?**

ਜਵਾਬ - ਮੈਨੂੰ ਆਪਣੇ ਪਿਛੋਕੜ, ਵਿਰਸੇ ਅਤੇ ਸਭਿਆਚਾਰ 'ਤੇ ਮਾਣ ਹੈ। ਮੈਂ ਸਾਰੇ ਪੰਜਾਬੀਆਂ ਨੂੰ ਦੱਸਣਾ ਚਾਹਾਂਗਾ ਕਿ ਮੈਂ ਕਿਵੇਂ ਇੱਕ ਪਿੰਡ ਤੋਂ ਉੱਠ ਕੇ ਮਿਹਨਤ ਤੇ ਲਗਨ ਨਾਲ ਅੱਜ ਇੱਥੋਂ ਤੱਕ ਪੁੱਜਿਆ ਹਾਂ। ਮੈਨੂੰ ਇੱਥੋਂ ਤੱਕ ਪਹੁਚਾਉਣ ਵਿਚ ਮੇਰੇ ਪਿੰਡ, ਮੇਰੇ ਪਰਿਵਾਰ ਤੇ ਸਮਾਜ ਤੋਂ ਮਿਲੀ ਸਿੱਖਿਆ ਦਾ ਵੀ ਅਹਿਮ ਰੋਲ ਹੈ। ਉਨ੍ਹਾਂ ਪੰਜਾਬੀਆਂ ਨੂੰ ਕਿਹਾ ਕਿ ਉਹ ਮਿਹਨਤ ਕਰਨ ਵਿਚ ਮੋਢੀ ਹੋਣ ਦੀ ਆਪਣੀ ਰਵਾਇਤ ਨੂੰ ਕਾਇਮ ਰੱਖਣ।

# ਛੱਤ 'ਤੇ ਖ਼ੁਦ ਮੰਜਾ ਡਾਹ ਕੇ ਤੇ ਫਰਾਟਾ ਲਾ ਕੇ ਸੁੱਤੇ ਹਰਜੀਤ ਸਿੰਘ ਸੱਜਣ

*• ਕਿਹਾ-ਕੈਨੇਡਾ ਦਾ ਮੰਤਰੀ ਹਾਂ ਪਰ ਪਿੰਡ ਦਾ ਤਾਂ ਸੱਜਣ ਹੀ ਹਾਂ • ਰਾਤ ਨੂੰ ਖਾਧੀ ਮੱਕੀ ਦੀ ਰੋਟੀ ਤੇ ਸ਼ੱਕਰ-ਘਿਓ, ਸਵੇਰੇ ਆਲੂ ਦੇ ਪਰੌਂਠੇ ਤੇ ਦਹੀਂ*



**ਬੰਬੇਲੀ (ਹੁਸ਼ਿਆਰਪੁਰ)/ਬਿਊਰੋ ਨਿਊਜ਼** : ਕੈਨੇਡਾ ਦੇ ਰੱਖਿਆ ਮੰਤਰੀ ਹਰਜੀਤ ਸਿੰਘ ਸੱਜਣ ਆਪਣੇ ਪਿੰਡ ਖੱਟੀਆਂ-ਮਿੱਠੀਆਂ ਯਾਦਾਂ ਨਾਲ ਕੈਨੇਡਾ ਪਰਤ ਗਏ ਹਨ। ਜਾਂਦੇ-ਜਾਂਦੇ ਆਪਣੀ ਸਾਦਗੀ ਦੀ ਮਿਸਾਲ ਪੇਸ਼ ਕਰ ਗਏ ਹਨ। ਪੰਜਾਬ ਦਾ ਸ਼ਾਇਦ ਹੀ ਕੋਈ ਅਜਿਹਾ ਨੇਤਾ ਹੋਵੇਗਾ, ਜਿਸ ਨੇ ਏਨੀ ਸਾਦਗੀ ਦਾ ਸਬੂਤ ਦਿੱਤਾ ਹੋਵੇ। ਬੇਸ਼ੱਕ ਸਰਕਾਰ ਨੇ ਰਾਤ ਨੂੰ ਬਿਜਲੀ ਕੱਟ ਦਾ ਸਿਲਸਿਲਾ ਜਾਰੀ ਰੱਖਿਆ, ਪਰ ਸੱਜਣ ਆਪਣੇ ਘਰ ਦੀ ਛੱਤ 'ਤੇ ਖ਼ੁਦ ਫਰਾਟਾ ਪੱਖਾ ਲਗਾ ਕੇ ਉਸ ਦੀ ਹਵਾ ਵਿਚ ਮਸਤੀ ਨਾਲ ਸੌ ਗਏ। ਚਾਰ ਘੰਟਿਆਂ ਦੀ ਨੀਂਦ ਮਗਰੋਂ ਰੱਬ ਦਾ ਸ਼ੁਕਰਾਨਾ ਅਦਾ ਕੀਤਾ ਤੇ ਆਪਣੇ ਬੰਬੇਲੀ ਤੋਂ ਵਿਦਾਈ ਲਈ। ਸੱਜਣ ਦੇ ਮਨ ਵਿਚ ਪਿੰਡ ਦੀਆਂ ਅਧੂਰੀਆਂ ਯਾਦਾਂ ਦੇ ਨਾਲ ਇਕ ਟੀਸ ਵੀ ਬਾਕੀ ਰਹਿ ਗਈ ਕਿ ਉਹ ਨਾ ਤਾਂ ਆਪਣੇ ਪਿੰਡ ਦੀਆਂ ਗਲੀਆਂ ਵਿਚ ਘੁੰਮ ਸਕੇ ਤੇ ਨਾ ਹੀ ਖੇਤਾਂ ਦੀਆਂ ਵੱਟਾਂ 'ਤੇ ਟਹਿਲ ਸਕੇ। ਸਿਰਫ਼ ਆਪਣੇ ਘਰ ਦੇ ਚੌਬਾਰੇ ਤੋਂ ਦੂਰੋਂ ਹੀ ਪਿੰਡ ਦੇ ਖੇਤਾਂ ਨੂੰ ਨਿਹਾਰਦੇ ਰਹੇ ਤੇ ਉਥੋਂ ਦੀਆਂ ਤਸਵੀਰਾਂ ਲੈ ਕੇ ਸਬਰ ਕਰ ਲਿਆ। ਪਿੰਡ ਤੋਂ ਰਵਾਨਾ ਹੋਣ ਤੋਂ ਪਹਿਲਾਂ ਵੀ ਉਨ੍ਹਾਂ ਨੇ ਪਿੰਡ ਦੀ ਫੇਰੀ ਲਾਉਣ ਦੀ ਇੱਛਾ ਜ਼ਾਹਰ ਕੀਤੀ ਪਰ ਸੁਰੱਖਿਆ ਨੂੰ ਲੈ ਕੇ ਉਨ੍ਹਾਂ ਨੂੰ ਅਜਿਹਾ ਨਾ ਕਰਨ ਦਿੱਤਾ ਗਿਆ। ਉਹ ਪਿੰਡ ਵਾਲਿਆਂ ਨੂੰ ਇਹ ਸੁਨੇਹਾ ਦੇ ਗਏ ਕਿ ਉਨ੍ਹਾਂ ਨਾਲ ਰੂਬਰੂ ਨਾ ਹੋਣ ਦਾ ਮਲਾਲ ਉਨ੍ਹਾਂ ਨੂੰ ਜ਼ਿੰਦਗੀ ਭਰ ਰਹੇਗਾ। ਜਦੋਂ ਹਰਜੀਤ ਸਿੰਘ ਸੱਜਣ ਗੁਰਦੁਆਰਾ ਸਾਹਿਬ ਤੋਂ ਸਿੱਧਾ ਆਪਣੇ ਘਰ ਗਏ ਤਾਂ ਉਥੇ ਉਨ੍ਹਾਂ ਨੇ ਜੁੱਤੇ ਲਾਹ ਕੇ ਚੱਪਲਾਂ ਪਾਈਆਂ। ਪਹਿਲਾਂ ਤੋਂ ਹੀ ਘਰ ਵਿਚ ਬਣੇ ਪਕੌੜੇ ਖਾਧੇ ਤੇ ਖ਼ੁਦ ਕੈਨੇਡਾ ਦੀਆਂ ਸੁਰੱਖਿਆ ਏਜੰਸੀਆਂ ਦੇ ਲੋਕਾਂ ਨੂੰ ਵੀ ਖਵਾਏ। ਉਨ੍ਹਾਂ ਕਿਹਾ ਕਿ ਹੁਣ ਉਹ ਉਨ੍ਹਾਂ ਦੇ ਘਰ ਦੇ ਮਹਿਮਾਨ ਹਨ। ਕੁਝ ਸਮਾਂ ਘਰ ਵਾਲਿਆਂ ਨਾਲ ਗੱਲਾਂ ਕਰਨ ਮਗਰੋਂ ਉਨ੍ਹਾਂ ਨੇ ਘਿਓ-ਸ਼ੱਕਰ ਨਾਲ ਮੱਕੀ ਦੀ ਰੋਟੀ ਖਾਣ ਦੀ ਇੱਛਾ ਜ਼ਾਹਰ ਕੀਤੀ। ਘਰਵਾਲਿਆਂ ਨੇ ਉਸ ਸਮੇਂ ਉਨ੍ਹਾਂ ਨੂੰ ਮੱਕੀ ਦੀ ਰੋਟੀ ਤੇ ਘਿਓ-ਸ਼ੱਕਰ ਪਰੋਸਿਆ। ਉਨ੍ਹਾਂ ਨੇ ਪਿੰਡ ਦੀ ਲੱਸੀ ਵੀ ਮੰਗੀ ਤਾਂ ਉਨ੍ਹਾਂ ਨੂੰ ਲੱਸੀ ਵੀ ਲਿਆ ਦਿੱਤੀ ਗਈ। ਸ਼ਾਮ ਨੂੰ ਬੇਹੱਦ ਸਾਦਾ ਭੋਜਨ ਕਰਨ ਮਗਰੋਂ ਘਰ ਦੀ ਰਸੋਈ ਦੇ ਕੰਮ ਵਿਚ ਹੱਥ ਵੰਡਾ ਰਹੀਆਂ ਪਿੰਡ ਦੀਆਂ ਕੁੜੀਆਂ ਨੂੰ ਕਿਹਾ ਕਿ ਹੁਣ ਤੁਸੀਂ ਬੈਠ ਜਾਓ ਤੇ ਉਨ੍ਹਾਂ ਨੂੰ ਖ਼ੁਦ ਪਾਣੀ ਪਿਲਾਇਆ। ਬਾਅਦ ਵਿਚ ਜਦੋਂ ਕੁੜੀਆਂ ਖਾਣਾ ਖਾ ਰਹੀਆਂ ਸਨ ਤਾਂ ਸੱਜਣ ਰਸੋਈ ਵਿਚ ਗਏ ਤੇ ਉਨ੍ਹਾਂ ਲਈ ਦਹੀਂ ਲੈ ਕੇ ਆਏ। ਇਸੇ ਦੌਰਾਨ ਜਦੋਂ ਪਿੰਡ ਦੇ ਕੁਝ ਲੋਕ ਆਏ ਤਾਂ ਸੱਜਣ ਨੇ ਉਨ੍ਹਾਂ ਨਾਲ ਕਾਫ਼ੀ ਗੱਲਾਂ ਕੀਤੀਆਂ। ਦੇਰ ਰਾਤ ਜਦੋਂ ਸੌਣ ਦਾ ਸਮਾਂ ਆਇਆ ਤਾਂ ਘਰਵਾਲਿਆਂ ਨੇ ਸੱਜਣ ਲਈ ਬਾਕਾਇਦਾ ਇਕ ਏ.ਸੀ. ਰੂਮ ਤਿਆਰ ਕੀਤਾ ਹੋਇਆ ਸੀ, ਪਰ ਉਨ੍ਹਾਂ ਨੇ ਏ.ਸੀ. ਰੂਮ ਛੱਡ ਕੇ ਘਰ ਵਿਚ ਹੇਠਾਂ ਪਿਆ ਇਕ ਮੰਜਾ ਚੁੱਕਿਆ ਤੇ ਛੱਤ 'ਤੇ ਲਿਜਾ ਕੇ ਚੌਬਾਰੇ 'ਤੇ ਬਣੀ ਬਾਲਕੋਨੀ ਵਿਚ ਰੱਖ ਦਿੱਤਾ ਤੇ ਉਥੇ ਪਿਆ ਫਰਾਟਾ ਪੱਖਾ ਲਗਾਇਆ। ਇਸ ਤੋਂ ਪਹਿਲਾਂ ਉਨ੍ਹਾਂ ਨੇ ਆਪਣੇ ਨਾਲ ਆਏ ਸੁਰੱਖਿਆ ਏਜੰਸੀਆਂ ਦੇ ਮੁਲਾਜ਼ਮਾਂ ਲਈ ਸੌਣ ਦਾ ਇੰਤਜ਼ਾਮ ਕੀਤਾ। ਇਹ ਜਾਣਕਾਰੀ ਦਿੰਦੇ ਹੋਏ ਉਨ੍ਹਾਂ ਦੇ ਚਚੇਰੇ ਭਰਾ ਜਸਵੀਰ ਸਿੰਘ ਸੱਜਣ ਨੇ ਦੱਸਿਆ ਕਿ ਤੜਕੇ 4 ਵਜੇ ਸੱਜਣ ਉਠ ਗਏ ਤੇ ਆਪਣੇ ਕੱਪੜੇ ਖ਼ੁਦ ਪ੍ਰੈੱਸ ਕੀਤੇ ਤੇ 5 ਵਜੇ ਤਿਆਰ ਹੋ ਗਏ ਤੇ ਨਾਸ਼ਤਾ ਕਰਨ ਤੋਂ ਬਾਅਦ ਪਿੰਡ ਤੋਂ ਵਿਦਾਈ ਲੈ ਲਈ। ਸੱਜਣ ਦੇ ਪਿਤਾ ਕੁੰਦਨ ਸਿੰਘ ਨੇ ਉਨ੍ਹਾਂ ਸਾਰੇ ਲੋਕਾਂ ਦਾ ਧੰਨਵਾਦ ਕੀਤਾ, ਜੋ ਉਨ੍ਹਾਂ ਦੇ ਪੁੱਤਰ ਨੂੰ ਮਿਲਣ ਆਏ ਸਨ। ਲੋਕਾਂ ਦਾ ਪਿਆਰ ਦੇਖ ਕੇ ਸੱਜਣ ਬਹੁਤ ਖ਼ੁਸ਼ ਹੋਏ। ਕੁੰਦਨ ਸਿੰਘ ਅਨੁਸਾਰ ਸੱਜਣ ਜ਼ਿਆਦਾ ਸਮਾਂ ਪਿੰਡ ਰਹਿਣਾ ਚਾਹੁੰਦੇ ਸਨ ਪਰ ਸੁਰੱਖਿਆ ਕਾਰਨਾਂ ਕਰਕੇ ਉਨ੍ਹਾਂ ਦੀ ਇੱਛਾ ਪੂਰੀ ਨਾ ਹੋ ਸਕੀ। ਉਨ੍ਹਾਂ ਕਿਹਾ ਕਿ ਆਪਣੇ ਪੁੱਤ ਦੀ ਤਰਫ਼ੋ ਉਹ ਦੋ ਅਨਾਥ ਆਸ਼ਰਮਾਂ ਨੂੰ 50-50 ਹਜ਼ਾਰ ਦੀ ਵਿੱਤੀ ਸਹਾਇਤਾ ਦੇਣਗੇ। ਜ਼ਿਕਰਯੋਗ ਹੈ ਕਿ ਸੱਜਣ ਪਿਛਲੀ ਵਾਰ 2001 ਵਿਚ ਪਿੰਡ ਆਏ ਸਨ। ਉਨ੍ਹਾਂ ਦਾ ਪਰਿਵਾਰ 1970 ਵਿਚ ਕੈਨੇਡਾ ਚਲਾ ਗਿਆ ਸੀ ਤੇ ਸੱਜਣ ਉਸ ਵੇਲੇ ਮਹਿਜ਼ 5 ਸਾਲ ਦੇ ਸਨ। ਉਦੋਂ ਤੋਂ ਲੈ ਕੇ ਹੁਣ ਤੱਕ ਉਨ੍ਹਾਂ ਦਾ ਇਹ ਤੀਜਾ ਗੇੜਾ ਸੀ। ਉਨ੍ਹਾਂ ਦੇ ਪਿਤਾ ਕੁੰਦਨ ਸਿੰਘ ਸੱਜਣ ਤੇ ਮਾਤਾ ਵਿਦਿਆ ਦੇਵੀ ਹਰ 2-3 ਸਾਲ ਬਾਅਦ ਪੰਜਾਬ ਆਉਂਦੇ ਹਨ। ਸੱਜਣ 2015 ਵਿਚ ਕੈਨੇਡੀਅਨ ਪਾਰਲੀਮੈਂਟ ਦੇ ਮੈਂਬਰ ਬਣੇ ਸਨ।

ਅੰਮ੍ਰਿਤਸਰ ਟਾਈਮਜ਼ AMRITSAR TIMES

26 ਅਪ੍ਰੈਲ 2017 ਤੋਂ 02 ਮਈ 2017

## ਕਿਸਾਨਾਂ ਦੇ ਪ੍ਰਧਾਨ ਮੰਤਰੀ ਨਹੀਂ ਹਨ ਨਰਿੰਦਰ ਮੋਦੀ

ਤਾਮਿਲਨਾਡੂ ਗੰਭੀਰ ਰੂਪ ਨਾਲ ਸੋਕੇ ਦਾ ਸਾਹਮਣਾ ਕਰ ਰਿਹਾ ਹੈ। ਸੂਬਾਈ ਸਰਕਾਰ ਨੇ ਤਾਮਿਲਨਾਡੂ ਨੂੰ ਸੋਕਾ ਪੀੜਤ ਐਲਾਨ ਦਿੱਤਾ ਹੈ। ਪੂਰੇ ਭਾਰਤ ਵਿਚ ਕਮਜ਼ੋਰ ਮੌਨਸੂਨ ਕਾਰਨ ਜਿੱਥੇ 8.2 ਫ਼ੀਸਦੀ ਮੀਂਹ ਘੱਟ ਪਏ, ਉਥੇ ਤਾਮਿਲਨਾਡੂ ਵਿਚ 43.7 ਫ਼ੀਸਦੀ ਮੀਂਹ ਦੀ ਕਮੀ ਰਹੀ। ਜ਼ਾਹਰਾ ਤੌਰ 'ਤੇ ਇਸ ਦਾ ਅਸਰ ਸਿੱਧਾ ਖੇਤੀ 'ਤੇ ਹੀ ਪੈਣਾ ਸੀ। ਸੋਕੇ ਦੇ ਚਲਦਿਆਂ ਇਕ ਸਾਲ ਅੰਦਰ ਹੀ ਕਰਜ਼ੇ ਵਿਚ ਡੁੱਬੇ 400 ਦੇ ਕਰੀਬ ਕਿਸਾਨ ਖ਼ੁਦਕੁਸ਼ੀਆਂ ਕਰ ਚੁੱਕੇ ਹਨ। ਸਥਿਤੀ ਦੀ ਭਿਆਨਕਤਾ ਤੋਂ ਬੇਖ਼ਬਰ ਮੋਦੀ ਸਰਕਾਰ ਨੇ ਮਹਿਜ਼ 1712 ਕਰੋੜ ਰੁਪਏ ਹੀ ਮਨਜ਼ੂਰ ਕੀਤੇ ਜਦਕਿ ਸੂਬਾ ਸਰਕਾਰ ਨੇ 40,000 ਕਰੋੜ ਰੁਪਏ ਦੇ ਰਾਹਤ ਪੈਕੇਜ ਦੀ ਮੰਗ ਕੀਤੀ ਹੈ।

ਕੋਈ ਵਾਹ-ਪੇਸ਼ ਜਾਂਦੀ ਨਾ ਦੇਖ ਤਾਮਿਲਨਾਡੂ ਦੇ ਕਿਸਾਨਾਂ ਨੇ ਦਿੱਲੀ ਵੱਲ ਵਹੀਰਾਂ ਘੱਤ ਲਈਆਂ। ਜੰਤਰ-ਮੰਤਰ 'ਤੇ ਲਗਾਤਾਰ 40 ਦਿਨ ਧਰਨਾ ਦਿੱਤਾ। ਇਨ੍ਹਾਂ ਦਿਨਾਂ ਦੌਰਾਨ ਕਿਸਾਨਾਂ ਨੇ ਨਿਰਵਸਤਰ ਹੋ ਕੇ, ਸਾੜੀਆਂ ਪਾ ਕੇ, ਮਨੁੱਖੀ ਖੋਪੜੀਆਂ ਗਲਾਂ ਵਿਚ ਪਾ ਕੇ, ਘਾਹ-ਫੂਸ ਖਾ ਕੇ, ਸੜਕਾਂ 'ਤੇ ਚੌਲ ਵਿਛਾ ਕੇ ਖਾਧੇ, ਚੂਹੇ ਖਾਧੇ, ਤਪਦੀ ਸੜਕ 'ਤੇ ਨਗਨ ਹੋ ਕੇ ਲੋਟਨੀਆਂ ਖਾਧੀਆਂ ਪਰ ਸਰਕਾਰ ਦਾ ਧਿਆਨ ਇਨ੍ਹਾਂ ਵੱਲ ਨਹੀਂ ਗਿਆ। ਆਖ਼ਰ ਇਨ੍ਹਾਂ ਕਿਸਾਨਾਂ ਨੇ ਆਪਣਾ ਪਿਸ਼ਾਬ ਪੀਤਾ ਤੇ ਅਗਲੇ ਦਿਨ ਮਲ ਖਾਣ ਦੀ ਵੀ ਚਿਤਾਵਨੀ ਦਿੱਤੀ ਪਰ ਇਨ੍ਹਾਂ ਨੂੰ ਕੀ ਪਤਾ ਸੀ ਕਿ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਿਰਫ਼ ਆਪਣੇ 'ਮਨ ਕੀ ਬਾਤ' ਕਰਨਾ ਹੀ ਜਾਣਦੇ ਹਨ, ਉਨ੍ਹਾਂ ਨੂੰ ਸਿਰਫ਼ ਕਾਰਪੋਰੇਟ ਦੀ ਹੀ ਚਿੰਤਾ ਹੈ। ਕਿਸਾਨ, ਮਜ਼ਦੂਰ, ਘੱਟ-ਗਿਣਤੀਆਂ ਦਾ ਰੋਣਾ ਉਨ੍ਹਾਂ ਨੇ ਆਪਣੇ ਭਾਸ਼ਣਾਂ ਵਿਚ ਦਿਖਾਵੇ ਲਈ ਸਮੇਟ ਕੇ ਰੱਖਿਆ ਹੋਇਆ। ਇਨ੍ਹਾਂ ਕਿਸਾਨਾਂ ਨੇ ਆਪਣੀਆਂ ਮੰਗਾਂ ਮਨਵਾਉਣ ਲਈ ਜੋ ਕੀਤਾ, ਅਜਿਹਾ ਅੰਦੋਲਨ ਪਹਿਲਾਂ ਕਦੇ ਨਹੀਂ ਹੋਇਆ। ਇਸ ਤੋਂ ਪਹਿਲਾਂ ਵੀ ਪੰਜਾਬ ਸਮੇਤ ਹੋਰਨਾਂ ਸੂਬਿਆਂ ਦੇ ਕਿਸਾਨ ਜੰਤਰ-ਮੰਤਰ 'ਤੇ ਆਪਣੀ ਮੰਗ ਰੱਖਣ ਲਈ ਆਉਂਦੇ ਰਹੇ ਹਨ। ਕਈ ਕਈ ਦਿਨ ਧਰਨੇ ਦਿੰਦੇ ਰਹੇ ਹਨ। ਮਹਿਜ਼ 100 ਕਿਸਾਨਾਂ ਨੇ ਆਪਣੇ ਪ੍ਰਦਰਸ਼ਨ ਦੌਰਾਨ ਲੋਕਾਂ ਦਾ ਖ਼ਾਸ ਕਰਕੇ ਕੌਮੀ ਮੀਡੀਏ ਦਾ ਧਿਆਨ ਖਿੱਚਣ ਲਈ ਇਹ ਢੰਗ ਤਰੀਕੇ ਵਰਤੇ। ਪਰ ਮਹਾਂਨਗਰਾਂ ਵਿਚ ਰਹਿਣ ਵਾਲੇ ਮੱਧ ਵਰਗੀ ਲੋਕਾਂ, ਮੋਦੀ ਭਗਤਾਂ ਨੂੰ ਇਹ ਡਰਾਮਾ ਲਗਦਾ ਰਿਹਾ। ਸੋਸ਼ਲ ਮੀਡੀਆ 'ਤੇ ਇਨ੍ਹਾਂ ਦਾ ਮਜ਼ਾਕ ਉਡਾਇਆ ਗਿਆ। ਇਥੋਂ ਤਕ ਕਿਹਾ ਗਿਆ ਕਿ ਇਨ੍ਹਾਂ ਦਾ ਸਬੰਧ ਤਾਂ ਕਮਿਊਨਿਸਟਾਂ ਨਾਲ ਹੈ। ਇਹ ਜਮਹੂਰੀ ਮੁਲਕ ਹੈ ਤੇ ਇਨ੍ਹਾਂ ਕਿਸਾਨਾਂ ਨੇ ਵੀ ਆਪਣੀ ਗੱਲ ਕਹਿਣ ਲਈ ਜਮਹੂਰੀ ਢੰਗ ਹੀ ਅਪਣਾਇਆ। ਸਵਾਲ ਤਾਂ ਇਹ ਵੀ ਉਠਦਾ ਹੈ ਕਿ ਜੇਕਰ ਇਨ੍ਹਾਂ ਦਾ ਸਬੰਧ ਕਮਿਊਨਿਸਟਾਂ ਨਾਲ ਵੀ ਹੋਵੇ ਤਾਂ ਕਿ ਇਹ ਇਸ ਮੁਲਕ ਦੇ ਬਾਸ਼ਿੰਦੇ ਨਹੀਂ ਹਨ? ਕੀ ਇਨ੍ਹਾਂ ਦੀਆਂ ਲੋੜਾਂ ਮਨੁੱਖੀ ਨਹੀਂ ਹਨ? ਤਾਮਿਲਨਾਡੂ ਵਿਚ ਭਾਜਪਾ ਸੱਤਾ ਵਿਚ ਨਹੀਂ ਆ ਸਕੀ। ਜ਼ਾਹਰ ਹੈ ਇਨ੍ਹਾਂ ਕਿਸਾਨਾਂ ਨੇ ਮੋਦੀ ਨੂੰ ਵੋਟ ਨਹੀਂ ਦਿੱਤੀ ਤੇ ਮੋਦੀ ਇਸ ਲਿਹਾਜ਼ ਨਾਲ ਇਨ੍ਹਾਂ ਦੇ 'ਪ੍ਰਧਾਨ ਮੰਤਰੀ' ਨਹੀਂ ਹਨ। ਕਿਸਾਨਾਂ ਦੇ ਮਲ ਖਾਣ ਦੀ ਚਿਤਾਵਨੀ ਮਗਰੋਂ ਭਾਵੇਂ ਮੋਦੀ ਸਰਕਾਰ ਨੇ ਢੀਠਤਾਈ ਨਾਲ ਅੱਖਾਂ ਫੇਰ ਲਈਆਂ ਪਰ ਤਾਮਿਲਨਾਡੂ ਦੇ ਮੁੱਖ ਮੰਤਰੀ ਪਲਨੀਸਾਮੀ ਇਨ੍ਹਾਂ ਕਿਸਾਨਾਂ ਨੂੰ ਭਰੋਸਾ ਦੇ ਕੇ ਧਰਨਾ ਖ਼ਤਮ ਕਰਵਾ ਗਏ। ਹਾਲ ਦੀ ਘੜੀ ਭਾਵੇਂ ਕਿਸਾਨਾਂ ਨੇ ਧਰਨਾ 25 ਮਈ ਤਕ ਟਾਲ ਦਿੱਤਾ ਹੈ ਪਰ ਮਸਲਾ ਉਥੇ ਹੀ ਖੜ੍ਹਾ ਹੈ।

ਹਾਂ, ਇਹ ਸਿਰਫ਼ ਤਾਮਿਲਨਾਡੂ ਦੇ ਕਿਸਾਨਾਂ ਦੀ ਸਮੱਸਿਆ ਨਹੀਂ ਹੈ। ਪੰਜਾਬ ਸਮੇਤ ਹੋਰ ਵੀ ਸੂਬੇ ਖੇਤੀ ਸੰਕਟ ਨਾਲ ਜੂਝ ਰਹੇ ਹਨ। ਪੰਜਾਬ ਦੀ ਜ਼ਮੀਨ ਦੁਨੀਆ ਵਿਚ ਸਭ ਤੋਂ ਉਪਜਾਊ ਮੰਨੀ ਜਾਂਦੀ ਹੈ। ਸਿੰਜਾਈ ਦੀ ਸੁਵਿਧਾ ਹੋਣ ਦੇ ਬਾਵਜੂਦ, ਕਰਜ਼ੇ ਦੇ ਬੋਝ ਹੇਠ ਦੱਬੇ ਕਿਸਾਨ ਖ਼ੁਦਕੁਸ਼ੀਆਂ ਕਰ ਰਹੇ ਹਨ। ਇਸ ਦਾ ਕਾਰਨ ਸਾਫ਼ ਹੈ ਕਿ ਖੇਤੀ ਤੋਂ ਹੋਣ ਵਾਲੀ ਆਮਦਨ ਲਗਾਤਾਰ ਘੱਟ ਹੁੰਦੀ ਜਾ ਰਹੀ ਹੈ। ਪੰਜਾਬ ਦੇ ਕਿਸਾਨ ਲਗਾਤਾਰ ਧਰਨੇ ਦੇ ਰਹੇ ਹਨ ਪਰ ਮੀਡੀਆ ਵਿਚ ਉਨ੍ਹਾਂ ਦਾ ਦੁੱਖ ਜ਼ਾਹਰ ਕਰਨ ਲਈ ਕੋਈ ਥਾਂ ਨਹੀਂ ਹੈ।

ਸਿਆਸੀ ਏਜੰਡੇ 'ਤੇ ਹੁਣ ਖੇਤੀ ਬਾਜ਼ਾਰ ਦੀ ਲਾਹੇਵੰਦ ਵਸਤੂ ਨਹੀਂ ਹੈ। ਕੌਮਾਂਤਰੀ ਆਰਥਿਕ ਨੀਤੀਆਂ ਵਿਚ ਇਹ ਲਗਾਤਾਰ ਠੋਸਿਆ ਜਾ ਰਿਹਾ ਹੈ ਕਿ ਲੋਕਾਂ ਨੂੰ ਜਦੋਂ ਖੇਤੀ ਵਿਚੋਂ ਬਾਹਰ ਨਹੀਂ ਕੱਢਿਆ ਜਾਵੇਗਾ, ਉਦੋਂ ਤਕ ਆਰਥਿਕ ਵਿਕਾਸ ਨਹੀਂ ਹੋਵੇਗਾ। ਭਾਰਤੀ ਹਕੂਮਤ ਦਾ ਮਕਸਦ 40 ਕਰੋੜ ਲੋਕਾਂ ਨੂੰ ਪਿੰਡਾਂ ਵਿਚੋਂ ਕੱਢ ਕੇ ਸ਼ਹਿਰੀ ਮਜ਼ਦੂਰ ਬਣਾਉਣਾ ਹੈ। ਇਹ ਸਿਰਫ਼ ਮੋਦੀ ਸਰਕਾਰ ਦਾ ਹੀ ਨਹੀਂ, ਡਾ. ਮਨਮੋਹਨ ਸਿੰਘ ਸਰਕਾਰ ਦਾ ਵੀ ਏਜੰਡਾ ਰਿਹਾ ਹੈ। ਯਾਦ ਕਰਨ ਦੀ ਲੋੜ ਹੈ ਕਿ ਵਿਸ਼ਵ ਬੈਂਕ ਨੇ ਅਜਿਹਾ ਕਰਨ ਲਈ 2015 ਤਕ ਦਾ ਸਮਾਂ ਦਿੱਤਾ ਸੀ ਜੋ ਹੁਣ ਤਕ ਦੀਆਂ ਸਰਕਾਰਾਂ ਪੂਰਾ ਨਹੀਂ ਕਰ ਸਕੀਆਂ। ਮਨਮੋਹਨ ਸਰਕਾਰ ਤੇ ਮੋਦੀ ਸਰਕਾਰ ਵਿਸ਼ਵ ਬੈਂਕ ਦੇ ਦਬਾਅ ਹੇਠ ਹਨ। ਇਸੇ ਲਈ ਕਿਸਾਨਾਂ ਦੀ ਬਾਂਹ ਫੜਨ ਦੀ ਬਜਾਏ, ਉਨ੍ਹਾਂ ਨੂੰ ਇਸ ਹਾਲਤ ਤਕ ਪਹੁੰਚਾ ਦਿੱਤਾ ਗਿਆ ਹੈ ਕਿ ਉਹ ਸ਼ਹਿਰਾਂ ਵਿਚ ਆ ਕੇ ਸਸਤੀ ਮਜ਼ਦੂਰੀ ਕਰਨ। ਭਾਰਤੀ ਰਿਜ਼ਰਵ ਬੈਂਕ ਦੇ ਸਾਬਕਾ ਗਵਰਨਰ ਰਘੂਰਾਮ ਰਾਜਨ ਦਾ ਬਿਆਨ ਵੀ ਚੇਤੇ ਕਰਨ ਵਾਲਾ ਹੈ, ਜਿਨ੍ਹਾਂ ਨੇ ਕਿਹਾ ਸੀ ਕਿ ਆਰਥਿਕ ਸੁਧਾਰ ਉਦੋਂ ਹੀ ਹੋਵੇਗਾ, ਜਦੋਂ ਕਿਸਾਨ ਸ਼ਹਿਰਾਂ ਵਿਚ ਆ ਜਾਣ, ਕਿਉਂਕਿ ਸ਼ਹਿਰਾਂ ਵਿਚ ਸਸਤੇ ਮਜ਼ਦੂਰਾਂ ਦੀ ਲੋੜ ਹੈ।

ਮੌਜੂਦਾ ਸਮੇਂ ਭਾਰਤ ਦਾ 52 ਫ਼ੀਸਦੀ ਰਕਬਾ ਖੇਤੀ ਹੇਠ ਆਉਂਦਾ ਹੈ ਤੇ ਅਗਲੇ 5 ਵਰ੍ਹਿਆਂ ਦੌਰਾਨ ਇਸ ਨੂੰ 38 ਫ਼ੀਸਦੀ ਤਕ ਲਿਆਉਣ ਦਾ ਟੀਚਾ ਹੈ। ਮਨਮੋਹਨ ਸਰਕਾਰ ਕਿਉਂਕਿ ਖੱਬੀਆਂ ਧਿਰਾਂ ਦੇ ਦਬਾਅ ਕਾਰਨ ਸੰਸਾਰ ਬੈਂਕ ਦੀਆਂ ਨੀਤੀਆਂ ਲਾਗੂ ਕਰਨ ਵਿਚ ਪੂਰੀ ਤਰ੍ਹਾਂ ਕਾਮਯਾਬ ਨਹੀਂ ਹੋ ਸਕੀ, ਹੁਣ ਪੂਰਨ ਬਹੁਮਤ ਵਾਲੀ ਮੋਦੀ ਸਰਕਾਰ ਇਨ੍ਹਾਂ ਨੀਤੀਆਂ ਨੂੰ ਤੇਜ਼ੀ ਨਾਲ ਲਾਗੂ ਕਰਨ ਵਿਚ ਲੱਗੀ ਹੋਈ ਹੈ। ਮੋਦੀ ਸਰਕਾਰ ਨੂੰ ਜੇਕਰ ਚਿੰਤਾ ਹੈ ਤਾਂ ਕਾਰਪੋਰੇਟ ਜਗਤ ਦੀ ਹੈ, ਜਿਨ੍ਹਾਂ ਦੇ ਉਹ ਕਰੋੜਾਂ ਰੁਪਏ ਦੇ ਕਰਜ਼ੇ ਬੜੀ ਬੇਸ਼ਰਮੀ ਨਾਲ ਮੁਆਫ਼ ਕਰ ਰਹੀ ਹੈ। ਜੇਕਰ ਤਾਮਿਲਨਾਡੂ ਦੇ ਕਿਸਾਨਾਂ ਦੀ ਹੀ ਗੱਲ ਕਰੀਏ ਤਾਂ ਕਿਸੇ ਵੀ ਸਰਕਾਰ ਲਈ 40000 ਕਰੋੜ ਰੁਪਏ ਕੁਝ ਵੀ ਨਹੀਂ ਹਨ। ਇਸੇ ਤਰ੍ਹਾਂ ਪੰਜਾਬ ਦੇ ਕਿਸਾਨਾਂ ਦਾ ਕਰਜ਼ਾ ਮੁਆਫ਼ ਕਰਨਾ ਵੀ ਕੋਈ ਔਖਾ ਨਹੀਂ ਹੈ। ਗ਼ਲ ਤੱਕ ਕਰਜ਼ੇ ਵਿਚ ਡੁੱਬੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਲਈ ਕਿਸਾਨਾਂ ਦੀ ਕਰਜ਼ਾ ਮੁਆਫ਼ੀ ਵੱਡਾ ਸੰਕਟ ਬਣਿਆ ਹੋਇਆ ਹੈ।

ਵੈਸੇ ਤਾਂ ਕਰਜ਼ਾ ਮੁਆਫ਼ੀ ਖੇਤੀ ਸੰਕਟ ਦਾ ਹੱਲ ਨਹੀਂ ਹੈ। ਲੋੜ ਤਾਂ ਸਿਆਸੀ ਇੱਛਾ ਸ਼ਕਤੀ ਦੀ ਹੈ ਕਿ ਖੇਤੀ ਯੋਗ ਹਾਲਾਤ ਪੈਦਾ ਕੀਤੇ ਜਾਣ, ਕਿਸਾਨਾਂ ਦੀ ਆਮਦਨ ਵਧਾਈ ਜਾਵੇ। ਫਸਲਾਂ ਦਾ ਘੱਟੋ-ਘੱਟ ਸਮਰਥਨ ਮੁੱਲ ਐਲਾਨਿਆ ਜਾਵੇ, ਇਸੇ ਮੁੱਲ 'ਤੇ ਕਿਸਾਨਾਂ ਦੀ ਫਸਲ ਖ਼ਰੀਦੀ ਜਾਵੇ। ਇਸ ਤੋਂ ਵੱਡੀ ਲੋੜ ਭਾਰਤ ਦੇ ਸਮੁੱਚੇ ਕਿਸਾਨਾਂ ਨੂੰ ਇਕਜੁੱਟ ਹੋਣ ਦੀ ਹੈ। ਹਿੱਸਿਆਂ ਵਿਚ ਨਹੀਂ, ਸਮੂਹ ਬਣ ਕੇ ਭਾਰਤੀ ਹਕੂਮਤ ਅੱਗੇ ਪ੍ਰਚੰਡ ਰੋਹ ਦੀ ਲੋੜ ਹੈ।

# ਸਭ ਮਾਈ ਭਾਈ ਮਿਲ ਕੇ ਸਿੱਖ ਪੁਨਰ ਜਾਗ੍ਰਿਤੀ ਲਹਿਰ ਲਈ ਕਮਰਕੱਸੇ ਕਰੋ

- ਅਕਾਲ ਤਖ਼ਤ ਸਾਹਿਬ ਦੀ ਖ਼ੁਦਮੁਖਤਾਰੀ ਨੂੰ ਬਹਾਲ ਕਰਾਓ
- ਪੰਥਕ ਸੰਸਥਾਵਾਂ 'ਤੇ ਭ੍ਰਿਸ਼ਟ ਮਸੰਦਾਂ ਦੀ ਥਾਂ ਸਿੱਖ ਨੌਜਵਾਨਾਂ ਤੇ ਇਮਾਨਦਾਰ ਸਿੱਖਾਂ ਨੂੰ ਵਾਗਡੋਰ ਸੌਂਪੋ
- ਸਿੱਖ ਇਤਿਹਾਸ ਤੇ ਵਿਰਸੇ ਨੂੰ ਬਦਲਣ ਦੀ ਸਾਜ਼ਿਸ਼ ਰਚਣ ਵਾਲੇ ਆਰ. ਐੱਸ. ਐੱਸ. ਦੀਆਂ ਸਾਜ਼ਿਸ਼ਾਂ ਨੂੰ ਪਛਾਣੋ
- ਸ਼੍ਰੋਮਣੀ ਕਮੇਟੀ ਦੀ ਪੁਰਾਤਨ ਇਤਿਹਾਸਕ ਪਰੰਪਰਾ ਬਹਾਲ ਕਰਾ ਕੇ ਉੱਚ ਪੱਧਰ ਦੀਆਂ ਵਿੱਦਿਅਕ ਤੇ ਮੈਡੀਕਲ ਸੰਸਥਾਵਾਂ ਸਿਰਜੋ

*ਮੈਂ ਅਖੰਡ ਕੀਰਤਨੀ ਜਥਾ, ਦਮਦਮੀ ਟਕਸਾਲ, ਸਿੱਖ ਮਿਸ਼ਨਰੀ ਕਾਲਜ, ਦੇਸ ਵਿਦੇਸ਼ 'ਚ ਵਸਦੀਆਂ ਪੰਥਕ ਜਥੇਬੰਦੀਆਂ, ਸਿੱਖ ਸੰਗਤਾਂ, ਗੁਰੂ ਘਰਾਂ ਦੇ ਪ੍ਰਬੰਧਕਾਂ ਨੂੰ ਬੇਨਤੀ ਕਰਦਾ ਹਾਂ ਕਿ ਆਓ ਸਿੱਖੀ ਨੂੰ ਬਚਾਈਏ ਤੇ ਅਕਾਲ ਤਖ਼ਤ ਸਾਹਿਬ ਦੀ ਸ਼ਾਨ ਤੇ ਖ਼ੁਦਮੁਖਤਿਆਰੀ ਮੀਰੀ-ਪੀਰੀ ਸਿਧਾਂਤ ਅਨੁਸਾਰ ਪ੍ਰਗਟ ਕਰੀਏ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਭ੍ਰਿਸ਼ਟਾਚਾਰ ਤੇ ਝੂਠੀ ਸਿਆਸਤ ਤੋਂ ਬਚਾਈਏ। ਤੁਸੀਂ ਸਭ ਮੈਨੂੰ ਆਪਣੇ ਆਪਣੇ ਸੁਝਾਅ ਭੇਜੋ ਤਾਂ ਪੰਥਕ ਏਕਤਾ ਲਈ ਕਾਰਜ ਕੀਤਾ ਜਾ ਸਕੇ ਤੇ ਕੌਮ ਦੀ ਵਾਗਡੋਰ ਗੁਰੂ ਨੂੰ ਪ੍ਰਣਾਏ ਸਿੱਖਾਂ ਤੇ ਸਿੱਖ ਨੌਜਵਾਨਾਂ ਨੂੰ ਸੌਂਪੀ ਜਾ ਸਕੇ। ਜੇਕਰ ਅਜਿਹਾ ਨਾ ਹੋਇਆ ਤਾਂ ਕੌਮ ਨੂੰ ਸੰਕਟ ਦੇ ਝੱਖੜ ਹੋਰ ਝਲਣੇ ਪੈਣਗੇ। ਦਾਸਰੇ ਦੀ ਅਪੀਲ ਪ੍ਰਵਾਨ ਕਰਨਾ।*

**ਬਾਬਾ ਸਰਬਜੋਤ ਸਿੰਘ ਬੇਦੀ**
ਦਮਦਮਾ ਬਾਬਾ ਸਾਹਿਬ ਸਿੰਘ ਬੇਦੀ
ਮਨਸੂਰਾਂ ਜ਼ਿਲ੍ਹਾ, ਲੁਧਿਆਣਾ
ਸੰਪਰਕ - 0931-698-2661
ਈਮੇਲ-bababediuna@gmail.com

ਸਿੱਖ ਪੰਥ ਇਸ ਸਮੇਂ ਗੰਭੀਰ ਚੁਣੌਤੀਆਂ, ਮੁਸ਼ਕਲਾਂ ਵਿੱਚੋਂ ਗੁਜ਼ਰ ਰਿਹਾ ਹੈ। ਸਿੱਖ ਪਰੰਪਰਾਵਾਂ, ਸਿੱਖ ਰਵਾਇਤਾਂ, ਅਕਾਲ ਤਖ਼ਤ ਸਾਹਿਬ ਦੀ ਸਰਵਉੱਚਤਾ, ਖ਼ੁਦਮੁਖਤਿਆਰੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਵਿਰਾਸਤ ਨੂੰ ਸਾਜ਼ਿਸ਼ੀ ਤੇ ਤੈਅਸ਼ੁਦਾ ਢੰਗ ਨਾਲ ਢਾਹ ਲਗਾਈ ਜਾ ਰਹੀ ਹੈ। ਕੀ ਸਿੱਖ ਸੰਗਤ ਨੂੰ ਕੌਮ ਦੇ ਉਜਾੜੇ ਤੇ ਮੀਰੀ ਪੀਰੀ ਸਿਧਾਂਤ ਦੇ ਹੋ ਰਹੇ ਘਾਣ ਨੂੰ ਚੁੱਪ ਕਰਕੇ ਦੇਖਣਾ ਚਾਹੀਦਾ ਹੈ? ਕੀ ਸਿੱਖ ਪੰਥ ਨੂੰ ਆਪਣੇ ਸੁਨਹਿਰੇ ਇਤਿਹਾਸ ਤੇ ਵਿਰਾਸਤ ਦੀ ਵਾਗਡੋਰ ਭ੍ਰਿਸ਼ਟ ਆਗੂਆਂ ਦੇ ਹੱਥ ਫੜਾ ਕੇ ਨਿਸ਼ਚਿੰਤ ਹੋ ਜਾਣਾ ਚਾਹੀਦਾ ਹੈ?



ਕੀ ਗੁਰਦੁਆਰਿਆਂ ਦੀ ਸਾਂਭ ਸੰਭਾਲ ਰਾਜਨੀਤਕ ਪਾਰਟੀ ਦੇ ਹੱਥ ਦਿੱਤੀ ਜਾਣੀ ਚਾਹੀਦੀ ਹੈ ਤਾਂ ਜੋ ਸੌੜੇ ਸਿਆਸੀ ਹਿੱਤਾਂ ਲਈ ਉਹ ਗੁਰਦੁਆਰਿਆਂ ਨੂੰ ਵਰਤਦੇ ਰਹਿਣ ਅਤੇ ਇਸ ਦੀ ਗੋਲਕ ਦੀ ਵਰਤੋਂ ਸਿਆਸੀ ਹਿੱਤਾਂ ਨੂੰ ਪੂਰੇ ਕਰਨ ਲਈ ਹੁੰਦੀ ਰਹੇ?

ਸਿੱਖ ਸੰਗਤਾਂ ਨੂੰ ਸੁਚੇਤ ਹੋਣਾ ਪਵੇਗਾ ਕਿ ਅਸੀਂ ਗੁਰੂ ਸਾਹਿਬਾਨਾਂ ਦੇ ਦੱਸੇ ਮਾਰਗ ਤੋਂ ਕਿੰਞ ਭਟਕ ਗਏ ਹਾਂ ਤੇ ਕਿੱਧਰ ਨੂੰ ਜਾ ਰਹੇ ਹਾਂ?

**ਅਕਾਲ ਤਖ਼ਤ ਦੀ ਖ਼ੁਦਮੁਖਤਿਆਰੀ ਕਿਉਂ ਜ਼ਰੂਰੀ?**

ਮੀਰੀ ਪੀਰੀ ਦੇ ਮਾਲਕ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਵੱਲੋਂ ਸਿਰਜਿਆ ਅਕਾਲ ਤਖਤ ਸਾਹਿਬ ਸਿੱਖ ਪੰਥ ਦਾ ਸਰਵਉੱਚ ਤਖ਼ਤ ਹੈ, ਜਿਸ ਦੇ ਹੁਕਮ ਨੂੰ ਸਦੀਆਂ ਤੋਂ ਇਲਾਹੀ ਫੁਰਮਾਨ ਦੇ ਤੌਰ 'ਤੇ ਸਿਰ ਮੱਥੇ ਪ੍ਰਵਾਨ ਕੀਤਾ ਜਾਂਦਾ ਰਿਹਾ ਹੈ। ਅਜੋਕੇ ਹਾਲਾਤਾਂ ਵਿੱਚ 2016-2017 ਦੌਰਾਨ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ, ਬਰਗਾੜੀ ਗੋਲੀ ਕਾਂਡ ਦੌਰਾਨ ਦੋ ਸਿੱਖ ਸ਼ਹਾਦਤਾਂ, ਸਿਰਸੇ ਡੇਰੇ ਨਾਲ ਸੰਬੰਧਿਤ ਘਟਨਾਵਾਂ ਤੇ ਮੌਜੂਦਾ ਅਕਾਲ ਤਖਤ ਦੇ ਜਥੇਦਾਰ ਤੇ ਹੋਰ ਸਿੰਘ ਸਾਹਿਬਾਨਾਂ ਦੇ ਗ਼ੈਰ-ਸਿਧਾਂਤਕ ਫ਼ੈਸਲੇ ਤੇ ਚੋਰ ਮੋਰੀ ਰਾਹੀਂ ਸ਼੍ਰੋਮਣੀ ਅਕਾਲੀ ਦਲ ਦੇ ਮਹਾਰਥੀਆਂ ਦੀ ਗ਼ੈਰ-ਸਿਧਾਂਤਕ ਦਖ਼ਲਅੰਦਾਜ਼ੀ ਨੇ ਅਕਾਲ ਤਖ਼ਤ ਸਾਹਿਬ ਦੀ ਪਰੰਪਰਾ, ਮੀਰੀ-ਪੀਰੀ ਸਿਧਾਂਤ ਅਤੇ ਗੁਰੂ ਸਾਹਿਬਾਨ ਦੀ ਵਿਚਾਰਧਾਰਾ ਨੂੰ ਢਾਹ ਲਗਾਈ ਹੈ। ਹੁਣੇ ਜਿਹੇ ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਗੁਰਮੁਖ ਸਿੰਘ ਨੇ ਵੀ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਤਖ਼ਤ ਸਾਹਿਬਾਨ ਦੇ ਜਥੇਦਾਰ ਬਾਦਲ ਪਰਿਵਾਰ ਦੇ ਗੁਲਾਮ ਹਨ ਤੇ ਹੁਕਮਨਾਮੇ ਬਾਦਲ ਪਰਿਵਾਰ ਦੀਆਂ ਜੇਬਾਂ ਵਿੱਚੋਂ ਨਿਕਲਦੇ ਹਨ, ਜਿਨ੍ਹਾਂ ਨੂੰ ਅਜੋਕੇ ਜਥੇਦਾਰ ਲਾਗੂ ਕਰਦੇ ਹਨ। ਜਥੇਦਾਰ ਗੁਰਮੁਖ ਸਿੰਘ ਨੇ ਮੰਨਿਆ ਹੈ ਕਿ ਡੇਰਾ ਸਿਰਸਾ ਦੇ ਮਾਮਲੇ ਵਿੱਚ ਜਥੇਦਾਰਾਂ ਨੂੰ ਸ. ਪ੍ਰਕਾਸ਼ ਸਿੰਘ ਬਾਦਲ ਸਰਪ੍ਰਸਤ ਤੇ ਸ. ਸੁਖਬੀਰ ਸਿੰਘ ਬਾਦਲ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਨੇ ਸਰਕਾਰੀ ਕੋਠੀ ਵਿੱਚ ਤਲਬ ਕੀਤਾ ਸੀ ਤੇ ਹੁਕਮ ਸੁਣਾਇਆ ਸੀ ਕਿ ਚਿੱਠੀ ਜੋ ਕਿ ਹਿੰਦੀ ਵਿਚ ਸਿਰਸੇ ਵਾਲੇ ਬਾਬੇ ਵੱਲੋਂ ਲਿਖੀ ਗਈ ਦੱਸੀ ਜਾਂਦੀ ਹੈ, ਰਾਹੀਂ ਡੇਰਾ ਮੁਖੀ ਨੂੰ ਮਾਫ ਕੀਤਾ ਜਾਵੇ ਤੇ ਹੁਕਮ ਨਾ ਪ੍ਰਵਾਨ ਕਰਨ 'ਤੇ ਸਿੰਘ ਸਾਹਿਬਾਨਾਂ ਨੂੰ ਨਤੀਜੇ ਭੁਗਤਣ ਦੀਆਂ ਧਮਕੀਆਂ ਦਿੱਤੀਆਂ ਗਈਆਂ। ਇਸੇ ਬੇਬਾਕ ਬੋਲਾਂ ਤੇ ਪੰਥਕ ਹਿੱਤ ਵਿੱਚ ਸਟੈਂਡ ਲੈਣ ਕਾਰਨ ਸਿੰਘ ਸਾਹਿਬ ਗੁਰਮੁਖ ਸਿੰਘ ਨੂੰ ਭਾਈ ਰਣਜੀਤ ਸਿੰਘ ਸਾਬਕਾ ਜੱਥੇਦਾਰ ਅਕਾਲ ਤਖ਼ਤ, ਭਾਈ ਜੋਗਿੰਦਰ ਸਿੰਘ ਵੇਦਾਂਤੀ ਸਾਬਕਾ ਜਥੇਦਾਰ ਅਕਾਲ ਤਖ਼ਤ ਸਾਹਿਬ ਅਤੇ ਜੱਥੇਦਾਰ ਬਲਵੰਤ ਸਿੰਘ ਨੰਦਗੜ੍ਹ ਵਾਂਗ ਸ਼੍ਰੋਮਣੀ ਕਮੇਟੀ ਰਾਹੀਂ ਅਹੁਦਿਆਂ ਤੋਂ ਲਾਹ ਦਿੱਤਾ ਗਿਆ।

ਇਸ ਤੋਂ ਪ੍ਰਤੱਖ ਹੈ ਕਿ ਇਨ੍ਹਾਂ ਸਿੱਖ ਸਿਆਸਤਦਾਨਾਂ ਨੇ ਆਪਣੀ ਸੌੜੀ ਰਾਜਨੀਤੀ ਤਹਿਤ ਡੇਰੇ ਦੀਆਂ ਵੋਟਾਂ ਹਾਸਲ ਕਰਨ ਲਈ ਮੀਰੀ ਪੀਰੀ ਸਿਧਾਂਤ, ਅਕਾਲ ਤਖ਼ਤ ਸਾਹਿਬ ਦੀ ਪਰੰਪਰਾ ਨੂੰ ਢਾਹ ਲਗਾਈ। ਯਾਦ ਰਹੇ ਕਿ ਇਸ ਦਾ ਸਿੱਖ ਸੰਗਤਾਂ ਨੇ ਡੱਟਵਾਂ ਵਿਰੋਧ ਕੀਤਾ ਸੀ ਕਿ ਡੇਰਾ ਮੁਖੀ ਮਾਫ ਨਹੀਂ ਹੋ ਸਕਦਾ, ਕਿਉਂਕਿ ਉਸ ਨੇ ਗੁਰੂ ਗੋਬਿੰਦ ਸਿੰਘ ਮਹਾਰਾਜ ਵਰਗਾ ਲਿਬਾਸ ਪਹਿਨ ਕੇ ਬਜਰ ਗੁਨਾਹ ਕੀਤਾ ਹੈ ਤੇ ਜਥੇਦਾਰ ਇਸ ਮਾਮਲੇ ਵਿਚ ਸਿਧਾਂਤ ਤੋਂ ਥਿੜਕ ਗਏ ਹਨ ਤੇ ਉਨਾਂ ਵੱਲੋਂ ਜਾਰੀ ਹੁਕਮਨਾਮਾ ਸਿੱਖ ਪੰਥ ਹੁਣ ਪ੍ਰਵਾਨ ਨਹੀਂ ਕਰੇਗਾ। ਇਸ ਤੋਂ ਬਾਅਦ ਸਿੰਘ ਸਾਹਿਬਾਨ ਵਿਰੁੱਧ ਸਿੱਖ ਸੰਗਤ ਦਾ ਗੁੱਸਾ ਏਨਾ ਵਧ ਗਿਆ ਕਿ ਅਜੋਕੇ ਸਿੰਘ ਸਾਹਿਬਾਨਾਂ ਦਾ ਘਰੋਂ ਬਾਹਰ ਨਿਕਲਣਾ ਔਖਾ ਹੋ ਗਿਆ।

ਹੁਣ ਸਾਰਾ ਭੇਦ ਸਿੰਘ ਸਾਹਿਬ ਗੁਰਮੁਖ ਸਿੰਘ ਰਾਹੀਂ ਖੁੱਲ੍ਹ ਗਿਆ ਹੈ, ਪਰ ਇਸ ਦੇ ਬਾਵਜੂਦ ਸਿੰਘ ਸਾਹਿਬਾਨ ਮੂਕ ਦਰਸ਼ਕ ਬਣ ਕੇ ਗੁਰੂ ਨੂੰ ਬੇਦਾਵਾ ਦੇ ਰਹੇ ਹਨ। ਜੇਕਰ ਕੌਮ ਦੇ ਜਥੇਦਾਰ ਗੁਲਾਮ ਹਨ, ਤਾਂ ਅਕਾਲ ਤਖਤ ਸਾਹਿਬ ਦੀ ਮਹਾਨ ਪਰੰਪਰਾ ਕਿਵੇਂ ਕਾਇਮ ਰਹਿ ਸਕਦੀ ਹੈ, ਜਿਸ ਦੀ ਸਿਰਜਣਾ ਗੁਰੂ ਹਰਗੋਬਿੰਦ ਸਾਹਿਬ ਜੀ ਤੇ ਉਸ ਤੋਂ ਬਾਅਦ ਗੁਰੂ ਦੇ ਲਾਲਾਂ ਨੇ ਆਪਣੀ ਸ਼ਹਾਦਤਾਂ ਦੇ ਕੇ ਕੀਤੀ ਇਹ ਸਭ ਲਈ ਵਾਪਰ ਰਿਹਾ ਹੈ ਕਿ ਅਸੀਂ ਜਾਗੇ ਹੋਏ ਨਹੀਂ ਹਾਂ, ਅਕਾਲ ਤਖ਼ਤ ਸਾਹਿਬ ਦੀ ਖ਼ੁਦਮੁਖਤਾਰੀ ਲਈ ਸੁਚੇਤ ਨਹੀਂ ਹਾਂ। ਲੋੜ ਇਸ ਗੱਲ ਦੀ ਹੈ ਕਿ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਤੇ ਹੋਰ ਸਿੰਘ ਸਾਹਿਬਾਨਾਂ ਲਈ ਖਾਲਸਾ ਪੰਥ ਵਿਧੀ ਵਿਧਾਨ ਬਣਾਏ ਤੇ ਉਸ ਅਨੁਸਾਰ ਸਾਰਾ ਪੰਥਕ ਕਾਰਜ ਚੱਲੇ।

ਸਾਧ ਸੰਗਤ ਜੀ, ਸਿੱਖ ਕੌਮ ਇਸ ਵੇਲੇ ਅਜੀਬੋ ਗ਼ਰੀਬ ਹਾਲਾਤਾਂ ਵਿੱਚ ਧਕੇਲ ਦਿੱਤੀ ਗਈ ਹੈ। ਸਿਆਸੀ, ਸਾਮਾਜਿਕ ਪੱਖੋਂ ਇਸ ਦੀ ਹੋਂਦ ਨੂੰ ਬੁਰੀ ਤਰ੍ਹਾਂ ਖ਼ਤਰਾ ਪੈਦਾ ਹੋ ਗਿਆ ਹੈ ਤੇ ਇਸ ਦੀ ਜ਼ਿੰਮੇਵਾਰੀ ਪੂਰੀ ਤਰ੍ਹਾਂ ਅਜੋਕੇ ਸਿੱਖ ਸਿਆਸਤਦਾਨਾਂ ਸਿਰ ਆਉਂਦੀ ਹੈ, ਜੋ ਕਿ ਸ਼੍ਰੋਮਣੀ ਕਮੇਟੀ ਤੇ ਅਕਾਲ ਤਖ਼ਤ ਸਾਹਿਬ ਨੂੰ ਆਪਣੇ ਨਿੱਜੀ ਹਿੱਤਾਂ ਤੇ ਰਾਜਸੀ ਹਿੱਤਾਂ ਲਈ ਚਲਾ ਰਹੇ ਹਨ।

**ਸਿੱਖ ਇਤਿਹਾਸ ਦੀ ਮਹਾਨ ਪਰੰਪਰਾ ਤੇ ਅਕਾਲ ਤਖ਼ਤ ਸਾਹਿਬ**

ਇਤਿਹਾਸ ਦੇ ਪਿਛੋਕੜ 'ਤੇ ਨਜ਼ਰ ਮਾਰੀਏ ਤਾਕਤਵਰ ਤੋਂ ਤਾਕਤਵਰ ਦੁਸ਼ਮਣ ਚਾਹੇ ਮੁਗ਼ਲ ਸਨ, ਚਾਹੇ ਨਾਦਰ ਸ਼ਾਹ ਤੇ ਅਬਦਾਲੀ ਵਰਗੇ ਧਾੜਵੀ ਸਨ, ਉਨ੍ਹਾਂ ਨਾਲ ਗੁਰੂ ਸੰਵਾਰੇ ਖਾਲਸਾ ਜੀ ਨੇ ਡੱਟ ਕੇ ਟੱਕਰ ਲਈ ਅਤੇ ਆਪਣੀ ਹੋਂਦ ਤੇ ਸਿਧਾਂਤ ਨੂੰ ਕਾਇਮ ਰੱਖਦਿਆਂ ਸਿੱਖ ਪਰੰਪਰਾਵਾਂ ਨੂੰ ਨੀਵੇਂ ਨਹੀਂ ਪੈਣ ਦਿੱਤਾ। ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਜੋਤੀ ਜੋਤਿ ਸਮਾਉਣ ਤੋਂ ਬਾਅਦ ਬਾਬਾ ਬੰਦਾ ਸਿੰਘ ਬਹਾਦਰ (1670-1716 ਈਸਵੀ) ਦੀ ਅਗਵਾਈ ਵਿੱਚ ਖਾਲਸਾ ਰਾਜ ਕਾਇਮ ਕੀਤਾ ਗਿਆ। 12 ਮਈ 1710 ਨੂੰ ਚੱਪੜਚਿੜੀ ਦੇ ਮੈਦਾਨ ਵਿੱਚ ਸਰਹਿੰਦ ਦੇ ਹੁਕਮਰਾਨ ਸੂਬੇਦਾਰ ਵਜੀਦ ਖਾਨ ਨੂੰ ਮਾਰ ਕੇ ਮੁਗਲ ਹਕੂਮਤ ਦੀਆਂ ਨੀਂਹਾਂ ਹਿਲਾ ਦਿੱਤੀਆਂ ਤੇ ਸੁਤੰਤਰ ਸਿੱਖ ਰਾਜ ਦਾ ਐਲਾਨ ਕਰਕੇ ਗੁਰੂ ਨਾਨਕ ਸਾਹਿਬ - ਗੁਰੂ ਗੋਬਿੰਦ ਸਿੰਘ ਜੀ ਦੇ ਨਾਂ 'ਤੇ ਸਿੱਕਾ ਜਾਰੀ ਕੀਤਾ। ਉਸ ਨੇ ਗ਼ਰੀਬ ਗੁਰਬਿਆਂ ਨੂੰ ਗੁਰੂ ਦੀ ਸੋਚ ਅਨੁਸਾਰ ਆਪਣੀ ਹਕੂਮਤ ਵਿੱਚ ਉੱਚ ਅਹੁਦਿਆਂ 'ਤੇ ਤਾਇਨਾਤ ਕਰਕੇ ਗੁਰੂ ਗੋਬਿੰਦ ਸਿੰਘ ਜੀ ਦੇ ਇਸ ਐਲਾਨਨਾਮੇ-"ਇਨ ਗ਼ਰੀਬ ਸਿੱਖਨ ਕੋ ਦੇਊ ਪਾਤਿਸ਼ਾਹੀ, ਯਾਦ ਰੱਖੇਂ ਯੇ ਹਮਰੀ ਗੁਰਿਆਈ" ਨੂੰ ਅਸਲੀ ਜਾਮਾ ਪਹਿਨਾਇਆ। ਸਭ ਤੋਂ ਵੱਧ ਕੇ ਬਾਬਾ ਬੰਦਾ ਸਿੰਘ ਬਹਾਦਰ ਨੇ ਜ਼ਿਮੀਂਦਾਰਾਂ ਪ੍ਰਬੰਧ ਵਿੱਚ ਸੁਧਾਰ ਕੀਤਾ ਅਤੇ ਬੇਜ਼ਮੀਨੇ ਕਾਸ਼ਤਕਾਰਾਂ ਨੂੰ ਜ਼ਮੀਨ ਵਾਲੇ ਬਣਾਇਆ। ਇਹ ਅਸਲ ਵਿੱਚ ਗੁਰੂ ਗ੍ਰੰਥ ਸਾਹਿਬ ਦੇ ਸਿਧਾਂਤਾਂ ਅਨੁਸਾਰ ਹਲੇਮੀ ਰਾਜ ਸੀ। ਇਸ ਤੋਂ ਬਾਅਦ ਸਿੱਖ ਮਿਸਲਦਾਰਾਂ ਨੇ ਬਾਬਾ ਬਘੇਲ ਸਿੰਘ, ਬਾਬਾ ਜੱਸਾ ਸਿੰਘ ਆਹਲੂਵਾਲੀਆ, ਬਾਬਾ ਜੱਸਾ ਸਿੰਘ ਰਾਮਗੜ੍ਹੀਆ, ਬਾਬਾ ਚੜ੍ਹਤ ਸਿੰਘ ਦੀ ਅਗਵਾਈ ਵਿੱਚ ਦਿੱਲੀ ਤਖ਼ਤ 'ਤੇ ਕੇਸਰੀ ਨਿਸ਼ਾਨ ਸਾਹਿਬ ਲਹਿਰਾਇਆ ਗਿਆ। ਉਸ ਸਮੇਂ ਸਿੱਖ ਪੰਥ ਵਿੱਚ ਇਹ ਨਾਅਰਾ ਪ੍ਰਚੱਲਿਤ ਹੋ ਗਿਆ ਸੀ:

ਦਿੱਲੀ ਤਖ਼ਤ ਪਰ ਬਹੇਗੀ,
ਆਪ ਗੁਰੂ ਕੀ ਫ਼ੌਜ।
ਛੱਤਰ ਝੁਲੇਂਗੇ ਸੀਸ ਪਰ
ਬੜੀ ਕਰੇਗੀ ਮੌਜ।

ਇਸੇ ਪਰੰਪਰਾ ਤੇ ਸਿਧਾਂਤ 'ਤੇ ਪਹਿਰਾ ਦਿੰਦਿਆਂ ਖਾਲਸਾ ਰਾਜ ਦੇ ਬਾਨੀ ਬਾਬਾ ਸਾਹਿਬ ਸਿੰਘ ਬੇਦੀ ਨੇ ਸਮੂਹ ਸਿੱਖ ਮਿਸਲਦਾਰਾਂ ਵਿੱਚ ਏਕਤਾ ਕਰਵਾ ਕੇ 1799 ਈਸਵੀ ਦੌਰਾਨ ਅੰਗਰੇਜ਼ ਜਰਨੈਲ ਜਾਰਜ ਟਾਮਸਨ ਤੇ ਅਫਗਾਨ ਦੇ ਧਾੜਵੀ ਸ਼ਾਹ ਜਮਾਨ ਨਾਲ ਟੱਕਰ ਲੈਂਦਿਆਂ ਸੰਨ 1801 ਦੌਰਾਨ ਮਹਾਰਾਜਾ ਰਣਜੀਤ ਸਿੰਘ ਦੀ ਅਗਵਾਈ ਵਿੱਚ ਖਾਲਸਾ ਰਾਜ ਦੀ ਸਥਾਪਨਾ ਕੀਤੀ। ਇਸ ਇਤਿਹਾਸਕ ਕਾਰਜ ਵਿੱਚ 14000 ਬੁੱਢਾ ਦਲ, ਤਰੁਨਾ ਦਲ ਦੇ ਨਿਹੰਗ ਸਿੰਘਾਂ ਦਾ ਯੋਗਦਾਨ ਸੀ, ਜਿਸ ਨੂੰ ਸ਼ਹੀਦਾਂ ਦੀ ਮਿਸਲ ਕਿਹਾ ਜਾਂਦਾ ਸੀ। ਇਸ ਦੀ ਨੀਂਹ ਬਾਬਾ ਦੀਪ ਸਿੰਘ ਜੀ ਨੇ ਰੱਖੀ ਸੀ, ਬਾਬਾ ਗੁਰਬਖਸ਼ ਸਿੰਘ ਜੀ, ਬਾਬਾ ਨੈਣਾ ਸਿੰਘ ਜੀ ਤੋਂ ਬਾਅਦ ਇਹ ਵਾਗਡੋਰ ਅਕਾਲੀ ਫੂਲਾ ਸਿੰਘ ਜੀ ਨੇ ਸੰਭਾਲੀ ਸੀ, ਜਿਨ੍ਹਾਂ ਨੇ ਬਾਅਦ ਵਿੱਚ ਅਕਾਲ ਤਖਤ ਸਾਹਿਬ ਦੇ ਜਥੇਦਾਰ ਵਜੋਂ ਜ਼ਿੰਮੇਵਾਰੀ ਨਿਭਾ ਕੇ ਮੀਰੀ ਪੀਰੀ ਸਿਧਾਂਤ ਦੀ ਪਰੰਪਰਾ ਨੂੰ ਕਾਇਮ ਰੱਖਿਆ। ਇਹ ਸਭ ਪ੍ਰਾਪਤੀਆਂ ਗੁਰੂ ਦੇ ਮਿਸ਼ਨ ਤੇ ਸਿਧਾਂਤ 'ਤੇ ਪਹਿਰਾ ਦੇ ਕੇ ਹੋਈਆਂ। ਉਸ ਸਮੇਂ ਦੌਰਾਨ ਸਾਡੇ ਬਜ਼ੁਰਗਾਂ ਨੇ ਆਪਣੀਆਂ ਇਤਿਹਾਸਕ ਪਰੰਪਰਾਵਾਂ ਨੂੰ ਢਾਹ ਨਹੀਂ ਲੱਗਣ ਦਿੱਤੀ ਤੇ ਸਿਧਾਂਤਕ ਤੌਰ 'ਤੇ ਸਮੁੱਚਾ ਪੰਥ ਇਕਜੁੱਟ ਰਿਹਾ। ਪਰ ਅੱਜ ਹਾਲਾਤ ਇਹ ਹਨ ਕਿ ਸਾਡੀ ਅਜੋਕੀ ਲੀਡਰਸ਼ਿਪ ਵੱਲੋਂ ਹੀ ਅੰਦਰਖਾਤੇ ਸਾਡੀਆਂ ਪਰੰਪਰਾਵਾਂ ਅਤੇ ਜੜ੍ਹਾਂ ਨੂੰ ਖੋਖਲੇ ਕੀਤਾ ਜਾ ਰਿਹਾ ਹੈ।

**ਸਿੱਖ ਇਤਿਹਾਸ ਨੂੰ ਬਦਲਣ ਦੀਆਂ ਸਾਜ਼ਿਸ਼ਾਂ**

ਅੱਜ ਸਿੱਖ ਇਤਿਹਾਸ ਨੂੰ ਬੜੀ ਸਾਜ਼ਿਸ਼ ਤਹਿਤ ਬਦਲਿਆ ਜਾ ਰਿਹਾ, ਸਿੱਖ ਕੌਮ ਦਾ ਮਜ਼ਾਕ ਉਡਾਇਆ ਜਾ ਰਿਹਾ ਅਤੇ ਇਤਿਹਾਸਕ ਤੌਰ 'ਤੇ ਸਿੱਖ ਕੌਮ ਨੂੰ ਭਗਵੇਂਵਾਦ ਦੇ ਖਾਰੇ ਸਮੁੰਦਰ ਵਿੱਚ ਜਜ਼ਬ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਬਾਕੀ ਸਫ਼ਾ 27 'ਤੇ

## 29 ਅਪ੍ਰੈਲ 1986 ਦੇ ਐਲਾਨਨਾਮੇ ਦੀ ਯਾਦ ਨੂੰ ਸਮਰਪਿਤ

# ਹਮ ਰਾਖਤ ਪਾਤਸ਼ਾਹੀ ਦਾਅਵਾ

**ਕਰਮਜੀਤ ਸਿੰਘ ਚੰਡੀਗੜ੍ਹ**
(ਮੋਬਾਇਲ 99150-91063)



29 ਅਪ੍ਰੈਲ 1986 ਦਾ ਦਿਨ ਖ਼ਾਲਸਾ ਪੰਥ ਲਈ ਸ਼ਗਨਾਂ ਵਾਲਾ ਦਿਨ ਹੈ ਕਿਉਂਕਿ ਖ਼ਾਲਸਾ ਪੰਥ ਨੇ ਉਸ ਦਿਨ ਪ੍ਰਭੂਸੰਪੰਨ ਸਿੱਖ ਸਟੇਟ (ਸਾਵਰਨ ਸਿੱਖ ਸਟੇਟ) ਦੇ ਐਲਾਨ ਦੀ ਇਤਿਹਾਸਕ ਅੰਗੜਾਈ ਭਰੀ ਸੀ। ਇਹ ਪਵਿੱਤਰ ਕਾਰਜ 1849 ਈਸਵੀ ਤੋਂ ਪਿਛੋਂ ਰੁਕਿਆ ਹੀ ਪਿਆ ਸੀ ਜਦੋਂ ਧਰਤੀ ਦੇ ਇੱਕ ਵੱਡੇ ਹਿੱਸੇ ਤੋਂ ਸਾਡਾ ਆਪਣਾ ਰਾਜ ਸਾਡੇ ਕੋਲੋਂ ਖੁਸ ਗਿਆ ਸੀ। 13 ਅਪ੍ਰੈਲ 1978 ਦੀ ਵਿਸਾਖੀ ਵਾਲੇ ਦਿਨ 13 ਸਿੰਘਾਂ ਦੀ ਸ਼ਹਾਦਤ ਨੇ ਖ਼ਾਲਸਾ ਜੀ ਨੂੰ ਪੈਗ਼ਾਮ ਦਿੱਤਾ ਸੀ ਕਿ ਹੁਣ ਭੂਤ, ਭਵਿੱਖ ਤੇ ਵਰਤਮਾਨ ਨੂੰ ਨਵੇਂ ਨਜ਼ਰੀਏ ਤੋਂ ਵੇਖਣ ਦਾ ਸਮਾਂ ਆ ਗਿਆ ਹੈ। ਜੂਨ 1984 ਅਤੇ ਅਕਤੂਬਰ-ਨਵੰਬਰ 1984 ਦੇ ਸ਼ਹੀਦਾਂ ਨੂੰ ਇਕ ਵਾਰ ਫਿਰ ਇਸ ਪੈਗ਼ਾਮ ਨੂੰ ਸਾਡੀਆਂ ਭੁੱਲੀਆਂ-ਵਿਸਰੀਆਂ ਯਾਦਾਂ ਵਿਚ ਤਾਜ਼ਾ ਕਰ ਦਿੱਤਾ ਹੈ।

... ਤੇ ਫਿਰ 29 ਅਪ੍ਰੈਲ 1986 ਦਾ ਉਹ ਭਾਗਾਂ ਵਾਲਾ ਦਿਹਾੜਾ ਆ ਗਿਆ ਜਦੋਂ ਸਿੱਖ ਕੌਮ ਦੇ ਅੰਦਰ ਦੱਬੀਆਂ, ਲੁੱਕੀਆਂ ਤੇ ਪ੍ਰਤੱਖ ਰੀਝਾਂ ਅਤੇ ਰਾਜਨੀਤਿਕ ਵਲਵਲਿਆਂ ਨੂੰ ਉਹ ਜ਼ੁਬਾਨ ਮਿਲੀ ਜਿਸ ਵਿਚ ਸਪੱਸ਼ਟਤਾ ਸੀ, ਜਿਸ ਵਿਚ ਕੋਈ ਇਕਰਾਰਨਾਮਾ ਸੀ, ਜਿਸ ਵਿਚ ਕੌਮੀ ਚੇਤਨਾ ਦੀ ਖ਼ੁਸ਼ਬੋ ਸੀ ਅਤੇ ਜਿਸ ਵਿਚ ਭਾਰਤ ਦੀ ਬਹੁਗਿਣਤੀ ਵਾਲੇ ਲੋਕਾਂ ਨੂੰ ਇਹ ਸੰਦੇਸ਼ ਵੀ ਸੀ ਕਿ ਖ਼ਾਲਸਾ 'ਰਾਖਤ ਹੈ ਪਾਤਸ਼ਾਹੀ ਦਾਅਵਾ'।

ਤਿੰਨ ਵੱਡੀਆਂ ਹਕੀਕਤਾਂ ਸਾਡਾ ਸਦਾ ਹੀ ਪਿੱਛਾ ਕਰਦੀਆਂ ਰਹੀਆਂ ਹਨ। ਇਕ, ਦਸ ਪਾਤਸ਼ਾਹੀਆਂ ਦੀਆਂ ਵੰਨ-ਸੁਵੰਨੀਆਂ ਰੂਹਾਨੀ ਤੇ ਦੁਨੀਆਵੀ ਘਟਨਾਵਾਂ ਨਾਲ ਭਰਪੂਰ ਤਰਜ਼-ਏ-ਜ਼ਿੰਦਗੀ, ਦੋ ਸਰਬੱਤ ਦੇ ਭਲੇ ਦੀ ਪਵਿੱਤਰ ਦਸਤਾਵੇਜ਼ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਅਤੇ ਤਿੰਨ ਖ਼ਾਲਸਾ ਪੰਥ ਦਾ ਇਤਿਹਾਸ। ਜਦੋਂ ਕਦੇ ਵੀ ਇਤਿਹਾਸ ਦੇ ਬਿਖਰੇ ਦੌਰਾਂ ਵਿਚ ਇਉਂ ਲਗਦਾ ਹੁੰਦਾ ਸੀ ਕਿ ਹੁਣ ਕੁਝ ਵੀ ਨਹੀਂ ਬਚਿਆ, ਸਭ ਕੁਝ ਢਹਿ-ਢੇਰੀ ਹੋ ਗਿਆ ਹੈ ਉਦੋਂ ਵੀ ਕੋਈ ਬੋਤਾ ਸਿੰਘ ਕੋਈ ਗਰਜਾ ਸਿੰਘ ਨੂਰਦੀਨ ਸਰਾਂ ਦੇ ਨਜ਼ਦੀਕ ਜਰਨੈਲੀ ਸੜਕ ਉਤੇ ਲੋਕਾਂ ਕੋਲੋਂ ਟੈਕਸ ਉਗਰਾਉਂਦੇ ਇਹ ਸੁਨੇਹਾ ਦੇ ਜਾਂਦੇ ਰਹੇ ਹਨ ਕਿ 'ਹਮ ਰਾਖਤ ਪਾਤਸ਼ਾਹੀ ਦਾਅਵਾ'।

ਜੇ ਇਤਿਹਾਸ ਕੁਲ ਸਿੱਖ ਪੰਥ ਦੇ ਅੰਦਰ ਆਦਰਿਸ਼ ਰੂਪ ਵਿਚ ਦੱਬੀਆਂ ਇਸ਼ਾਵਾਂ ਨੂੰ ਵੇਖਣ ਵਾਲੀ ਪਾਰਦਰਸ਼ੀ ਨਿਗ੍ਹਾ ਹੋਵੇ ਤਾਂ 1849 ਤੋਂ ਪਿੱਛੋਂ ਅਸੀਂ ਕਿਸੇ ਨਾ ਕਿਸੇ ਰੂਪ ਵਿਚ ਪਾਤਿਸ਼ਾਹੀ ਦਾਅਵੇ ਦਾ ਪਰਚਮ ਬੁਲੰਦ ਕਰਦੇ ਰਹਿਣਾ ਹੈ, ਹਾਲਾਂ ਕਿ ਇਹ ਗੱਲ ਮੰਨਣ ਵਿਚ ਝਿਜਕ ਨਹੀਂ ਹੋਣੀ ਚਾਹੀਦੀ ਕਿ ਅਸੀਂ ਏਨੇ ਸਪੱਸ਼ਟ, ਏਨੇ ਨਿਰਮਲ, ਏਨੇ ਦਲੇਰ ਕਦੇ ਵੀ ਨਹੀਂ ਸੀ ਹੋਏ ਜਿੰਨੇ ਅਸੀਂ 29 ਅਪ੍ਰੈਲ 1986 ਵਾਲੇ ਦਿਨ ਹੋਏ ਸੀ।

ਆਓ! ਰਤਾ ਉਸ ਸਫ਼ਰ 'ਚ ਤੁਰੇ ਜਾਂਦੇ ਰਾਹੀਆਂ ਨੂੰ ਯਾਦ ਕਰੀਏ, ਜੋ ਕਦੇ ਹਾਲਤਾਂ ਮੁਤਾਬਕ ਅਤੇ ਕਦੇ ਆਪਣੀਆਂ ਇੱਛਾਵਾਂ ਮੁਤਾਬਕ ਪਾਤਸ਼ਾਹੀ ਦਾਅਵੇ ਕੁੱਝ ਚਿਰ ਲਈ ਹਮਸਫ਼ਰ ਬਣੇ ਪਰ ਮੰਜ਼ਿਲ ਤੋਂ ਦੂਰ ਹੀ ਰਹੇ ਜਾਂ ਅਧੂਰੀ ਹੀ ਛੱਡ ਕੇ ਤੁਰ ਗਏ। 'ਰਣਜੀਤ' ਦੇ ਤੁਰ ਜਾਣ ਪਿਛੋਂ ਭਾਈ ਮਹਾਰਾਜ ਸਿੰਘ ਨੇ ਇਕ ਯਤਨ ਕੀਤਾ ਪਰ ਸਫ਼ਲ ਨਹੀਂ ਹੋ ਸਕੇ। ਉਸ ਪਿਛੋਂ ਆਗਾਜ਼ ਹੋਣ ਦੀ ਰੀਝ ਨੂੰ ਬਾਬਾ ਰਾਮ ਸਿੰਘ ਦੀ ਅਗਵਾਈ ਵਿਚ ਨਾਮਧਾਰੀ ਵੀਰਾਂ ਨੇ ਵੀ ਸ਼ਹਾਦਤਾਂ ਦਿੱਤੀਆਂ ਪਰ ਮੰਜ਼ਿਲ ਵੱਲ ਜਾਂਦਾ ਸਫ਼ਰ ਅੱਧਵਾਟੇ ਹੀ ਦਮ ਤੋੜ ਗਿਆ।

20ਵੀਂ ਸਦੀ ਵਿਚ ਯਾਨੀ 1947 ਤੋਂ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵੀ ਆਜ਼ਾਦ ਸਿੱਖ ਰਾਜ ਦਾ ਸੁਪਨਾ ਲਿਆ ਪਰ ਭਾਰਤ ਦੀ ਆਜ਼ਾਦੀ ਵਾਸਤੇ ਚੱਲ ਰਹੀ ਲਹਿਰ ਨੇ ਉਸ ਸੁਪਨੇ ਨੂੰ ਨਿਗਲ ਲਿਆ। ਬੱਬਰ ਅਕਾਲੀ ਲਹਿਰ ਦੇ ਯੋਧੇ ਅਤੇ ਗ਼ਦਰੀ ਬਾਬੇ ਵੀ ਅਚੇਤ ਰੂਪ ਵਿਚ ਜਾਂ ਅਦ੍ਰਿਸ਼ਟ ਰੂਪ ਵਿਚ ਖ਼ਾਲਸਾ ਰਾਜ ਦੀ ਤਾਂਘ ਰੱਖਦੇ ਹੀ ਰਹੇ। ਪੰਜਾਬ ਸੂਬੇ ਦੇ ਅੰਦੋਲਨਾਂ ਵਿਚ ਵੀ ਪੰਜਾਬੀ ਨੂੰ ਰਾਜ ਭਾਗ ਦੀ ਭਾਸ਼ਾ ਬਣਾਉਣ ਦੀ ਮੰਗ ਦੇ ਨਾਲ ਨਾਲ ਸਿੱਖ ਰਾਜ ਦੀਆਂ ਗੂੰਜਾਂ ਵੀ ਪੈਂਦੀਆਂ ਰਹੀਆਂ ਸਨ, ਪਰ 1973 ਦੇ ਆਨੰਦਪੁਰ ਦੇ ਮਤੇ ਵਿਚ ਕੁੱਝ ਅਜਿਹੀਆਂ ਗੱਲਾਂ ਜ਼ਰੂਰ ਸਨ ਜੋ ਸਾਡੇ ਅੰਦਰ ਆਗ਼ਾਜ਼ ਹੋਣ ਦੀ ਰੀਝ ਨੂੰ ਜਨਤਕ ਪੱਧਰ 'ਤੇ ਜਗਾਉਂਦੀਆਂ ਰਹੀਆਂ ਹਨ। ਪਰ ਬਾਹਰਲੇ ਦਬਾਵਾਂ ਅੱਗੇ ਗੋਡੇ ਟੇਕਣ ਵਾਲੀ ਲੀਡਰਸ਼ਿਪ ਨੇ ਇਸ ਮਤੇ ਵਿਚਲੀ ਧੜਕਦੀ ਜ਼ਿੰਦਗੀ ਨੂੰ ਅੱਧਮੋਈ ਤਾਂ ਕਰ ਹੀ ਦਿੱਤਾ ਸੀ। ਦਲ ਖ਼ਾਲਸਾ ਨੇ ਵੀ ਕਈ ਵਾਰ ਖ਼ਾਲਿਸਤਾਨ ਦਾ ਨਾਅਰਾ ਬੁਲੰਦ ਕੀਤਾ ਅਤੇ ਪੰਜਾਬ ਵਿਚ ਕਈ ਥਾਵਾਂ 'ਤੇ ਖ਼ਾਲਿਸਤਾਨ ਦੇ ਝੰਗੇ ਲਹਿਰਾਏ। ਇਹ ਸਾਰੇ ਵਿਅਕਤੀ ਅਤੇ ਲਿਖਤੀ ਰਚਨਾਵਾਂ ਸਾਡੇ ਅੰਸ਼ਕ ਸਸਕਾਰ ਦੀਆਂ ਪਾਤਰ ਹਨ। ਪਰ ਕੌਮੀ ਚੇਤਨਾ ਤੇ ਜਜ਼ਬਿਆਂ ਦਾ ਇਕ ਵੱਡਾ ਤੂਫ਼ਾਨ ਪੰਜਾਬ ਦੀ ਧਰਤੀ ਉਤੇ ਉਦੋਂ ਹੀ ਝੁਲਿਆ ਜਦੋਂ 29 ਅਪ੍ਰੈਲ 1986 ਨੂੰ ਪ੍ਰਭੂਸੰਪੰਨ ਸਿੱਖ ਸਟੇਟ ਦਾ ਐਲਾਨ ਕੀਤਾ ਗਿਆ।

29 ਅਪ੍ਰੈਲ 1986 ਦਾ ਐਲਾਨ ਇਤਿਹਾਸ ਵਿਚ ਆਜ਼ਾਦੀ ਦੀ ਤਾਂਘ ਲਈ ਕੀਤੇ ਹੋਰ ਯਤਨਾਂ ਨਾਲੋਂ ਬੁਨਿਆਦੀ ਤੌਰ 'ਤੇ ਵੱਖਰਾ, ਵਿਸ਼ੇਸ਼ ਅਤੇ ਵਿਲੱਖਣ ਇਸ ਲਈ ਹੈ ਕਿਉਂਕਿ ਇਸ ਐਲਾਨ ਤੋਂ ਪਿੱਛੋਂ ਪੂਰੇ 10 ਸਾਲ ਇਕ ਵੱਡੀ ਲਹਿਰ ਚੱਲੀ ਜੋ ਸਮੁੱਚੇ ਖ਼ਾਲਸਾ ਪੰਥ ਦੇ ਜਿਸਮੋ-ਰੂਹ ਦਾ ਹਿੱਸਾ ਬਣ ਗਿਆ। ਇਸ ਤੋਂ ਪਹਿਲਾਂ ਇਹੋ ਜਿਹਾ ਵਰਤਾਰਾ ਏਨੇ ਵੱਡੇ ਜਾਹੋ ਜਲਾਲ ਨਾਲ ਕਦੇ ਨਹੀਂ ਸੀ ਵੇਖਿਆ।

29 ਅਪ੍ਰੈਲ 1986 ਦੇ ਖ਼ਾਲਿਸਤਾਨ ਦੇ ਐਲਾਨ ਪਿਛੋਂ ਜਿਵੇਂ ਹਜ਼ਾਰਾਂ ਦੀ ਗਿਣਤੀ ਵਿਚ ਨੌਜਵਾਨ ਵੀਰਾਂ ਅਤੇ ਭੈਣਾਂ ਦੀਆਂ ਸ਼ਹਾਦਤਾਂ ਹੋਈਆਂ, ਉਹੋ ਜਿਹੀ ਕੁਰਬਾਨੀ ਦਾ ਇਤਿਹਾਸ 1849 ਤੋਂ ਪਿਛੋਂ ਕਦੇ ਵੀ ਨਹੀਂ ਸੀ ਸਿਰਜਿਆ ਗਿਆ। ਇਕ ਹੋਰ ਗੱਲ ਨੂੰ ਵੀ ਧਿਆਨ ਵਿਚ ਰੱਖਣਾ ਚਾਹੀਦਾ ਹੈ ਅਤੇ ਉਹ ਇਹ ਹੈ ਕਿ ਪਈ ਖ਼ਾਲਿਸਤਾਨ ਨੂੰ ਜਾਇਜ਼ ਠਹਿਰਾਉਂਦੀਆਂ ਤਰਕ, ਮਿਆਰੀ ਅਤੇ ਮੌਲਿਕ ਜਜ਼ਬਿਆਂ ਨੂੰ ਭਰਪੂਰ ਲਿਖਤਾਂ ਵੀ ਪਹਿਲਾਂ ਕਦੇ ਵਜੂਦ ਵਿਚ ਨਹੀਂ ਸੀ ਆਈਆਂ, ਜਿੰਨੀਆਂ 29 ਅਪ੍ਰੈਲ 1986 ਨੂੰ ਖ਼ਾਲਿਸਤਾਨ ਦੇ ਐਲਾਨ ਪਿਛੋਂ ਹੋਂਦ ਵਿਚ ਆਈਆਂ।

29 ਅਪ੍ਰੈਲ 1986 ਦੇ ਐਲਾਨ ਨਾਲ ਖ਼ਾਲਸਾ ਪੰਥ ਉਤੇ ਹੋ ਰਹੇ ਅੱਤਿਆਚਾਰਾਂ ਦੀ ਦਾਸਤਾਂ ਵੀ ਬਾਹਰਲੀ ਦੁਨੀਆਂ ਨੂੰ ਪਤਾ ਲੱਗੇ ਅਤੇ ਅਸੀਂ ਅੰਤਰਰਾਸ਼ਟਰੀ ਹਲਕਿਆਂ ਵਿਚ ਤੇ ਸੱਤਾ ਦੇ ਬਰਾਂਡਿਆਂ ਵਿਚ ਗੰਭੀਰ ਬਹਿਸਾਂ ਦਾ ਕੇਂਦਰ ਬਣ ਗਿਆ। ਬਾਹਰਲੇ ਸੰਸਾਰ ਦੇ ਵਿਦਵਾਨਾਂ ਲਈ ਪੰਜਾਬ ਇਕ ਸੰਜੀਦਾ ਖੋਜ ਦਾ ਵਿਸ਼ਾ ਬਣਿਆ ਅਤੇ ਇਹ ਗੱਲ ਵੀ ਪਹਿਲੀ ਵਾਰ ਹੀ ਵਾਪਰੀ। ਹਜ਼ਾਰਾਂ ਨੌਜਵਾਨਾਂ ਨੇ ਬਾਹਰਲੇ ਮੁਲਕਾਂ ਵਿਚ ਰਾਜਸੀ ਸ਼ਰਨ ਲਈ ਜਿਥੇ ਉਨ੍ਹਾਂ ਨੇ ਇਕ ਪਾਸੇ ਕਰੜੀ ਘਾਲਣਾ ਤੇ ਮਿਹਨਤ ਨਾਲ ਆਪਣੇ ਆਪ ਨੂੰ ਪੈਰਾਂ ਉਤੇ ਖੜ੍ਹਾ ਕੀਤਾ ਅਤੇ ਦੂਜੇ ਪਾਸੇ ਅੰਤਰਰਾਸ਼ਟਰੀ ਬਰਾਦਰੀ ਨੂੰ ਖ਼ਾਲਸਾ ਪੰਥ ਉਤੇ ਝੂਲੇ ਕਹਿਰ ਦੀ ਦਰਦਨਾਕ ਦਾਸਾਤਾਂ ਸੁਣਾਈ ਅਤੇ ਵੱਖ ਵੱਖ ਦੇਸ਼ਾਂ ਦੀਆਂ ਸਰਕਾਰਾਂ ਅਤੇ ਵਿਦਵਾਨਾਂ ਦੀ ਹਮਦਰਦੀ ਤੇ ਹਮਾਇਤ ਹਾਸਲ ਕੀਤੀ।



ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ 29 ਅਪ੍ਰੈਲ 1986 ਨੂੰ ਜੁੜਿਆ ਸਿੱਖ ਸੰਗਤਾਂ ਦਾ ਸਰਬਤ ਖਾਲਸਾ ਨੁਮਾ ਇਕੱਠ ਜਿਸ ਵਿੱਚ ਅਕਾਸ਼ ਗੂੰਜਾਊ ਜੈਕਾਰਿਆਂ ਦੌਰਾਨ ਖਾਲਿਸਤਾਨ ਦਾ ਇਤਿਹਾਸਕ ਗੁਰਮਤਾ ਪਾਸ ਕੀਤਾ ਗਿਆ।

ਭਾਈ ਹਰਿੰਦਰ ਸਿੰਘ ਜਿੰਦਾ ਅਤੇ ਭਾਈ ਸੁਖਵਿੰਦਰ ਸਿੰਘ ਸੁੱਖਾ ਵਲੋਂ ਫਾਂਸੀ ਦਾ ਰੱਸਾ ਚੁੰਮਣ ਤੋਂ ਪਹਿਲਾਂ ਭਾਰਤ ਦੇ ਤਤਕਾਲੀਨ ਰਾਸ਼ਟਰਪਤੀ ਨੂੰ ਲਿਖੀ ਚਿੱਠੀ ਦੁਨੀਆਂ ਦੀਆਂ ਇਤਿਹਾਸਕ ਦਸਤਾਵੇਜ਼ਾਂ ਵਿਚ ਸ਼ਾਮਲ ਹੋ ਗਈ ਜਿਸ ਵਿਚ ਉਨ੍ਹਾਂ ਨੂੰ ਖ਼ਾਲਿਸਤਾਨ ਦੀ ਮੰਜ਼ਿਲ ਹਾਸਲ ਕਰਨ ਦਾ ਪ੍ਰਣ ਵਾਰ ਵਾਰ ਦੁਹਰਾਈਆ।

29 ਅਪ੍ਰੈਲ 1986 ਦੇ ਐਲਾਨ ਵਿਚ ਸੰਤ ਜਰਨੈਲ ਸਿੰਘ ਵਲੋਂ ਜੂਨ 1984 ਨੂੰ ਭਾਰਤ ਫੌਜ ਵਲੋਂ ਕੀਤੇ ਹਮਲੇ ਤੋਂ ਪਹਿਲਾਂ ਭਾਰਤ ਸਰਕਾਰ ਨੂੰ ਵਾਰ ਵਾਰ ਦਿੱਤੀ ਚੇਤਾਵਨੀ ਅਮਲੀ ਰੂਪ ਵਿਚ ਹੋਂਦ ਵਿਚ ਆ ਗਈ ਜਦੋਂ ਉਨ੍ਹਾਂ ਨੇ ਕਈ ਵਾਰ ਇਹ ਐਲਾਨ ਕੀਤਾ ਸੀ ਕਿ ਜੇਕਰ ਫੌਜ ਦਰਬਾਰ ਸਾਹਿਬ ਦੀ ਹਦੂਦ ਅੰਦਰ ਦਾਖ਼ਲ ਹੋਈ ਤਾਂ ਖ਼ਾਲਿਸਤਾਨ ਦਾ ਐਲਾਨ ਕਰ ਦਿੱਤਾ ਜਾਵੇਗਾ। ਪਰ 29 ਅਪ੍ਰੈਲ 1986 ਦਾ ਐਲਾਨਨਾਮਾ ਇਸ ਕਰਕੇ ਵੀ ਮਹੱਤਵਪੂਰਨ ਹੈ ਕਿਉਂਕਿ ਇਹ ਐਲਾਨ ਦਰਬਾਰ ਸਾਹਿਬ ਕੰਪਲੈਕਸ ਵਿਚ ਵੀ ਪਾਵਨ ਪਵਿੱਤਰ ਪਰਿਕਰਮਾ ਵਿਚ ਕੀਤਾ ਗਿਆ, ਜਿਸ ਥਾਂ ਨੂੰ ਤਿੰਨ ਗੁਰੂ ਸਾਹਿਬਾਨ - ਗੁਰੂ ਰਾਮਦਾਸ, ਗੁਰੂ ਅਰਜਨ ਦੇਵ ਅਤੇ ਗੁਰੂ ਹਰਗੋਬਿੰਦ ਸਾਹਿਬ ਦੇ ਕਦਮਾਂ ਨੂੰ ਪਵਿੱਤਰ ਕੀਤਾ ਹੈ, ਜਿਥੇ ਮੀਰੀ ਪੀਰੀ ਦੇ ਸਹਿਨਾਸ਼ਾ ਦਾ ਅਕਾਲ ਤਖ਼ਤ ਸੁਭਾਏਮਾਨ ਹੈ ਅਤੇ ਜਿਥੇ ਸਰਬੱਤ ਖ਼ਾਲਸਾ ਦੇ ਫੈਸਲੇ ਪੱਛਮੀ ਏਸ਼ੀਆਂ ਦੀ ਤਕਦੀਰ ਨੂੰ ਨਵੇਂ ਨਵੇਂ ਮੋੜ ਦਿੰਦੇ ਰਹੇ।

29 ਅਪ੍ਰੈਲ 1986 ਦੀ ਸਿੱਖ ਇਤਿਹਾਸ ਵਿਚ ਮਹੱਤਤਾ ਅਤੇ ਸ਼ਾਨ ਉਤੇ ਚਰਚਾ ਕਰਦਿਆਂ ਅੱਜ ਇਸ ਗੱਲ ਦੀ ਲੋੜ ਹੈ ਕਿ ਸਿੱਖ ਪੰਥ ਦੀ ਮੌਜੂਦਾ ਹਾਲਤ ਦੇ ਹਰ ਪਹਿਲੂ ਉਤੇ ਵਿਚਾਰ ਕੀਤਾ ਜਾਵੇ ਅਤੇ ਭਾਰਤੀ ਸਟੇਟ ਵਲੋਂ ਸਿੱਖਾਂ ਪ੍ਰਤੀ ਅਖ਼ਤਿਆਰ ਕੀਤੀ ਨੀਤੀ ਅਤੇ ਇਸ ਨਾਲ ਸਿੱਖ ਕੌਮ ਅੰਦਰ ਆਈਆਂ ਤਬਦੀਲੀਆਂ ਨੂੰ ਡੂੰਘੇ ਧਿਆਨ ਦਾ ਕੇਂਦਰ ਬਣਾਇਆ ਜਾਵੇ। ਇਸ ਤੋਂ ਇਲਾਵਾ ਸੰਸਾਰ ਦਾ ਮਿਜਾਜ ਕੀ ਹੈ, ਇਸ ਬਾਰੇ ਵੀ ਪੜਚੋਲ ਕੀਤੀ ਜਾਵੇ ਕਿਉਂਕਿ ਇਹ ਸਾਰੀਆਂ ਗੱਲਾਂ ਇਕ ਦੂਜੇ ਨਾਲ ਜੁੜੀਆਂ ਹੋਈਆਂ ਹਨ ਅਤੇ ਰਾਜਨੀਤਿਕ, ਸਮਾਜਿਕ ਅਤੇ ਮਨੋਵਿਗਿਆਨਕ ਸਬੰਧਾਂ ਉਤੇ ਅਸਰਅੰਦਾਜ਼ ਵੀ ਹੁੰਦੀਆਂ ਹਨ।

ਇੱਕ ਹੋਰ ਅਹਿਮ ਨੁਕਤੇ ਨੂੰ ਦਿਲਾਂ ਅਤੇ ਦਿਮਾਗ਼ਾਂ ਵਿਚ ਪੱਕੀ ਤਰ੍ਹਾਂ ਵਸਾਉਣ ਦੀ ਲੋੜ ਹੈ। ਕਿਸੇ ਵੀ ਤਰ੍ਹਾਂ ਕਿਸੇ ਵੀ ਹਾਲਤ ਵਿਚ ਪ੍ਰਭੂਸੰਪੰਨ ਖਾਲਿਸਤਾਨ ਦੇ ਨਿਸ਼ਾਨੇ ਵਿਚ ਕੋਈ ਤਬਦੀਲੀ ਨਾ ਕੀਤੀ ਜਾਵੇ। ਦੂਜੇ ਸ਼ਬਦਾਂ ਵਿਚ ਇਸ ਨਿਸ਼ਾਨੇ ਨੂੰ ਖ਼ੋਰਾ ਲਾਉਣ ਵਿਚ ਜਾਂ ਹਾਲਤਾਂ ਦਾ ਬਹਾਨਾ ਲਾ ਕੇ ਤਰਤੀਬ ਜਾਂ ਤਰਮੀਮ ਕਰਨ ਦੀ ਕੋਈ ਵੀ ਕੋਸ਼ਿਸ਼ ਉਨ੍ਹਾਂ ਹਜ਼ਾਰਾਂ ਸ਼ਹੀਦਾਂ ਨਾਲ ਵਿਸ਼ਵਾਸ਼ਘਾਤ ਹੋਵੇਗਾ ਜਿਨ੍ਹਾਂ ਨੇ ਪੂਰਾ ਇਕ ਦਹਾਕਾ ਇਸ ਨਿਸ਼ਾਨੇ ਉਤੇ ਪਹਿਰਾ ਦਿੱਤਾ, ਸ਼ਹੀਦੀਆਂ ਪ੍ਰਾਪਤ ਕੀਤੀਆਂ ਅਤੇ ਆਪਣੇ ਘਰ-ਘਾਟ ਬਰਬਾਦ ਕਰਵਾ ਦਿੱਤੇ। ਇਸ ਤੋਂ ਇਲਾਵਾ ਦੇਸ਼, ਆਜ਼ਾਦੀ, ਕੌਮ, ਨੇਸ਼ਨ-ਸਟੇਟ ਮੁਲਕ ਅਤੇ ਪ੍ਰਭੂਸੰਪੰਨ (ਸਾਵਰਨ ਸਟੇਟ) ਦੇ ਅਰਥਾਂ ਅਤੇ ਇਨ੍ਹਾਂ ਅਰਥਾਂ ਵਿਚਾਲੇ ਬਰੀਕ ਅੰਤਰ ਨੂੰ ਸਪੱਸ਼ਟ ਕਰਕੇ ਸੰਗਤਾਂ ਦੀ ਮਾਨਸਿਕਤਾ ਦਾ ਹਿੱਸਾ ਬਣਾਉਣਾ ਵੀ ਸਾਡੇ ਏਜੰਡੇ ਦਾ ਇਕ ਸਰਗਰਮ ਹਿੱਸਾ ਹੋਣਾ ਚਾਹੀਦਾ ਹੈ। ਰਾਜਨੀਤਿਕ ਵਿਗਿਆਨ ਅਤੇ ਡਿਪਲੋਮੇਸੀ ਦੇ ਮਾਹਰਾਂ ਨੂੰ ਪਤਾ ਹੈ ਕਿ ਇਨ੍ਹਾਂ ਸ਼ਬਦਾਂ ਵਿਚ ਬੁਨਿਆਦੀ ਫ਼ਰਕ ਕੀ ਹੁੰਦਾ ਹੈ? ਇਹ ਗੱਲ ਅਸੀਂ ਇਸ ਲਈ ਕਹਿ ਰਹੇ ਹਾਂ ਕਿ ਪਹਿਲਾਂ ਹੀ ਸਾਡੇ ਵੇਖਦਿਆਂ ਵੇਖਦਿਆਂ ਅਨੰਦਪੁਰ ਦੇ ਮਤੇ ਵਿਚ ਬੁਨਿਆਦੀ ਤਬਦੀਲੀਆਂ ਕਰਕੇ ਮਤੇ ਦੀ ਰੂਹ ਨੂੰ ਖ਼ਤਮ ਕਰਨ ਵਿਚ ਕੋਈ ਕਸਰ ਨਹੀਂ ਛੱਡੀ ਗਈ। ਸਾਨੂੰ ਇਹੋ ਜਿਹੇ ਰੁਝਾਨਾਂ, ਸਹਿਸ ਸਿਆਣਪਾਂ, ਸੂਖ਼ਮ ਚਲਾਕੀਆਂ ਤੋਂ ਅਤਿ ਚੌਕਸ, ਅਤਿ ਸਾਵਧਾਨ ਅਤੇ ਅਤਿ ਇਕਾਗਰਚਿਤ ਹੋਣ ਦੀ ਲੋੜ ਹੈ।

ਇਕ ਹੋਰ ਸਵਾਲ ਕੀਤਾ ਜਾ ਸਕਦਾ ਹੈ ਕਿ ਕੀ ਐਲਾਨਨਾਮੇ ਦਾ ਕੋਈ ਦੁਖਦਾਈ ਪਹਿਲੂ ਵੀ ਹੈ, ਜਿਸ ਪਹਿਲੂ ਨੂੰ ਆਲੋਚਕ ਕਦੇ ਕਦੇ ਆਪਣੀ ਬਹਿਸ ਵਿਚ ਸ਼ਾਮਲ ਕਰਦੇ ਰਹਿੰਦੇ ਹਨ? ਹਾਂ, ਇੱਕ ਦੁਖਦਾਈ ਪਹਿਲੂ ਇਹ ਹੈ ਕਿ ਇਸ ਐਲਾਨਨਾਮੇ ਨੂੰ ਜਾਰੀ ਕਰਨ ਵਾਲੀ ਪੰਥਕ ਕਮੇਟੀ ਦੇ ਕੁੱਝ ਮੈਂਬਰ ਅਮਲਾਂ ਦੇ ਮੈਦਾਨ ਵਿਚ ਕਮਜ਼ੋਰ ਸਾਬਤ ਹੋਏ। ਪਰ ਐਲਾਨਨਾਮਾ ਜਾਰੀ ਹੋਣ ਸਮੇਂ ਇਹ ਸਾਰੇ ਮੈਂਬਰ ਕੌਮੀ ਜਜ਼ਬਿਆਂ ਦੀ ਨੁਮਾਇੰਦਗੀ ਕਰਦੇ ਸਨ। ਪਰ ਕੁਝ ਸਮੇਂ ਬਾਅਦ ਉਨ੍ਹਾਂ ਵਿਚੋਂ ਕੁਝ ਥਿੜਕਣਾ ਦਾ ਸ਼ਿਕਾਰ ਹੋ ਗਏ। ਲੇਕਿਨ ਐਲਾਨਨਾਮਾ ਕਿਉਂਕਿ ਕੌਮੀ ਭਾਵਨਾ ਨਾਲ ਓਤ-ਪੋਤ ਹੈ ਅਤੇ ਆਪਣੇ ਆਪ ਵਿਚ ਇਕ ਜਿਉਂਦੀ ਜਾਗਦੀ ਹਸਤੀ ਤੇ ਹਕੀਕਤ ਹੈ, ਇਸ ਲਈ ਕੁਝ ਵਿਅਕਤੀਆਂ ਦੇ ਥਿੜਕਣ ਦੇ ਬਾਵਜੂਦ ਐਲਾਨਨਾਮਾ ਇਤਿਹਾਸ ਵਿਚ ਜਿਉਂ ਦਾ ਤਿਉਂ ਜਗਦਾ-ਮਘਦਾ ਰਹੇਗਾ। ਸਾਹਿਤ ਦੇ ਖੇਤਰ ਵਿਚ ਇਹ ਗੱਲ ਆਮ ਆਖੀ ਜਾਂਦੀ ਹੈ ਕਿ ਜਿਉਂ ਹੀ ਕਿਸੇ ਲੇਖਕ ਦੀ ਲਿਖਤ ਹੋਂਦ ਵਿਚ ਆ ਜਾਂਦੀ ਹੈ, ਤਿਉਂ ਹੀ ਉਹ ਲਿਖਤ ਆਪਣੇ ਲੇਖਕ ਤੋਂ ਆਜ਼ਾਦ ਹੋ ਜਾਂਦੀ ਹੈ ਅਤੇ ਲਿਖਤ ਹੀ ਆਪਣੇ ਆਪ ਵਿਚ ਪਵਿੱਤਰਤਾ ਦਾ ਦਰਜਾ ਅਖਤਿਆਰ ਕਰ ਜਾਂਦੀ ਹੈ।

ਅਸੀਂ ਇਥੇ ਇਸ ਸਮੇਂ ਜੇਲ੍ਹ ਵਿਚ ਨਜ਼ਰਬੰਦ ਅਤੇ ਸਿੱਖ ਵਿਚਾਰਧਾਰਾ ਦੇ ਸਿਧਾਂਤਕ ਤਰਜਮਾਨ ਭਾਈ ਨਰਾਇਣ ਸਿੰਘ ਚੌੜਾ ਦੀ ਇਸ ਟਿੱਪਣੀ ਨਾਲ ਆਪਣੇ ਇਸ ਲੇਖ ਨੂੰ ਸਮਾਪਤ ਕਰਦੇ ਹਾਂ, ਜਿਸ ਵਿਚ ਇਕ ਪ੍ਰੇਰਨਾ ਵੀ ਹੈ, 'ਅੱਜ ਦੇ ਦਿਨ ਖ਼ਾਲਿਸਤਾਨ ਦਾ ਸੰਘਰਸ਼ ਬੇਸ਼ੱਕ ਦਬਾਇਆ ਗਿਆ ਦਿਖਾਈ ਦੇ ਰਿਹਾ ਹੈ ਅਤੇ ਕੁੱਝ ਖ਼ਾਲਿਸਤਾਨੀ ਆਗੂ ਵੀ ਅੰਤਰਰਾਸ਼ਟਰੀ ਮੰਚ 'ਤੇ ਆਈਆਂ ਤਬਦੀਲੀਆਂ ਦਾ ਬਹਾਨਾ ਬਣਾ ਕੇ ਹਿੰਦੋਸਤਾਨੀ ਸੰਵਿਧਾਨ ਦੀਆਂ ਕੰਧਾਂ ਵਿਚ ਫਸ ਕੇ ਹਿੰਦ ਦੀ ਮੁੱਖ ਧਾਰਾ ਵਿਚ ਆਉਣ ਅਤੇ ਸੱਤਾ ਮਾਨਣ ਦੇ ਸੁਪਨੇ ਲੈ ਰਹੇ ਹਨ, ਪਰ ਖ਼ਾਲਿਸਤਾਨ ਦੇ ਐਲਾਨਨਾਮੇ ਦੀ ਇਤਿਹਾਸਕ ਮਹੱਤਤਾ ਅੱਜ ਵੀ ਜਿਉਂ ਦੀ ਤਿਉਂ ਕਾਇਮ ਹੈ ਅਤੇ ਇਸ ਵਿਚ ਪ੍ਰਗਟਾਈ ਸੁਹਿਰਦ ਸੋਚ ਤੇ ਉੱਚ ਦਰਜੇ ਦੀ ਨੀਤੀ ਇਤਿਹਾਸਕਾਰਾਂ ਦਾ ਇਸ ਦੀ ਪਰਖ ਪੜਚੋਲ ਕਰਨ ਵੱਲ ਸਦਾ ਹੀ ਧਿਆਨ ਖਿੱਚਦੀ ਰਹੇਗੀ।'

## ਜਥੇਦਾਰਾਂ ਬਾਰੇ ਵਿਧੀ-ਵਿਧਾਨ ਬਣਾਉਣ ਦਾ ਕੰਮ ਵਿਚ-ਵਿਚਾਲੇ ਲਟਕਿਆ

### ਮਾਹਰਾਂ ਦੀ ਬਣਾਈ ਕਮੇਟੀ ਨੇ ਹਾਲੇ ਤਕ ਇਕ ਮੀਟਿੰਗ ਹੀ ਕੀਤੀ

**ਅੰਮ੍ਰਿਤਸਰ/ਬਿਊਰੋ ਨਿਊਜ਼ :**
ਤਖ਼ਤਾਂ ਦੇ ਜਥੇਦਾਰਾਂ ਦੀ ਨਿਯੁਕਤੀ, ਸੇਵਾ-ਮੁਕਤੀ, ਕਾਰਜ ਖੇਤਰ ਅਤੇ ਅਧਿਕਾਰ ਖੇਤਰ ਬਾਰੇ ਨਿਯਮ ਬਣਾਉਣ ਲਈ ਸ਼੍ਰੋਮਣੀ ਕਮੇਟੀ ਵਲੋਂ ਬਣਾਈ ਗਈ ਮਾਹਿਰਾਨਾ ਕਮੇਟੀ ਦੀ ਪਿਛਲੇ ਦੋ ਸਾਲਾਂ ਵਿਚ ਮਹਿਜ਼ ਇਕ ਮੀਟਿੰਗ ਹੋਈ ਹੈ। ਮਗਰੋਂ ਇਸ ਸਬੰਧੀ ਕੋਈ ਕਾਰਵਾਈ ਨਾ ਹੋਣ ਕਾਰਨ ਇਹ ਮਾਮਲਾ ਫਿਲਹਾਲ ਠੰਢੇ ਬਸਤੇ ਵਿਚ ਹੈ।

ਇਹ ਮਾਮਲਾ ਸ਼੍ਰੋਮਣੀ ਕਮੇਟੀ ਵਲੋਂ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਭਾਈ ਗੁਰਮੁਖ ਸਿੰਘ ਨੂੰ ਅਹੁਦੇ ਤੋਂ ਹਟਾਏ ਜਾਣ ਨਾਲ ਮੁੜ ਉਭਰਿਆ ਹੈ, ਜਿਸ 'ਤੇ ਸਿੱਖ ਜਥੇਬੰਦੀਆਂ ਵਲੋਂ ਕਿੰਤੂ-ਪ੍ਰੰਤੂ ਵੀ ਕੀਤਾ ਜਾ ਰਿਹਾ ਹੈ। ਜਥੇਦਾਰਾਂ ਨੂੰ ਇੰਜ 'ਸਤਿਕਾਰਤ ਰਹਿਤ' ਢੰਗ ਨਾਲ ਹਟਾਏ ਜਾਣ ਕਾਰਨ ਸ਼੍ਰੋਮਣੀ ਕਮੇਟੀ ਨੂੰ ਕਈ ਵਾਰ ਨਮੋਸ਼ੀ ਦਾ ਸਾਹਮਣਾ ਵੀ ਕਰਨਾ ਪੈ ਚੁੱਕਾ ਹੈ। ਕਮੇਟੀ ਨੇ ਇਸ ਸਬੰਧੀ ਜਨਵਰੀ 2015 ਵਿਚ ਮਾਹਰਾਂ ਦੀ ਕਮੇਟੀ ਬਣਾਈ ਸੀ, ਜਿਸ ਦੀ ਹੁਣ ਤੱਕ ਸਿਰਫ ਇਕ ਮੀਟਿੰਗ ਹੀ ਹੋਈ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਆਖਿਆ ਕਿ ਉਨ੍ਹਾਂ ਨੂੰ ਕਮੇਟੀ ਦੇ ਗਠਨ ਅਤੇ ਇਸ ਦੀ ਕਾਰਵਾਈ ਬਾਰੇ ਕੋਈ ਜਾਣਕਾਰੀ ਨਹੀਂ ਹੈ। ਉਹ ਪਤਾ ਕਰ ਕੇ ਯੋਗ ਕਾਰਵਾਈ ਕਰਨਗੇ। ਇਹ ਕਮੇਟੀ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਵਿਚ ਹੋਏ ਫੈਸਲੇ ਤਹਿਤ ਬਣਾਈ ਗਈ ਸੀ, ਜਿਸ ਵਿਚ ਸਾਬਕਾ ਉਪ ਕੁਲਪਤੀ ਪ੍ਰੋ. ਜਸਪਾਲ ਸਿੰਘ, ਸਿੱਖ ਇਤਿਹਾਸਕਾਰ ਕਿਰਪਾਲ ਸਿੰਘ ਚੰਡੀਗੜ੍ਹ, ਗੁਰੂ ਗ੍ਰੰਥ ਸਾਹਿਬ ਅਧਿਐਨ ਭਵਨ ਦੇ ਸਾਬਕਾ ਮੁਖੀ ਡਾ. ਬੀ.ਐਸ. ਢਿੱਲੋਂ, ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਾਬਕਾ ਪ੍ਰੋ. ਵੀਸੀ ਪ੍ਰਿਥੀਪਾਲ ਸਿੰਘ ਕਪੂਰ ਅਤੇ ਇਤਿਹਾਸਕਾਰ ਬਲਕਾਰ ਸਿੰਘ ਸ਼ਾਮਲ ਹਨ। ਕੋਆਰਡੀਨੇਟਰ ਦੀ ਜ਼ਿੰਮੇਵਾਰੀ ਸ਼੍ਰੋਮਣੀ ਕਮੇਟੀ ਦੇ ਉਦੋਂ ਦੇ ਸਕੱਤਰ ਦਲਮੇਘ ਸਿੰਘ ਨੂੰ ਸੌਂਪੀ ਗਈ ਸੀ। ਸ੍ਰੀ ਦਲਮੇਘ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੇ ਸੇਵਾ ਕਾਲ ਦੌਰਾਨ ਕਮੇਟੀ ਦੀ ਇਕ ਮੀਟਿੰਗ ਆਨੰਦਪੁਰ ਸਾਹਿਬ ਵਿਖੇ ਹੋਈ ਸੀ, ਜਿਸ ਵਿਚ ਇਕ ਈ-ਮੇਲ ਖ਼ਾਤਾ ਬਣਾ ਕੇ ਸੰਗਤ ਕੋਲੋਂ ਸੁਝਾਅ ਮੰਗੇ ਗਏ ਸਨ। ਉਨ੍ਹਾਂ ਦੀ ਸੇਵਾ-ਮੁਕਤੀ ਤੋਂ ਹੋਰ ਮੀਟਿੰਗ ਨਹੀਂ ਹੋਈ। ਉਨ੍ਹਾਂ ਕਿਹਾ ਕਿ ਜਥੇਦਾਰਾਂ ਦੀ ਸੇਵਾ ਸਬੰਧੀ ਕਾਇਦਾ-ਕਾਨੂੰਨ ਬਣਨਾ ਚਾਹੀਦਾ ਹੈ, ਕਿਉਂਕਿ ਅਜਿਹੇ ਮਾਮਲਿਆਂ ਕਾਰਨ ਅਕਾਲ ਤਖ਼ਤ ਦੀ ਮਾਣ ਮਰਿਆਦਾ ਨੂੰ ਢਾਹ ਲੱਗੀ ਹੈ। ਕਮੇਟੀ ਮੈਂਬਰ ਡਾ. ਬਲਵੰਤ ਸਿੰਘ ਢਿੱਲੋਂ ਨੇ ਆਖਿਆ ਕਿ ਕਮੇਟੀ ਦਾ ਗਠਨ ਇਕ ਚੰਗੇ ਮੰਤਵ ਲਈ ਕੀਤਾ ਗਿਆ ਸੀ ਪਰ ਸੰਜੀਦਗੀ ਦੀ ਘਾਟ ਕਾਰਨ ਇਸ ਮੁੱਦੇ 'ਤੇ ਕੁਝ ਖ਼ਾਸ ਨਹੀਂ ਹੋਇਆ। ਉਨ੍ਹਾਂ ਆਖਿਆ ਹੁਣ ਤੱਕ ਮੁੱਖ ਤੌਰ 'ਤੇ ਗ੍ਰੰਥੀ ਸਿੰਘਾਂ ਨੂੰ ਹੀ ਤਖ਼ਤਾਂ ਦੇ ਜਥੇਦਾਰ ਚੁਣਿਆ ਜਾਂਦਾ ਰਿਹਾ ਹੈ, ਜਦੋਂਕਿ ਇਹ ਅਹੁਦਾ ਸੰਭਾਲਣ ਵਾਲਾ ਵਿਅਕਤੀ ਬਹੁਪੱਖੀ ਸ਼ਖ਼ਸੀਅਤ ਦਾ ਮਾਲਕ ਹੋਣਾ ਚਾਹੀਦਾ ਹੈ, ਜੋ ਗੁਰਮਤਿ ਗਿਆਨ ਤੋਂ ਇਲਾਵਾ ਵਿਦਿਅਕ ਅਤੇ ਹੋਰ ਪੱਖਾਂ ਤੋਂ ਵੀ ਵਿਦਵਾਨ ਹੋਵੇ।

ਗ਼ੌਰਤਲਬ ਹੈ ਕਿ ਕਈ ਦਹਾਕਿਆਂ ਤੋਂ ਜਥੇਦਾਰਾਂ ਦੀ ਨਿਯੁਕਤੀ ਤੇ ਸੇਵਾ-ਮੁਕਤੀ ਦੇ ਢੰਗ ਤਰੀਕੇ ਕਾਰਨ ਸ਼੍ਰੋਮਣੀ ਕਮੇਟੀ ਲਈ ਹਾਸੋਹੀਣੀ ਅਤੇ ਨਮੋਸ਼ੀ ਵਾਲੀ ਸਥਿਤੀ ਬਣਦੀ ਰਹੀ ਹੈ। ਸ੍ਰੀ ਅਕਾਲ ਤਖ਼ਤ ਦੇ ਸਾਬਕਾ ਜਥੇਦਾਰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਨੇ 2000 ਵਿਚ ਸ਼੍ਰੋਮਣੀ ਕਮੇਟੀ ਨੂੰ ਇਸ ਸਬੰਧੀ ਵਿਧੀ-ਵਿਧਾਨ ਤਿਆਰ ਕਰਨ ਦੀ ਹਦਾਇਤ ਦਿੱਤੀ ਸੀ। ਦਲ ਖਾਲਸਾ ਅਤੇ ਕੁਝ ਹੋਰ ਸਿੱਖ ਜਥੇਬੰਦੀਆਂ ਨੇ ਵੀ ਅਜਿਹਾ ਇਕ ਖਰੜਾ ਤਿਆਰ ਕਰ ਕੇ ਸ਼੍ਰੋਮਣੀ ਕਮੇਟੀ ਨੂੰ ਵੀ ਸੌਂਪਿਆ ਸੀ।

# ਅਮਰੀਕਾ ਨਹੀਂ, ਨਿਊਜ਼ੀਲੈਂਡ ਜਾ ਰਹੀਆਂ ਹਨ ਨਵੀਆਂ ਕੰਪਨੀਆਂ

**ਅਮਰੀਕਾ ਵਿਚ ਸਿਆਸੀ ਵਾਤਾਵਰਣ, ਵੀਜ਼ਾ, ਇੰਮੀਗਰੇਸ਼ਨ, ਮੈਕਸੀਕੋ ਸਰਹੱਦ ’ਤੇ ਕੰਧ ਅਤੇ ਆਈ.ਐਸ.ਆਈ.ਐਸ. ਦੀਆਂ ਚਰਚਾਵਾਂ ਨਾਲ ਸਿਲੀਕਾਨ ਵੈਲੀ ਦੇ ਆਈ.ਟੀ. ਮਾਹਰ ਅਸਹਿਜ ਮਹਿਸੂਸ ਕਰ ਰਹੇ ਹਨ। ਬਿਹਤਰ ਵਾਤਾਵਰਣ ਦੀ ਉਨ੍ਹਾਂ ਦੀ ਭਾਲ ਬ੍ਰੈਗਜ਼ਿਟ ਕਾਰਨ ਲੰਡਨ ਤਕ ਹੀ ਸੀਮਤ ਰਹੀ। ਅਜਿਹੇ ਵਿਚ ਨਿਊਜ਼ੀਲੈਂਡ ਉਸ ਰੂਪ ਵਿਚ ਉਭਰ ਰਿਹਾ ਹੈ, ਜਿੱਥੇ ਦੋ ਸ਼ਹਿਰਾਂ ਵਿਚ ਨਵੀਂ ਸਿਲੀਕਾਨ ਵੈਲੀ ਸਥਾਪਤ ਕੀਤੀ ਜਾ ਸਕਦੀ ਹੈ। ਉਥੋਂ ਇਸ ਦੇ ਪ੍ਰੋਗਰਾਮ ਚਲਾਏ ਜਾ ਰਹੇ ਹਨ, ਜਿਸ ਵਿਚ ਅਨੁਸਾਨ ਨਾਲੋਂ ਜ਼ਿਆਦਾ ਸਫਲਤਾ ਮਿਲ ਰਹੀ ਹੈ। ਜਾਣੋ ਉਭਰਦੀ ਸਿਲੀਕਾਨ ਵੈਲੀ ਬਾਰੇ।**




**ਜੈਕਲੀਨ ਵਿਲੀਅਮਜ਼ (ਸਿਡਨੀ) ਅਤੇ ਡੈਵਿਡ ਸਟਰੇਟਫੇਲਡ (ਸਿਲੀਕਾਨ ਵੈਲੀ ਰਿਪੋਰਟਰ-ਪੁਲਿਤਜ਼ਰ ਪੁਰਸਕਾਰ ਜੇਤੂ)**

ਸਿਲੀਕਾਨ ਵੈਲੀ ਸ਼ਬਦ ਦੀ ਉਤਪਤੀ ਸਾਲ 1970 ਵਿਚ ਇਕ ਅਮਰੀਕੀ ਅਖ਼ਬਾਰ ਦੀ ਹੈੱਡਲਾਈਨ ਨਾਲ ਹੋਈ ਸੀ। ਉਸ ਮਗਰੋਂ ਉਥੇ ਆਈ.ਟੀ. ਕੰਪਨੀਆਂ ਦੀ ਸੰਖਿਆ ਤੇਜ਼ੀ ਨਾਲ ਵਧੀ ਤੇ ਅੱਜ ਸਾਨ ਫਰਾਂਸਿਸਕੋ ਦਾ ਵੱਡਾ ਖੇਤਰ ਉਸੇ ਨਾਂ ਨਾਲ ਜਾਣਿਆ ਜਾਂਦਾ ਹੈ। ਦੁਨੀਆ ਦੇ ਕਈ ਸ਼ਹਿਰਾਂ ਨੇ ‘ਸਿਲੀਕਾਨ ਵੈਲੀ’ ਸਥਾਪਤ ਕਰਨ ਦੀ ਕੋਸ਼ਿਸ਼ ਕੀਤੀ, ਪਰ ਕਈ ਕਾਰਨਾਂ ਕਾਰਨ ਇਹ ਸੰਭਵ ਨਾ ਹੋਇਆ। ਵਿਸ਼ਵ ਦੇ ਬਦਲਦੇ ਦ੍ਰਿਸ਼ ਅਤੇ ਸਿਆਸੀ ਵਾਤਾਵਰਣ ਕਾਰਨ ਹੁਣ ਨਿਊਜ਼ੀਲੈਂਡ ਵਿਚ ਰਾਜਧਾਨੀ ਵੈਲਿੰਗਟਨ ਅਤੇ ਆੱਕਲੈਂਡ ਵਿਚ ਸਿਲੀਕਾਨ ਵੈਲੀ ਬਣਾਉਣ ਦੀ ਤਿਆਰੀ ਹੈ ਤੇ ਉਸ ਵਿਚ ਸਫਲਤਾ ਮਿਲਣੀ ਸ਼ੁਰੂ ਹੋ ਗਈ ਹੈ। ਕੁਝ ਅਜਿਹੀਆਂ ਕੰਪਨੀਆਂ ਸ਼ੁਰੂ ਹੋ ਚੁੱਕੀਆਂ ਹਨ, ਜੋ ਪਹਿਲਾਂ ਅਮਰੀਕਾ ਵਿਚ ਸਨ। ਉਥੋਂ ਦੇ ਵਾਤਾਵਰਣ, ਵੀਜ਼ਾ ਨਿਯਮਾਂ ਵਿਚ ਸਖ਼ਤੀ ਕਾਰਨ ਆਈ.ਟੀ. ਦੇ ਜਾਣਕਾਰਾਂ ਦੇ ਵਿਚਾਰ ਵੀ ਬਦਲ ਰਹੇ ਹਨ। ਅਜਿਹੇ ਕਈ ਲੋਕ ਹਨ, ਜੋ ਸਿਲੀਕਾਨ ਵੈਲੀ ਤੋਂ ਆ ਕੇ ਵਸ ਗਏ ਤੇ ਉਨ੍ਹਾਂ ਨੇ ਆਪਣੀ ਵੱਖਰੀ ਕੰਪਨੀ ਸ਼ੁਰੂ ਕਰ ਲਈ ਹੈ।

ਨਿਊਜ਼ੀਲੈਂਡ ਵਿਚ ਕੁਝ ਦਹਾਕੇ ਪਹਿਲਾਂ ਤਕ ਸਾਫਟਵੇਅਰ ਉਦਯੋਗ ਦੀ ਜ਼ਿਆਦਾ ਜ਼ਰੂਰਤ ਨਹੀਂ ਸੀ, ਹੁਣ ਉਹੀ ਨਿਊਜ਼ੀਲੈਂਡ ਆਈ.ਟੀ. ਮਾਹਰਾਂ ਦੀ ਨਵੀਂ ਪਨਾਹਗਾਹ ਬਣ ਰਿਹਾ ਹੈ। ਅਮਰੀਕਾ ਤਾਂ ਠੀਕ, ਯੂਰਪ ਵਿਚ ਬ੍ਰੈਗਜ਼ਿਟ ਕਾਰਨ ਲੰਡਨ ਪ੍ਰਤੀ ਮੋਹ ਘੱਟ ਹੋ ਰਿਹਾ ਹੈ। ਇਸ ਨਾਲ ਕਿਤੇ ਨਾ ਕਿਤੇ ਅਨਿਸਚਤਤਾ ਦਾ ਅਹਿਸਾਸ ਜ਼ਰੂਰ ਹੁੰਦਾ ਹੈ। ਅਗਲੇ ਮਹੀਨੇ ਨਿਊਜ਼ੀਲੈਂਡ ਵਿਚ 100 ਡਿਵੈਲਪਰਾਂ ਨੂੰ ਲਿਆਉਣ ਦਾ ਪ੍ਰੋਗਰਾਮ ਹੈ, ਜਿਸ ਲਈ ‘ਵਾਈਨ ਦੇ-ਡਾਈਨ-ਦੇਮ-ਐਂਡ ਆਫ਼ ਦੇਮ ਜੱਾਬ’ ਦੀ ਮੁਹਿੰਮ ਜਾਰੀ ਹੈ। ਅਨੁਮਾਨ ਸੀ ਕਿ ਘੱਟੋ-ਘੱਟ 2500 ਅਰਜ਼ੀਆਂ ਆਉਣਗੀਆਂ। ਪਰ ‘ਲੁਕ-ਸੀ ਵੈਲਿੰਗਟਨ’ ਪ੍ਰੋਗਰਾਮ ਤਹਿਤ 48000 ਅਰਜ਼ੀਆਂ ਆਈਆਂ। ਉਨ੍ਹਾਂ ਵਿਚ ਜ਼ਿਆਦਾਤਰ ਲੋਕ ਗੂਗਲ, ਐਮਾਜ਼ੋਨ, ਫੇਸਬੁੱਕ, ਐਮ.ਆਈ.ਟੀ. ਤੇ ਨਾਸਾ ਨਾਲ ਜੁੜੇ ਹਨ।

ਨਿਊਜ਼ੀਲੈਂਡ ਨੇ ਖੁਦ ਨੂੰ ਇਸ ਤਰ੍ਹਾਂ ਵਿਕਸਤ ਕਰ ਲਿਆ ਹੈ ਕਿ ਪ੍ਰਤਿਭਾ ਖ਼ੁਦ ਉਥੇ ਆ ਰਹੀਆਂ ਹਨ। ਵੱਡਾ ਕਾਰਨ ਰਹਿਣ ਦਾ ਖ਼ਰਚਾ ਵੀ ਹੈ। ਸਾਨ ਫਰਾਂਸਿਸਕੋ ਵਿਚ ਰਹਿਣ ਲਈ ਵਧੀ ਰਾਸ਼ੀ ਖ਼ਰਚ ਕਰਨੀ ਪੈਂਦੀ ਹੈ, ਜੋ ਵੈਲਿੰਗਟਨ ਅਤੇ ਆੱਕਲੈਂਡ ਵਰਗੇ ਸ਼ਹਿਰਾਂ ਵਿਚ ਕਾਫ਼ੀ ਘੱਟ ਹੈ। ਵੈਲਿੰਗਟਨ ਰੀਜਨਲ ਇਕੋਨਾਮਿਕ ਡਿਵੈਲਪਮੈਂਟ ਏਜੰਸੀ ਦੇ ਜੀ.ਐਮ. ਡੇਵਿਡ ਜੋਨਸ ਕਹਿੰਦੇ ਹਨ-ਹੁਣ ਸਾਰੇ ਸਿਤਾਰੇ ਇਕੱਠੇ ਆ ਰਹੇ ਹਨ। ਨਵੇਂ ਲੋਕਾਂ ਨਾਲ ਨਿਊਜ਼ੀਲੈਂਡ ਨੂੰ ਨਵੀਂ ਪਛਾਣ ਮਿਲ ਰਹੀ ਹੈ। ਉਹ ਇਸ ਦੇਸ਼ ਦੇ ਵਾਤਾਵਰਣ ਨੂੰ ਜ਼ਿਆਦਾ ਅਨੁਕੂਲ ਬਣਾ ਰਹੇ ਹਨ।

ਸਾਨ ਫਰਾਂਸਿਸਕੋ ਛੱਡ ਕੇ ਦੋ ਕੰਪਨੀਆਂ ਸ਼ੁਰੂ ਕਰਨ ਨਿਊਜ਼ੀਲੈਂਡ ਪੁੱਜੀ ਏਲਨਾ ਇਰਵਿਨਾ (33) ਕਹਿੰਦੀ ਹੈ ਕਿ ਅਮਰੀਕਾ ਵਿਚ ਖ਼ੁਦ ਨੂੰ ਬਹੁਤ ਅਲੱਗ-ਥਲੱਗ ਮਹਿਸੂਸ ਕਰਦੀ ਸੀ। ਉਥੇ ਸਾਡੇ ਆਲੇ-ਦੁਆਲੇ ਕਈ ਚੀਜ਼ਾਂ ਹੁੰਦੀਆਂ ਸਨ, ਪਰ ਪਤਾ ਨਹੀਂ ਮੈਂ ਉਨ੍ਹਾਂ ਨਾਲ ਸਹਿਮਤ ਸੀ ਜਾਂ ਨਹੀਂ। ਨਿਊਜ਼ੀਲੈਂਡ ਦਾ ਇਹ ਦੂਸਰਾ ਯਤਨ ਹੈ, ਜਦੋਂ ਉਸ ਨੇ ਆਪਣੇ ਇੱਥੇ ਆਪਣੀ ਸਿਲੀਕਾਨ ਵੈਲੀ ਸਥਾਪਤ ਕਰਨ ਦਾ ਸੁਪਨਾ ਦੇਖਿਆ ਹੈ। ਪਹਿਲੀ ਵਾਰ ਯਤਨਾਂ ਵਿਚ ਕਈ ਵੱਡੇ ਵੱਡੇ ਵਾਅਦੇ ਕੀਤੇ ਗਏ ਸਨ, ਪਰ ਉਨ੍ਹਾਂ ਨੂੰ ਪੂਰਾ ਨਹੀਂ ਕੀਤਾ ਗਿਆ ਸੀ। ਉਹ ਇਕ ਵੱਖਰੀ ਤਰ੍ਹਾਂ ਦਾ ਦੌਰ ਸੀ, ਪਰ ਹੁਣ ਸਾਰਿਆਂ ਨੂੰ ਇਹ ਲਗਦਾ ਹੈ ਕਿ ਇਸ ਵਾਰਕੁਝ ਨਵਾਂ ਹੈ। ਕਹਾਣੀ ਦੀ ਸ਼ੁਰੂਆਤ ਇਕ ਦਹਾਕੇ ਪਹਿਲਾਂ ਹੋਈ ਸੀ, ਜਦੋਂ ਇਕ ਖਰਬਪਤੀ ਇਥੇ ਸੈਰ ਕਰਨ ਆਏ ਸਨ। ਇਥੋਂ ਦੀ ਖ਼ੂਬਸੂਰਤੀ, ਲੋਕਾਂ ਦਾ ਵਿਹਾਰ ਤੇ ਵਾਤਾਵਰਣ ਨੇ ਉਨ੍ਹਾਂ ਨੂੰ ਆਕਰਸ਼ਤ ਕੀਤਾ ਸੀ। ਇਨ੍ਹਾਂ ਕਾਰਨਾਂ ਕਾਰਨ ਪੀਟਰ ਜੈਕਸਨ ਨੇ ‘ਲਾਰਡ ਆਫ਼ ਦੀ ਰਿੰਗਸ’ ਫ਼ਿਲਮ ਦੀ ਸ਼ੂਟਿੰਗ ਲਈ ਨਿਊਜ਼ੀਲੈਂਡ ਨੂੰ ਚੁਣਿਆ ਸੀ।

ਨਿਊਜ਼ੀਲੈਂਡ ਦੀ ਨਾਗਰਿਕਤਾ ਚਾਹੁਣ ਵਾਲਿਆਂ ਲਈ ਪੰਜ ਸਾਲ ਦਾ 70 ਫੀਸਦੀ ਸਮਾਂ ਉਥੇ ਗੁਜ਼ਾਰਨਾ ਜ਼ਰੂਰੀ ਹੈ। ਉਨ੍ਹਾਂ ਨੂੰ ਸਿੱਧ ਕਰਨਾ ਹੁੰਦਾ ਹੈ ਕਿ ਉਹ ਆਉਣ ਵਾਲੇ ਵਕਤ ਵਿਚ ਉਥੇ ਰਹਿਣਗੇ। ਪੇ-ਪਾਲ ਅਤੇ ਫੇਸਬੁੱਕ ਵਿਚ ਨਿਵੇਸ਼ ਨਾਲ ਪੈਸਾ ਕਮਾਉਣ ਵਾਲੇ ਅਮਰੀਕੀ ਵਪਾਰੀ ਪੀਟਰ ਥਿਅਲ ਨੇ ਕੁਝ ਸਾਲ ਪਹਿਲਾਂ ਨਿਊਜ਼ੀਲੈਂਡ ਵਿਚ ਕਾਰੋਬਾਰ ਸ਼ੁਰੂ ਕੀਤਾ ਸੀ। ਉਹ ਸਥਾਨਕ ਅਰਥ ਵਿਵਸਥਾ ਵਿਚ ਸ਼ਾਮਲ ਹੋਣਾ ਚਾਹੁੰਦੇ ਸਨ। ਉਥੇ ਸਥਾਨਕ ਬਾਜ਼ਾਰ ਦਾ ਸਭ ਤੋਂ ਵੱਡਾ ਬਰਾਮਦ ਭੇਡ-ਬੱਕਰੀਆਂ ਦੇ ਦੁੱਧ ਤੇ ਉਨ੍ਹਾਂ ਜੁੜੇ ਉਤਪਾਦ ਹਨ। ਨਿਵੇਸ਼ ਫਰਮ ‘ਵਲਾਰ ਵੈਂਚਰਜ਼’ ਸ਼ੁਰੂ ਕਰਨ ਤੋਂ ਬਾਅਦ ਉਸ ਫਰਮ ਨੇ 3 ਮਿਲੀਅਨ ਡਾਲਰ ਉਥੋਂ ਦੀ ਆਨਲਾਈਨ ਅਕਾਊਂਟਿੰਗ ਸਾਫਟਵੇਅਰ ਫਰਮ ‘ਜ਼ੀਰੋ’ ਵਿਚ ਨਿਵੇਸ਼ ਕੀਤਾ। 1400 ਕਰਮਚਾਰੀਆਂ ਵਾਲੀ ਜ਼ੀਰੋ ਦੇ 180 ਦੇਸ਼ਾਂ ਵਿਚ ਕਲਾਇੰਟ ਹਨ ਤੇ ਉਹ ਨਿਊਜ਼ੀਲੈਂਡ ਦੀਆਂ ਵੱਡੀਆਂ ਕੰਪਨੀਆਂ ਵਿਚ ਸ਼ਾਮਲ ਹੈ। ਉਸ ਦੇ ਸੀ.ਈ.ਓ. ਰੌਡ ਡ੍ਰੂਰੀ ਨੂੰ ਉਥੇ ਬਿਲ ਗੇਟਸ ਤੇ ਮਾਰਕ ਜਕਰਬਰਗ ਦੀ ਤਰ੍ਹਾਂ ਮੰਨਿਆ ਜਾਂਦਾ ਹੈ।

ਫਰਵਰੀ 2011 ਵਿਚ ਕ੍ਰਾਈਸਟ ਚਰਚ ਸ਼ਹਿਰ ਵਿਚ ਭੂਚਾਲ ਮਗਰੋਂ ਥਿਥਲ ਨੇ 5 ਕਰੋੜ 27 ਲੱਖ ਰੁਪਏ ਰਾਹਤ ਵਿਚ ਦਿੱਤੇ ਸਨ। ਬਾਅਦ ਵਿਚ ਜਦੋਂ ਥਿਥਲ ਨੂੰ ਨਾਗਰਿਕਤਾ ਮਿਲੀ, ਤਾਂ ਉਨ੍ਹਾਂ ਕਿਹਾ ਕਿ ਮੇਰੇ ਲਈ ਗੌਰਵ ਦਾ ਪਲ ਇਸ ਤੋਂ ਵੱਡਾ ਨਹੀਂ ਹੋ ਸਕਦਾ। ਥਿਥਲ ਨੂੰ ਨਿਊਜ਼ੀਲੈਂਡ ਵਿਚ ਨਿਵੇਸ਼ ਦਾ ਲਾਭ ਮਿਲਿਆ ਹੈ, ਪਰ ਉਨ੍ਹਾਂ ਦੇ ਕਾਰੋਬਾਰੀ ਸੰਪਰਕ ਕਈ ਦੇਸ਼ਾਂ ਨਾਲ ਹਨ।

‘ਲੁਕ-ਸੀ ਵੈਲਿੰਗਟਨ’ ਪ੍ਰੋਗਰਾਮ ਖਾਸ ਤੌਰ ’ਤੇ ਅਮਰੀਕੀ ਸਾਫ਼ਟਵੇਅਰ ਇੰਜਨੀਅਰਾਂ ਨੂੰ ਆਕਰਸ਼ਤ ਕਰਨ ਲਈ ਸੀ, ਪਰ ਇਨ੍ਹਾਂ ਸ਼ਬਦਾਂ ਨੇ ਆਪਣਾ ਦਾਇਰਾ ਵਧਾਇਆ ਤੇ ਅਰਜ਼ੀਆਂ ਦੀ ਸੰਖਿਆ ਵਿਚ ਭਾਰਤੀਆਂ ਨੇ ਅਮਰੀਕੀਆਂ ਨੂੰ ਪਿਛੇ ਛੱਡ ਦਿੱਤਾ ਹੈ। ਵੈਸੇ ਵੀ ਨਿਊਜ਼ੀਲੈਂਡ ਬਾਹਰੀ ਲੋਕਾਂ ਦਾ ਉਸੇ ਤਰ੍ਹਾਂ ਸਵਾਗਤ ਕਰ ਰਿਹਾ ਹੈ, ਜਿਵੇਂ ਕਦੇ ਅਮਰੀਕਾ ਨੇ ਕੀਤਾ ਸੀ। ਅੱਜ ਉਥੋਂ ਦੀਆਂ ਵੱਡੀ ਪੂੰਜੀ ਵਾਲੀਆਂ 50 ਫ਼ੀਸਦੀ ਕੰਪਨੀਆਂ ਬਾਹਰੀ ਲੋਕਾਂ ਵਲੋਂ ਸਥਾਪਤ ਹਨ।

## ਔਰਤਾਂ ਨੂੰ ਪਸੰਦ ਨਹੀਂ ਕਰਦੀ ਸਿਲੀਕਾਨ ਵੈਲੀ, ਹੁੰਦਾ ਹੈ ਭੇਦਭਾਵ

ਗੂਗਲ ’ਤੇ ਘੱਟ ਤਨਖਾਹ ਦੇਣ ਦਾ ਦੋਸ਼ ਤੇ ਉਬਰ ’ਤੇ ਤਰੱਕੀ ਨਾ ਦੇਣ ਦਾ, ਕਈ ਕੰਪਨੀਆਂ ’ਚ ਵੱਡੇ ਅਹੁਦਿਆਂ ਤੋਂ ਦੂਰ ਰੱਖਿਆ ਜਾਂਦਾ ਹੈ ਔਰਤਾਂ ਨੂੰ ਅਮਰੀਕਾ ’ਚ ਟੈਕਸੀ ਸੇਵਾ ਉਬਰ ਵਿਰੁੱਧ ਇਸ ਦੀ ਸਾਬਕਾ ਮੁਲਾਜ਼ਮ ਦੀ ਸ਼ਿਕਾਇਤ ’ਤੇ ਜਾਂਚ ਹੋ ਰਹੀ ਹੈ ਕਿ ਕੰਪਨੀ ’ਚ ਕਾਬਲ ਔਰਤਾਂ ਨੂੰ ਵੀ ਤਰੱਕੀ ਨਹੀਂ ਦਿੱਤੀ ਜਾਂਦੀ ਅਤੇ ਔਰਤਾਂ ਦੇ ਸ਼ੋਸ਼ਣ ਦੀ ਸ਼ਿਕਾਇਤ ਨੂੰ ਗੰਭੀਰਤਾ ਨਾਲ ਨਹੀਂ ਲਿਆ ਜਾਂਦਾ। ਉਬਰ ਟੈਕਨੋਲਾਜੀ ਦੇ ਮਾਮਲੇ ’ਚ ਸਟਾਰ ਸਮਝੀ ਜਾਣ ਵਾਲੀ ਕੰਪਨੀਆਂ ’ਚੋਂ ਇਕੱਲੀ ਨਹੀਂ ਹੈ, ਜਿਸ ’ਤੇ ਔਰਤਾਂ ਨਾਲ ਭੇਦਭਾਵ ਕਰਨ ਦੇ ਦੋਸ਼ ਲੱਗੇ ਹਨ। ਗੂਗਲ ਜਿਹੀ ਪ੍ਰਸਿੱਧ ਕੰਪਨੀ ’ਤੇ ਅਮਰੀਕੀ ਮਜ਼ਦੂਰ ਵਿਭਾਗ ਨੇ ਮਰਦਾਂ ਦੇ ਮੁਕਾਬਲੇ ਔਰਤਾਂ ਨੂੰ ਬਹੁਤ ਘੱਟ ਤਨਖਾਹ ਦੇਣ ਦਾ ਦੋਸ਼ ਲਗਾਇਆ ਹੈ। ਗੂਗਲ ਨੇ ਇਸ ਦੋਸ਼ ਤੋਂ ਇਨਕਾਰ ਕੀਤਾ ਹੈ, ਪਰ ਇਹ ਸਹੀ ਹੈ ਟੈਕਨੋਲਾਜੀ ਅਤੇ ਖਾਸ ਤੌਰ ’ਤੇ ਸਿਲੀਕਾਨ ਵੈਲੀ ’ਚ ਇਹ ਸਮੱਸਿਆ ਹੈ, ਇਸ ’ਚ ਕੋਈ ਸ਼ੱਕ ਨਹੀਂ ਹੈ। ਵੈਲੀ ’ਚ 210 ਔਰਤਾਂ ਦੇ ਸਰਵੇਖਣ ’ਚ ਪਤਾ ਲੱਗਿਆ ਹੈ ਕਿ 60 ਫ਼ੀਸਦੀ ਔਰਤਾਂ ਨਾਲ ਮਾੜਾ ਵਿਹਾਰ ਹੁੰਦਾ ਹੈ। ਦੋ-ਤਿਹਾਈ ਔਰਤਾਂ ਨੇ ਖੁਦ ਨੂੰ ਮਹੱਤਵਪੂਰਨ ਮੌਕਿਆਂ ਤੋਂ ਵਾਂਝਾ ਮਹਿਸੂਸ ਕੀਤਾ ਹੈ। ਰਿਸਰਚ ਫਰਮ ਪੈਸਕੈਲ ਨੇ ਪਾਇਆ ਹੈ ਕਿ ਸਿਰਫ਼ 21 ਫ਼ੀਸਦੀ ਅਮਰੀਕੀ ਟੈਕਨੋਲਾਜੀ ਐਗਜ਼ੀਕਿਊਟਿਵ ਔਰਤਾਂ ਹਨ। ਅਨੁਭਵ, ਸਿੱਖਿਆ ਅਤੇ ਜ਼ਿੰਮੇਵਾਰੀ ’ਚ ਭਾਰੀ ਪੈਣ ਤੋਂ ਬਾਅਦ ਵੀ ਔਰਤਾਂ ਨੂੰ ਘੱਟ ਤਨਖਾਹ ਮਿਲਦੀ ਹੈ। ਇਹ ਸਾਰੀਆਂ ਸਮੱਸਿਆਵਾਂ ਸਿਲੀਕਾਨ ਵੈਲੀ ’ਚ ਨਹੀਂ ਹਨ। ਬਹੁਤ ਸਾਰੇ ਲੋਕ ਇਸ ਗੱਲ ਤੋਂ ਪ੍ਰੇਸ਼ਾਨ ਹਨ ਕਿ ਵਿਗਿਆਨ, ਟੈਕਨੋਲਾਜੀ, ਇੰਜਨੀਅਰਿੰਗ ਅਤੇ ਗਣਿਤ ਦੇ ਕੋਰਸ ’ਚ ਬਹੁਤ ਘੱਟ ਕੁੜੀਆਂ ਆ ਰਹੀਆਂ ਹਨ। ਅਮਰੀਕਾ ’ਚ ਸਾਲ 2013 ’ਚ ਸਿਰਫ 18 ਫ਼ੀਸਦੀ ਔਰਤਾਂ ਨੂੰ ਕੰਪਿਊਟਰ ਸਾਇੰਸ ਦੀ ਡਿਗਰੀ ਦਿੱਤੀ ਗਈ। ਇਹ 1985 ਦੇ ਮੁਕਾਬਲੇ 37 ਫ਼ੀਸਦੀ ਘੱਟ ਹੈ। ਤਨਖਾਹ ’ਚ ਫ਼ਰਕ ਵੀ ਇੰਨਾ ਹੀ ਗੰਭੀਰ ਹੈ।

ਵੈਂਚਰ ਕੈਪਨਲਿਸਟ ਮਤਲਬ ਜੋਖ਼ਮ ਲੈ ਕੇ ਨਵੇਂ ਪ੍ਰੋਜੈਕਟ ’ਚ ਨਿਵੇਸ਼ ਕਰਨ ਵਾਲੇ ਲੋਕ ਟੈਕਨੋਲਾਜੀ ਉਦਯੋਗ ਦੇ ਗੁਰੂ ਮੰਨੇ ਜਾਂਦੇ ਹਨ। ਆਪਣੇ ਚੈੱਕ, ਕਨੈਕਸ਼ਨ ਅਤੇ ਸਲਾਹ ਤੋਂ ਉਹ ਖੁਦ ਤੈਅ ਕਰਦੇ ਹਨ ਕਿ ਕਿਹੜੀ ਸਟਾਰਟਅਪ ਸਫ਼ਲ ਹੁੰਦੀ ਹੈ ਅਤੇ ਕਿਹੜੀ ਨਹੀਂ। ਉਹ ਖਾਸ ਤੌਰ ’ਤੇ ਮਰਦ ਹਨ। ਵੈਂਚਰ ਕੈਪਿਟਲ ’ਚ ਲਗਭਗ 6 ਫ਼ੀਸਦੀ ਭਾਈਵਾਲ ਹੀ ਔਰਤਾਂ ਹਨ, ਜੋ 1999 ’ਚ 10 ਫ਼ੀਸਦੀ ਸਨ। ਟਾਪ 100 ਵੈਂਚਰ ਕੈਪਿਟਲ ਫਰਮ ’ਚ 40 ਫ਼ੀਸਦੀ ਤੋਂ ਘੱਟ ਮਹਿਲਾ ਭਾਈਵਾਲ ਅਜਿਹੀਆਂ ਹਨ, ਜਿਨ੍ਹਾਂ ਨੂੰ ਨਿਵੇਸ਼ ਕਰਨ ਦੀ ਜ਼ਿੰਮੇਵਾਰੀ ਦਿੱਤੀ ਗਈ ਹੋਵੇ। ਬਹੁਤ ਪ੍ਰਸਿੱਧ ਫ਼ੰਡਸ ਜਿਵੇਂ ਬੈਂਚਮਾਰਕ ਤੇ ਐਂਡਰੀਸੇਨ ਹੈਰੋਵਿਟਸ ’ਚ ਤਾਂ ਇਕ ਵੀ ਨਹੀਂ ਹੈ। ਨਿਵੇਸ਼ ਦਾ ਮਾਪਦੰਡ ਵੀ ਬਹੁਤ ਕੁੱਝ ਦੱਸਦਾ ਹੈ।



ਗੂਗਲ ਜਿਹੀਆਂ ਕੰਪਨੀਆਂ ’ਚ ਨਿਵੇਸ਼ ਕਰਨ ਵਾਲੇ ਜੋਨ ਡੋਇਰ ਕਹਿੰਦੇ ਹਨ - ਨਿਵੇਸ਼ ਦਾ ਇਕ ਹੀ ਫਾਰਮੂਲਾ ਹੈ, “ਅਜਿਹੇ ਗੋਰੇ ਟੈਕਨੋਲਾਜੀ ਮਰਦਾਂ ’ਚ ਨਿਵੇਸ਼ ਕਰੋ, ਜੋ ਹਾਵਰਡ ਜਾਂ ਸਟੈਨਫੋਰਡ ਦੇ ਡਰਾਪਆਊਟ ਯਾਨੀ ਪੜ੍ਹਾਈ ਛੱਡਣ ਵਾਲੇ ਹੋਣ।” ਸਿਲੀਕਾਨ ਵੈਲੀ ਦਾ ਬਚਾਅ ਕਰਨ ਵਾਲੇ ਦੋ ਕਾਰਨ ਹਨ। ਇਕ ਤਾਂ ਇਹ ਕਿ ਧਰਤੀ ਦੇ ਸਭ ਤੋਂ ਸਫ਼ਲ ਬਿਜ਼ਨਸ ਕਲਸਟਰ ’ਤੇ ਪੱਥਰ ਸੁੱਟਣਾ ਬੇਕਾਰ ਹੈ। ਬਾਜ਼ਾਰ ਦੀਆਂ ਤਾਕਤਾਂ ਇਹ ਸੁਨਿਸ਼ਚਿਤ ਕਰਦੀਆਂ ਹਨ ਕਿ ਵਧੀਆ ਸੁਝਾਅ ’ਤੇ ਪੈਸਾ ਲੱਗੇ, ਫਿਰ ਭਾਵੇਂ ਉਹ ਮਰਦ ਹੋਵੇ ਜਾਂ ਔਰਤ। ਅੰਕੜੇ ਕੁੱਝ ਹੋਰ ਕਹਿੰਦੇ ਹਨ। ਬਲੂਮਬਰਗ ਦੀ ਰਿਸਰਚ ਅਨੁਸਾਰ ਅਮਰੀਕਾ ’ਚ 2 ਕਰੋੜ ਡਾਲਰ ਜਾਂ ਇਸ ਤੋਂ ਵੱਧ ਇਕੱਤਰ ਕਰਨ ਵਾਲੀ ਟੈਕਨੋਲਾਜੀ ਸਟਾਰਟਅਪ ਦੇ ਸੰਸਥਾਪਕਾਂ ’ਚ ਸਿਰਫ 7 ਫ਼ੀਸਦੀ ਔਰਤਾਂ ਹਨ। ਕੋਈ ਇਸ ਤੋਂ ਇਨਕਾਰ ਨਹੀਂ ਕਰੇਗਾ ਕਿ 10 ’ਚੋਂ 9 ਵਾਰ ਮਰਦ ਹੀ ਚੰਗੇ ਸੰਸਥਾਪਕ ਸਾਬਤ ਹੁੰਦੇ ਹਨ। ਔਸਤਨ ਔਰਤਾਂ ਵੱਲੋਂ ਸਥਾਪਤ ਫਰਮ ਨੂੰ ਮਰਤ (10 ਕਰੋੜ ਡਾਲਰ) ਘੱਟ ਫੰਡਿੰਗ (7.70 ਕਰੋੜ ਡਾਲਰ) ਮਿਲਦੀ ਹੈ। ਵੈਂਚ ਕੈਪਿਟਲ ਇੰਡਸਟਰੀ ਬਦਲਾਅ ਦਾ ਦਬਾਅ ਟਾਲਣ ’ਚ ਕਾਮਯਾਬ ਰਹੀ ਹੈ। ਇਸ ਤੋਂ ਇਹ ਕੋਈ ਪਰਫੈਕਟ ਇੰਡਸਟਰੀ ਨਹੀਂ ਹੋ ਗਈ। ਦੂਜਾ ਬਚਾਅ ਇਹ ਹੈ ਕਿ ਵੈਂਚਲ ਕੈਪਿਟਲ ਫਰਮ ਬਹੁਤ ਨਜ਼ਦੀਕੀ ਰਿਸ਼ਤਿਆਂ ’ਤੇ ਨਿਰਭਰ ਹੁੰਦੀ ਹੈ, ਜਿਸ ’ਚ ਭਰੋਸਾ ਬਹੁਤ ਜ਼ਰੂਰੀ ਗੱਲ ਹੈ। ਦੱਸਿਆ ਜਾਂਦਾ ਹੈ ਕਿ ਅਮਰੀਕੀ ਉਪ-ਰਾਸ਼ਟਰਪਤੀ ਨੇ ਪਤਨੀ ਤੋਂ ਇਲਾਵਾ ਕਿਸੇ ਹੋਰ ਔਰਤ ਦੇ ਨਾਲ ਇਕੱਲਿਆਂ ਡਿਨਰ ਕਰਨ ਤੋਂ ਇਨਕਾਰ ਕਰ ਦਿੱਤਾ ਸੀ।

ਕਈ ਰਿਪੋਰਟਾਂ ’ਚ ਪਤਾ ਲੱਗਾ ਹੈ ਕਿ ਲੈਂਗਿਕ ਵਿਭਿੰਨਤਾ ਵਾਲੀ ਟੀਮ ਵੱਧ ਉਤਪਾਦਕ ਹੁੰਦੀ ਹੈ। ਵੈਂਚਲ ਕੈਪੀਟਲ ਫਰਮਾਂ ’ਚ ਵੱਧ ਔਰਤਾਂ ਲੈਣ ਨਾਲ ਉਨ੍ਹਾਂ ਮਹਿਲਾ ਕਾਰੋਬਾਰੀਆਂ ਤੋਂ ਫ਼ੰਡਿੰਗ ਮਿਲ ਸਕਦੀ ਹੈ, ਜੋ ਹੁਣ ਤੱਕ ਦੂਰ ਹੋ ਰਹੀਆਂ ਹਨ। ਵੈਂਚਲ ਕੈਪੀਟਲ ਹੀ ਸਟਾਰਟਅਪ ਕਲਚਰ ਨੂੰ ਆਕਾਰ ਦੇਣ ’ਚ ਅਹਿਮ ਭੂਮਿਕਾ ਨਿਭਾਉਂਦਾ ਹੈ। ਸਿਲੀਕਾਨ ਵੈਲੀ ਚੰਗੀ ਥਾਂ ਹੈ, ਪਰ ਹੁਣ ਸਮਾਂ ਆ ਗਿਆ ਹੈ ਕਿ ਮਰਦਾਂ ਨੂੰ ਇਹ ਥਾਂ ਖਾਲੀ ਕਰਨ ਦੀ ਲੋੜ ਹੈ।

**‘ਦੀ ਨਿਊ ਯਾਰਕ ਟਾਈਮਜ਼ ਤੋਂ ਧੰਨਵਾਦ ਸਹਿਤ’**


VIRSA ENTERTAINMENT PRESENTS
SPONSORED BY CHICAGO PIZZA BAY AREA
NIMRAT KHAIRA
MANKIRT AULAKH
HIMANSHI KHURANA
NINJA
SUNANDA SHARMA
VAISAKHI
ਮੇਲਾ
2017
ASHA SHARMA
DATE - 29TH APRIL 2017 , SATURDAY
TIMINGS 1PM-7PM
JAMES LOGAN HIGH SCHOOL
1800 H ST, UNION CITY, CA 94587
WWW.SULEKHA.COM/VIRSA
TICKETS
PRESALE $20
AT GATE $29
VIP,ELITE
SENIORS ABOVE 65 &
KIDS UNDER 7 FREE
CALL FOR VIP,ELITE
CONTACT FOR SPONSORSHIP , BOOTHS , BHANGRA & GIDDHA TEAMS PLEASE CONTACT
MICKEY SRA - 408-966-7019 , PREETI KANG - 510-509-8890 , JAGMIT JOSAN -408-658-3909
JASS AULAKH - 510-760-4275 , NIRAV GHUNCHALA- 510-396-0500 , SATWINDER SRA - 408-624-7857
MANNY BHANDAL 831-588-0725 PARDEEP SINGH BAJWA 916-917-0911
VIRSA ENTERTAINMENT
SPONSORED BY
CHICAGO'S PIZZA With-A-Twist
Fremont - Union City
SHALIMAR RESTAURANT SUNNYVALE
Raja SWEETS & CATERING
VANCO TRUCK & AUTO PLAZA
FRIENDS ENTERTAINMENT GROUP
SPEED HAULIER INC.
SIMRAN TRUCKING
ALL CITY TRUCKING INC.
MEDIA PARTNER
Radio Punjab
Punjabi RADIO USA
Uniting Punjabi's All Over
SUMEL SINGH
IQBAL SINGH
AMOLAK SINGH
PALWINDER S GAKHAL


ਰੇਡੀਓ ਗੱਲ ਪੰਜਾਬ ਦੀ ਯੂਐਸਏ
Live Radio Hosts
Tel: +1-510-576-6982
Fax: +1-510-279-7624
studio@radiogalpunjabdiusa.com
Asha Sharma (USA)
Balraj Pannu (INDIA)
RADIO GAL PUNJAB DI USA
LISTEN LIVE
RELIGIOUS
POLITICAL
SOCIAL
HEALTH
ENTERTAINMENT
EDUCATIONAL
PROGRAMS
24x7
ਲਾਈਵ ਸੁਣੋ
ਧਾਰਮਿਕ
ਰਾਜਨੀਤਿਕ
ਸਮਾਜਿਕ
ਸਿਹਤ
ਮਨੋਰੰਜਨ
ਵਿਦਿਅਕ
ਪ੍ਰੋਗਰਾਮ
24x7
ਰੇਡੀਓ
ਗੱਲ ਪੰਜਾਬ ਦੀ ਯੂਐਸਏ
WAYS TO LISTEN
www.radiogalpunjabdiusa.com
Download on the App Store
ANDROID APP ON Google Play
Live on Facebook
Audio on Whatsapp
Video on YouTube
USA : +1-563-999-3276
CAN : +1-867-675-1499
UK : +44-0330-606-1304
AUS : +61-028-080-5101
(Radio Hosts needed from other countries)


PANNU'S
LEGAL SERVICES
G.S. Pannu
ivisapass@gmail.com • FAX 510.279.7624
510.677.5200
IMMIGRATION
★ PETITIONS ★ VISAS ★ POLITICAL ASYLUM
★ GREEN CARDS ★ CITIZENSHIP ★ AFFIDAVIT OF SUPPORT
STUDENT VISA (EDUCATE YOUR CHILDREN IN USA)
DIVORCE
★ CHILD SUPPORT ★ CHILD VISITATION ★ CHILD CUSTODY ★ MODIFICATION
PANNU'S
PASSPORT & VISA SERVICES
indiavisa123@gmail.com • FAX 510.279.7624
VISA IN ONE DAY
M.K. Pannu
VISA
IN ONE DAY
Indian Passport
India Visa in 1 Day
OCI
US Passport
Power of Attorney & Other Services
510.677.8440
40757, Grimmer Blvd.
FREMONT
CA-94538
3810 Eau Claire Ave, Ceres,
MODESTO/CERES
CA-95307
220 Bush St/Montgomery St, #445
SAN FRANCISCO
(OPPOSITE INDIA VISA CENTER)


Raja SWEETS & CATERING
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Follow us on:
Toll Free 1-866-FOR-RAJA
www.rajasweets.com
msbains@rajasweets.com
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ
ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Fresh Sweets, Snacks & Food
Catering with Portable Tandoor
for up to 10000 guests
Lunch - Dinner - Take Out - Banquets
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com
Items Serving:
All kinds of Sweets
Snacks & Food
Chaat & Tikki Stall
Pani Poori Stall
Bhel Poori / Pav Bhaji
Falooda Kulfi
Catering Services:
Wedding Ceremonies
Receptions
Birthday Parties
Religious Gatherings
Corporate Events
Picnics / Bar-b-que
Additional Services:
Warmers
Chaffing Dishes
China & Silverware
Linen Rental
Waiters & Bartenders


Raja SWEETS & CATERING
Presents
PARADISE BALLROOMS
banquet hall & event center
ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।
PARADISE BALLROOMS
4100 Peralta Blvd. Fremont, CA 94536
(510) 900-6319
info@paradiseballrooms.com www.paradiseballrooms.com
SERVICES INCLUDE
• CATERING
• SILVERWARE
• CHINAWARE
• DECORATED HALL
• LINEN
• SEVERAL BAR OPTIONS
• SECURITY
• WAIT STAFF
• FULL SETUP INCLUDING
TABLE CLOTH, NAPKINS, CHAIRS ETC.


FLY AIR TRAVEL
Fly Air Travel
Best Deals to India
Flights-Hotels-Cars-Vacations
Visa & Passport Services
Best Deals to
India - Fiji - Europe
Australia - Asia
Corporate Travel Management
Domestic Special Fares & Packages
Group Specials
Fly Air Travel
39111 Paseo Padre Parkway Suite 201A
Fremont, CA 94538
Please Contact : Preeti Kang
Phone : 510-744-5152, 510-509-8890
Email: info@flyairtravel.us
VISA MasterCard DISCOVER NETWORK AMERICAN EXPRESS


Opening Soon
Help wanted
★ Cook
★ Tandoria
★ server and
★ other helpers
Please call Manit Nagra at
317-750-1900.
Tiffin Indian Restaurant
1480 N State Road 1, Cambridge City, IN 47327
Truckers Best Truck Stop Dhaba Restaurant


Travel for Less Inc.
SPECIALIZED IN DISCOUNT FARES WORLDWIDE
INDIA | PAKISTAN | EUROPE
ਅਗਰ ਤੁਸੀ ਇੰਡਿਆਂ ਜਾਣ ਲਈ ਸਸਤੀਆਂ ਟਿਕਟਾ ਲਭ ਰਹੇ ਹੋ ਜਾਂ ਫਿਰ ਤੁਹਾਨੂੰ ਸੀਟ ਮਿਲਣ ਵਿਚ ਦਿਕਤ ਆ ਰਹੀ ਹੈ ਤਾਂ ਸਾਨੂੰ ਇੱਕ ਵਾਰ ਕਾਲ ਜਰੂਰ ਕਰੋ ਅਸੀ ਹਰੇਕ ਵੱਡੀ ਏਅਰਲਾਈਨ ਦੀਆਂ ਟਿਕਟਾ ਬਹੁਤ ਵਧੀਆ ਰੇਟਾਂ ਤੇ ਵੇਚਦੇ ਹਾਂ।
ASIANA AIRLINES
A STAR ALLIANCE MEMBER
Asiana Airlines
Daily Flight To New Delhi
Best deals on major airlines like
ASIANA AIRLINES
CHINA AIRLINES
BRITISH AIRWAYS
CATHAY PACIFIC
virgin atlantic
SINGAPORE AIRLINES
Emirates
الاتحاد
ETIHAD AIRWAYS
Lufthansa
QATAR AIRWAYS القطرية
BBB
IATAN
8th time in a row
2016 Best of Fremont Award
CALL US TO GET BEST RATES FOR YOUR AIR TICKETS TO INDIA AND WORLDWIDE.
Best of 2016 Fremont
CST NO : 2031914-40
We have moved to
Serving the Bay Area Since 1996
32116-Alvarado Blvd. Union City, CA-94587
Email: info@travelforlessinc.com
CALL 510-791-3300 Book online 24x7 @ www.Letsflyhome.com

# ਪਰਵਾਸੀ ਸ਼ਾਇਰ ਪਰਮਿੰਦਰ ਸਿੰਘ ਪਰਵਾਨਾ ਨਾਲ ਰੂਬਰੂ

**ਰਾਜਪੁਰਾ/ਬਿਊਰੋ ਨਿਊਜ਼:**
ਲੋਕ ਸਾਹਿਤ ਸੰਗਮ ਰਾਜਪੁਰਾ ਵੱਲੋਂ ਸਥਾਨਕ ਗੁਰੂ ਨਾਨਕ ਲਾਇਬਰੇਰੀ ਪ੍ਰਧਾਨ ਡਾ. ਗੁਰਵਿੰਦਰ ਅਮਨ ਦੀ ਅਗਵਾਈ ਵਿੱਚ 'ਵਿਸ਼ਵ ਪੁਸਤਕ ਦਿਵਸ' ਮੌਕੇ ਸਾਹਿਤਕ ਮਿਲਣੀ ਕਰਵਾਈ ਗਈ। ਇਸ ਦੌਰਾਨ ਪਰਵਾਸੀ ਭਾਰਤੀ ਸ਼ਾਇਰ ਪ੍ਰੋ. ਪਰਮਿੰਦਰ ਸਿੰਘ ਪਰਵਾਨਾ ਰੂ-ਬ-ਰੂ ਹੋਏ ਅਤੇ ਉਨ੍ਹਾਂ ਦੀ ਪੁਸਤਕ 'ਲੋਕਰੰਗ ਸੋਚ' ਵੀ ਰਿਲੀਜ਼ ਕੀਤੀ ਗਈ। ਪ੍ਰੋ. ਪਰਵਾਨਾ ਨੇ ਕਿਹਾ ਕਿ ਪੰਜਾਬ ਦਾ ਸੱਭਿਆਚਾਰ ਬਹੁਤ ਅਮੀਰ ਹੈ ਜਦੋਂ ਤਕ ਪੰਜਾਬ ਦਾ ਸੱਭਿਆਚਾਰ ਜ਼ਿੰਦਾ ਹੈ, ਉਦੋਂ ਤਕ ਪੰਜਾਬੀ ਬੋਲੀ ਨੂੰ ਕੋਈ ਖਤਰਾ ਨਹੀਂ। ਪੰਜਾਬੀ ਬੋਲੀ ਅਤੇ ਪੰਜਾਬੀਅਤ ਲਈ ਉਹ ਲੋਕ ਦੇਸ਼ਾਂ ਪ੍ਰਦੇਸ਼ਾਂ ਵਿੱਚ ਘੁੰਮ ਕੇ ਪ੍ਰਸਾਰ ਅਤੇ ਪ੍ਰਚਾਰ ਕਰ ਰਹੇ ਹਨ। ਉਨ੍ਹਾਂ ਆਪਣੀਆਂ ਕਈ ਕਵਿਤਾਵਾਂ ਵੀ ਸੁਣਾਈਆਂ।
ਰੂ-ਬ-ਰੂ ਸਮਾਰੋਹ ਵਿੱਚ ਉਘੇ ਸਾਹਿਤਕਾਰ ਕਰਮ ਸਿੰਘ ਹਕੀਰ, ਕੁਲਵੰਤ ਜੱਸਲ, ਹਰਬੰਸ ਸਿੰਘ ਅਹੂਜਾ, ਅਵਤਾਰ ਪੁਆਰ, ਭਾਰਤੀ ਸਟੇਟ ਬੈਂਕ ਦੇ ਚੀਫ ਮੈਨੇਜਰ ਐਮ.ਐਸ.ਸਾਂਡੀਲ, ਜਾਨੀ ਜ਼ੀਰਕਪੁਰ, ਇਕਬਾਲ ਸਿੰਘ ਸੱਭਰਵਾਲ, ਸੁਰਿੰਦਰ ਸਿੰਘ ਸੋਹਣਾ ਸਮੇਤ ਹੋਰਨਾਂ ਸਹਿਤਕਾਰਾਂ ਨੇ ਆਪਣੀਆਂ ਰਚਨਾਵਾਂ ਵੀ ਸੁਣਾਈਆਂ। ਸੰਗਮ ਦੇ ਪ੍ਰਧਾਨ ਗੁਰਵਿੰਦਰ ਅਮਨ ਨੇ ਕਿਹਾ ਕਿ ਪੁਸਤਕਾਂ ਹੀ ਮਨੁੱਖ ਦਾ ਸੱਚਾ ਦੋਸਤ ਹੁੰਦੀਆਂ ਹਨ ਤੇ ਸਦੀਵੀਂ ਨਾਲ ਰਹਿੰਦੀਆਂ ਹਨ। ਇਸ ਸਮਾਰੋਹ ਦਾ ਸੰਚਾਲਨ ਸਾਹਿਤਕਾਰ ਬਲਦੇਵ ਸਿੰਘ ਖੁਰਾਣਾ ਨੇ ਨਵੇਕਲੇ ਢੰਗ ਨਾਲ ਕੀਤਾ। ਇਸ ਮੌਕੇ ਪ੍ਰੈੱਸ ਕਲੱਬ ਦੇ ਪ੍ਰਧਾਨ ਗੁਰਵਿੰਦਰ ਪਾਲ ਸਿੰਘ, ਰਮੇਸ਼ ਗੁਪਤਾ, ਸਾਹਿਤਕਾਰ ਮਨਜੀਤ ਕੌਰ ਅੰਬਾਲਵੀ, ਜਗਦੀਸ਼ ਸ਼ਰਮਾ ਕੇ.ਬੀ, ਸੀਨੀਅਰ ਸਿਟੀਜ਼ਨ ਕੌਂਸਲ ਦੇ ਪ੍ਰਧਾਨ ਹਰਬੰਸ ਸਿੰਘ ਅਹੂਜਾ, ਗੁਰਵਿੰਦਰ ਸਿੰਘ ਅਤੇ ਹੋਰ ਸਾਹਿਤ ਪ੍ਰੇਮੀ ਹਾਜ਼ਰ ਸਨ।




## ਅਮਰੀਕ ਸਿੰਘ ਬੱਲੋਵਾਲ ਨੂੰ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦਾ ਜਨਰਲ ਸਕੱਤਰ ਬਣਾਏ ਜਾਣ ਉਤੇ ਖੁਸ਼ੀ ਦਾ ਪ੍ਰਗਟਾਵਾ



**ਸ਼ਿਕਾਗੋ/ਮੱਖਣ ਸਿੰਘ ਕਲੇਰ:** ਅਮਰੀਕ ਸਿੰਘ ਬੱਲੋਵਾਲ ਨੂੰ ਸਿਮਰਨਜੀਤ ਸਿੰਘ ਮਾਨ ਵੱਲੋਂ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦਾ ਜਨਰਲ ਸਕੱਤਰ ਬਣਾਏ ਜਾਣ ਤੇ ਅਮਰੀਕਾ ਦੀ ਜਥੇਬੰਦੀ ਵੱਲੋਂ ਖੁਸ਼ੀ ਦਾ ਪ੍ਰਗਟਾਵਾ ਕੀਤਾ ਗਿਆ। ਅਤੇ ਸ੍ਰੀ ਮਾਨ ਦਾ ਧੰਨਵਾਦ ਵੀ ਕੀਤਾ ਗਿਆ। ਇਸ ਨਿਯੁਕਤੀ ਨਾਲ ਅਮਰੀਕ ਸਿੰਘ ਬੱਲੋਵਾਲ ਉੱਤੇ ਪਾਰਟੀ ਦੀਆਂ ਜਿੰਮੇਵਾਰੀਆਂ ਦੇ ਨਾਲ ਨਾਲ ਪੰਥਕ, ਧਾਰਮਿਕ ਤੇ ਸਮਾਜਿਕ ਜਿੰਮੇਵਾਰੀਆਂ ਵੀ ਪਈਆਂ ਹਨ। ਅਮਰੀਕਾ ਦੀ ਜਥੇਬੰਦੀ ਵੱਲੋਂ ਬੂਟਾ ਸਿੰਘ, ਸਰਜੀਤ ਸਿੰਘ, ਜੀਤ ਸਿੰਘ, ਰੇਸ਼ਮ ਸਿੰਘ, ਮੱਖਣ ਸਿੰਘ, ਰੁਪਿੰਦਰ ਸਿੰਘ, ਅਮਨਦੀਪ ਸਿੰਘ, ਅਮਰਜੀਤ ਸਿੰਘ ਅਤੇ ਸਮੂਹ ਮੈਂਬਰਾਂ ਵੱਲੋਂ ਅਮਰੀਕ ਸਿੰਘ ਬੱਲੋਵਾਲ ਨੇ ਵਧਾਈ ਭੇਜਦਿਆਂ ਆਸ ਪ੍ਰਗਟਾਈ ਹੈ ਕਿ ਗਈ ਕਿ ਸ੍ਰੀ ਬੱਲੋਵਾਲ ਇਨ੍ਹਾਂ ਜਿੰਮੇਵਾਰੀਆਂ ਨੂੰ ਤਨਦੇਹੀ ਨਾਲ ਨਿਭਾਉਣਗੇ।

## 101 ਵਰ੍ਹਿਆਂ ਦੀ ਬੇਬੇ ਮਾਨ ਕੌਰ ਨੇ ਆਕਲੈਂਡ 'ਚ ਜਿੱਤੀ 100 ਮੀਟਰ ਦੌੜ



ਫਰਾਟਾ ਦੌੜ ਵਿਚ ਜਿੱਤ ਹਾਸਲ ਕਰਨ ਮਗਰੋਂ ਆਕਲੈਂਡ ਵਿਚ ਤਿਰੰਗੇ ਨਾਲ ਜਸ਼ਨ ਮਨਾਉਂਦੀ ਹੋਈ ਮਾਨ ਕੌਰ।

**ਆਕਲੈਂਡ/ਬਿਊਰੋ ਨਿਊਜ਼ :**
ਭਾਰਤ ਦੀ 101 ਸਾਲ ਦੀ ਦੌੜਾਕ ਮਾਨ ਕੌਰ ਨੇ ਵਿਸ਼ਵ ਮਾਸਟਰਜ਼ ਖੇਡਾਂ ਵਿਚ 100 ਮੀਟਰ ਦੀ ਦੌੜ ਵਿਚ ਸੋਨੇ ਦਾ ਤਮਗਾ ਜਿੱਤ ਲਿਆ ਜੋ ਉਸ ਦੇ ਕੈਰੀਅਰ ਦਾ 17ਵਾਂ ਸੋਨੇ ਦਾ ਮੈਡਲ ਹੈ। ਚੰਡੀਗੜ੍ਹ ਵਾਸੀ ਮਾਨ ਕੌਰ ਨੇ ਇਕ ਮਿੰਟ 14 ਸੈਕਿੰਡ ਵਿਚ ਦੌੜ ਪੂਰੀ ਕੀਤੀ ਅਤੇ ਉਸ ਨੇ ਉਸੈਨ ਬੋਲਟ ਦੇ 2009 ਵਿਚ ਬਣਾਏ ਗਏ 100 ਮੀਟਰ ਦੇ ਵਿਸ਼ਵ ਰਿਕਾਰਡ ਤੋਂ 64.42 ਸੈਕਿੰਡ ਦਾ ਵੱਧ ਸਮਾਂ ਲਿਆ। ਸਟੇਡੀਅਮ ਵਿਚ ਹਾਜ਼ਰ ਲੋਕਾਂ ਨੇ ਮਾਨ ਕੌਰ ਨੂੰ ਪੂਰੀ ਹਮਾਇਤ ਦਿੱਤੀ।
ਉਨ੍ਹਾਂ ਦੀ ਜਿੱਤ ਯਕੀਨੀ ਸੀ ਕਿਉਂਕਿ 100 ਵਰ੍ਹਿਆਂ ਤੋਂ ਵੱਧ ਉਮਰ ਵਰਗ ਵਿਚ ਉਹ ਇਕਲੌਤੀ ਦੌੜਾਕ ਸੀ। ਨਿਊਜ਼ੀਲੈਂਡ ਦੇ ਮੀਡੀਆ ਨੇ ਮਾਨ ਕੌਰ ਨੂੰ 'ਚੰਡੀਗੜ੍ਹ ਦਾ ਕ੍ਰਿਸ਼ਮਾ' ਦੱਸਿਆ। ਉਨ੍ਹਾਂ ਲਈ ਦੌੜ ਦਾ ਸਮਾਂ ਨਹੀਂ ਸਗੋਂ ਇਸ ਵਿਚ ਹਿੱਸਾ ਲੈਣਾ ਅਹਿਮ ਸੀ। ਉਨ੍ਹਾਂ ਪੰਜਾਬੀ ਦੁਭਾਸ਼ੀਏ ਰਾਹੀਂ ਪੱਤਰਕਾਰਾਂ ਨੂੰ ਕਿਹਾ, "ਮੈਂ ਦੌੜ ਦਾ ਆਨੰਦ ਮਾਣਿਆ ਅਤੇ ਮੈਂ ਬਹੁਤ ਖੁਸ਼ ਹਾਂ। ਮੈਂ ਫਿਰ ਤੋਂ ਭੱਜਣ ਜਾ ਰਹੀ ਹਾਂ ਅਤੇ ਅੱਗੇ ਵੀ ਮੁਕਾਬਲਿਆਂ ਵਿਚ ਹਿੱਸਾ ਲੈਂਦੀ ਰਹਾਂਗੀ।"


PCS SACRAMENTO
Presents
Non Profit
Since 1990
(USA)
28ਵਾਂ
ਵਿਸਾਖੀ ਮੇਲਾ
Visakhi Mela





Featuring : Songs, Gidha & Bhangra, Dances, Skits and Much More
Celebration On
Saturday 29th April 2017
at 3:00 P.M.
Performing Art Centre
Sheldon High School
8333 Kingsbridge Drive, Sacramento CA 95829

Spcl. Appearance
Bhangra & Gidda

ਕੈਲੇਫੋਰਨੀਆ ਦੇ ਉੱਘੇ ਗਾਇਕ ਅਤੇ ਗਿੱਧੇ ਅਤੇ ਭੰਗੜੇ ਦੀਆਂ ਚੋਟੀ ਦੀਆਂ ਟੀਮਾਂ ਭਾਗ ਲੈ ਰਹੀਆਂ ਹਨ।

**ਪ੍ਰਬੰਧਕੀ ਕਮੇਟੀ:** ਰਾਜਿੰਦਰ ਪਾਲ ਸਿੰਘ, ਅਮਰੀਕ ਸਿੰਘ ਪਰਹਾਰ, ਹਰਜਿੰਦਰ ਬਸਰਾ, ਤੀਰਥ ਸਹੋਤਾ, ਪਰਮਜੀਤ ਢਿਲੋਂ, ਜਤਿੰਦਰ ਬੀਸਲਾ, ਅਜੈਬ ਕਾਹਲੋਂ, ਰਸ਼ਪਾਲ ਫਰਵਾਲਾ, ਹਰਕਿੰਦਰ ਬਾਸੀ, ਦੇਬੀ ਗਿੱਲ, ਸੁਖਰਾਜ ਸਿੰਘ ਔਲਖ, ਭੁਪਿੰਦਰ ਗੀਹਲ, ਜਸਵੰਤ ਸ਼ਾਦ, ਅਰਜਿੰਦਰ ਕੁੱਕੀ, ਵਰਿੰਦਰ ਸੰਘੇੜਾ, ਕਮਲ ਬੰਗਾ, ਪਰਮਿੰਦਰ ਵਿਰਕ, ਬਲਵੀਰ ਜੌਹਲ, ਅਵਤਾਰ ਡੌਡ, ਹਰਜਿੰਦਰ ਪੰਧੇਰ, ਸਤਵਿੰਦਰ ਸਰਹੱਦੀ, ਮਨੋਹਰ ਲਾਲ ਰੱਤੀ, ਮਨਜੀਤ ਢਿਲੋਂ (ਮੈਡੈਸਟੋ), ਦਲਜੀਤ ਸਿੰਘ ਲੋਪੋਂ, ਭੀਲੀ ਸਿੰਘ, ਯਾਦਵਿੰਦਰ ਗਿੱਲ, ਕਰਮਜੀਤ ਮਿਨਹਾਸ, ਸਤਨਾਮ ਸਿੰਘ ਤਾਤਲਾ, ਬਖਸ਼ੀਸ਼ ਗਿੱਲ, ਬਲਵੰਤ ਸਿੰਘ ਕੰਦੋਲਾ, ਵਿਜੇ ਪਰਹਾਰ, ਰਾਜ ਬਰਾੜ, ਪ੍ਰੇਮ ਚੁੰਬਰ (ਐਡੀਟਰ ਦੇਸ਼ ਦੋਆਬਾ)

**ਸਪੌਂਸਰ ਕਰਤਾ:** ਹਰਜੀਤ ਸਿੰਘ (ਮਾਉਂਟੇਨ ਮਾਈਕ'ਜ਼ ਪੀਜ਼ਾ ਐਲਕਗ੍ਰੋਵ), ਬੱਗਾ ਪੈਲੇਸ, ਇੰਡੀਆ ਹਾਊਸ ਆਫ਼ ਗਰੌਸਰੀ, ਦੇਸੀ ਬਾਜ਼ਾਰ, ਸਟਾਰ ਆਫ ਇੰਡੀਆ, ਗੁਰਨੇਕ ਸਿੰਘ ਫੈਟਡੱਕ ਪੀਜ਼ਾ), ਅਵਤਾਰ ਅਟਵਾਲ, ਚਰਨ ਬਡਵਾਲ, ਪਿਆਰਾ ਸਿੰਘ ਪਰਹਾਰ, ਜੱਸੀ ਸੰਘਾ (ਪਾਵਰ ਮਾਰਟ), ਏ.ਵੀ. ਸਵੀਟਸ, ਮਨਜੀਤ ਸਿੰਘ (ਪੰਜਾਬ ਇੰਸ਼ੋਰੈਂਸ ਐਂਡ ਇੰਮੀਗ੍ਰੇਸ਼ਨ ਟੈਕਸ ਸਰਵਿਸ), ਪਰਮਜੀਤ ਧਾਲੀਵਾਲ (ਫਰਿਜ਼ਨੋ), ਅਮਰਜੀਤ ਦੂਲੇ, ਗੁਰਮੁਖ ਗੋਸਲ (ਸ਼ੇਰੇਟਨ ਹੋਟਲ), Wells Fargo Bank, Money Gram (Fast Trip Florin Road), ਜਸਵਿੰਦਰ ਬੋਪਾਰਾਏ, ਸਾਬੀ Cargo Transit, ਅਕਲੇਸ਼ ਸਿੰਘ (ਕੁਆਲਿਟੀ ਵੈਂਡਿੰਗ), ਪਵਿੱਤਰ ਨਾਹਲ, ਜਰਨੈਲ ਮੰਡੇਰ, ਜਗਜੀਤ ਕੰਦੋਲਾ, ਸੁਰਿੰਦਰ ਬਿੰਦਰਾ।

For More Information Please Contact : Participation: Rashpal Pharwala (916) 880-0531,
Stalls: Tirath Sahota (916) 271-8382, Amrik Parhar (916) 502-0064, Host by: Jaswant S. Shad (209) 992-7185

ADMISSION FREE
Please No Alcohol, No Food or Drinks Inside the Hall. No Cameras Will Be Will Be Tightly Enforced Allowed Inside The Hall, Security
Website : www.sacpcs.com
Printer : Barapind Printing Press (E-mail: barapindpress@gmail.com)


GRAND OPENING
Spice Jar
INDIAN CUISINE
· Specializing In Tandoor (Clay Oven)
· Vegetarian & Non-Vegetarian Curry
17052 Slover Ave., Ste.J-110
Fontana · 909-350-7010
Mon.- Sun. 11am-10pm · www.spicejar.net
spicejargrill@gmail.com
$1 OFF All-You-Can-Eat Lunch Buffet
Valid Up To 4 People · Total Discount $4
SPICE JAR · 909-350-7010
With this coupon. Not valid with other offers. Expires 1-27-17.
$9.99
All-You-Can-Eat
Lunch Buffet 11am-3pm
A La Carte 5pm-10pm
SPICE JAR · 909-350-7010
With this coupon. Not valid with other offers. Expires 1-27-17.
20% OFF
Entire Dinner Check
Menu Only · Not Valid With Buffet
SPICE JAR · 909-350-7010
With this coupon. Not valid with other offers. Expires 1-27-17.
We Specialize In Catering All Occasions
50-1200 guests
Call Or Email For Catering:
spicejargrill@gmail.com
spicejarfontana
@spice_jar


Mortgage Rates ਇਤਿਹਾਸਕ Low ਹਨ
Residential and Commerical
No Tax Returns
Credit Score as low as 500
ਇਕ ਤੋਂ ਵੱਧ Lenders ਦੇ rates ਲਵੋ
Self Employed - No W2 - Stated Income Loans available
ਇਕ ਸਾਲ ਦੇ Tax returns ਨਾਲ ਆਪਣਾ Loan approve ਕਰਵਾਓ।
3% down payment ਦੇ ਨਾਲ ਆਪਣਾ ਨਵਾਂ ਘਰ ਖਰੀਦੋ, ਕੋਈ PMI ਨਹੀਂ
Foreign National Loans available
ratebeat
MORTGAGE
RateBeat LLC (NMLS ID: 1267188)
(877) 877-7575
Gas Stations - Hotels/Motels
Multi-Family-Retail
Warehouse- Self-Storage
Auto Service
ਅੱਜ ਹੀ ਕਾਲ ਕਰੋ
Nirmal Singh Mann
(NMLS 357314)
EQUAL HOUSING LENDER
(877) 877-7575, www.ratebeat.com

HYDERABAD PAVILION

# BIRYANIS
MADE FRESH EVERYDAY!

39030 Argonaut Way, Fremont, CA 94538



CHICKEN BIRYANI



LAMB BIRYANI



GOAT BIRYANI



FISH BIRYANI



EGG BIRYANI



VEGETARIAN BIRYANI

THALI • BIRYANI • TANDOORI

ਅੰਮ੍ਰਿਤਸਰੀ ਕੁਲਚੇ ਦਾ ਅਸਲੀ ਜਾਇਕਾ ਸਿਰਫ਼
ਹੈਦਰਾਬਾਦ ਪੰਜਾਬੀ ਢਾਬੇ 'ਤੇ ਹੀ ਮਿਲਦਾ ਹੈ
ਅਸੀਂ ਕੇਟਰਿੰਗ ਵੀ ਕਰਦੇ ਹਾਂ।



ORDER AHEAD & PICKUP, CALL:
510.713.0183

# 30ਵੀਂ ਸਿੱਖ ਡੇਅ ਪਰੇਡ ਨੇ ਪੂਰੇ ਮੈਨਹਾਟਨ ਸ਼ਹਿਰ ਨੂੰ ਕੇਸਰੀ ਰੰਗ 'ਚ ਰੰਗਿਆ





**ਨਿਊਯਾਰਕ/ਰਾਜ ਗੋਗਨਾ:** ਹਰ ਸਾਲ ਦੀ ਤਰਾਂ ਇਸ ਸਾਲ ਵੀ ਨਿਊਯਾਰਕ ਦੇ ਮੈਨਹਾਟਨ ਵਿਖੇ ਸਿੱਖਾਂ ਦੀ ਸਭ ਤੋ ਪੁਰਾਣੀ ਜੱਥੇਬੰਦੀ ਸਿੱਖ ਕਲਚਰਲ ਸੋਸਾਇਟੀ ਰਿਚਮੰਡ ਹਿੱਲ ਨਿਊਯਾਰਕ ਵਲੋਂ ਸਮੂਹ ਸਿੱਖ ਸੰਗਤ, ਸਿੱਖ ਜੱਥੇਬੰਦੀਆਂ, ਗੁਰਦੁਆਰਾ ਪ੍ਰਬੰਧਕ ਕਮੇਟੀਆਂ, ਸੁਸਾਇਟੀਆਂ ਅਤੇ ਸਭਾਵਾਂ ਦੇ ਸਾਂਝੇ ਸਹਿਯੋਗ ਨਾਲ ਸਿੱਖ ਡੇਅ ਪਰੇਡ ਕੱਢੀ ਗਈ। ਇਸ 30ਵੀਂ ਪਰੇਡ ਜੋ ਅਸਲ ਵਿੱਚ ਨਗਰ ਕੀਰਤਨ ਦਾ ਹੀ ਰੂਪ ਸੀ,ਪੂਰੇ ਅਮਰੀਕਾ ਦੇ ਰਾਜਾਂ ਤੋ ਸ਼ਾਮਿਲ ਹੋਈਆਂ 60 ਹਜਾਰ ਦੇ ਕਰੀਬ ਸੰਗਤਾਂ ਦੀ ਸ਼ਮੂਲੀਅਤ ਵਾਲਾ ਖਾਲਸਾਈ ਰੰਗ 'ਚ ਰੰਗੇ ਸਿੱਖਾਂ ਦੇ ਵਿਸ਼ਾਲ ਠਾਠਾਂ ਮਾਰਦੇ ਇੱਕਠ ਨੇ ਮਨਹਾਟਨ ਸ਼ਹਿਰ ਨੂੰ ਕੇਸਰੀ ਰੰਗ 'ਚ ਰੰਗ ਦਿੱਤਾ। ਇਸ ਸਾਲ ਤੋਂ ਸਿੱਖ ਡੇਅ ਪਰੇਡ ਨੂੰ ਵਿਸਾਖੀ ਖਾਲਸਾ ਦਿਵਸ ਦੇ ਨਾਂ ਨਾਲ ਯਾਦ ਕਰਦਿਆਂ ਇਹ ਸਿੱਖ ਡੇ ਪਰੇਡ 30ਵੇਂ ਸਾਲ ਵਿਚ ਪ੍ਰਵੇਸ਼ ਕਰ ਗਈ । ਪਰੇਡ ਦੀ ਸ਼ੁਰੂਆਤ ਹਜਾਰਾਂ ਸੰਗਤਾਂ ਦੀ ਹਾਜਰੀ 'ਚ ਸਿੱਖ ਕਲਚਰਲ ਸੁਸਾਇਟੀ ਰਿਚਮੰਡ ਹਿੱਲ ਗੁਰੂ ਘਰ ਦੇ ਮੁੱਖ ਹੈੱਡਗ੍ਰੰਥੀ ਭਾਈ ਭੁਪਿੰਦਰ ਸਿੰਘ ਨੇ ਸ਼ੁਰੂਆਤੀ ਅਰਦਾਸ ਕਰਕੇ ਕੀਤੀ । ਇਹ ਪਰੇਡ ਨਿਊਯਾਰਕ ਪਰੇਡ ਨਿਊਯਾਰਕ ਦੇ ਮੈਡੀਸਨ ਐਵੀਨਿਊ ਦੀ 37 ਵੀਂ ਸਟਰੀਟ ਤੋ ਸ਼ੁਰੂ ਹੋਈ ਅਤੇ ਜਿਸ ਦੀ ਸਮਾਪਤੀ 23 ਸਟਰੀਟ ਤੇ ਸ਼ਾਮ 5:00 ਵਜੇ ਹੋਈ। ਪਰੇਡ 'ਚ ਹਾਜਰ ਸੰਗਤਾਂ ਕੇਸਰੀ ਦਸਤਾਰਾਂ ਅਤੇ ਬੀਬੀਆਂ ਕੇਸਰੀ ਦੁਪੱਟਿਆਂ 'ਚ ਨਜ਼ਰ ਆ ਰਹੀਆਂ ਸਨ। ਇਸ ਪਰੇਡ ਰੂਪੀ ਨਗਰ ਕੀਰਤਨ 'ਚ ਅੱਗੇ ਪੰਜ ਪਿਆਰੇ ਅਤੇ ਗੁਰੂ ਮਹਾਰਾਜ ਦੀ ਪਵਿੱਤਰ ਬੀੜ ਦਾ ਫਲੋਟ ਸੀ ।

ਇਸ ਤੋ ਇਲਾਵਾ ਸਿੱਖ ਨੌਜਵਾਨਾਂ ਵੱਲੋ ਗੱਤਕੇ ਦੇ ਜੌਹਰ ਵੀ ਦਿਖਾਏ ਗਏ ਅਤੇ ਹੋਰ ਧਾਰਮਿਕ ਝਾਕੀਆਂ ਤੋ ਇਲਾਵਾ ਸ਼੍ਰੀ ਹਰਮਿੰਦਰ ਸਾਹਿਬ ਜੀ ਦੀ ਝਾਕੀ ਵਾਲੇ ਫਲੋਟ ਦਾ ਅਲੌਕਿਕ ਨਜਾਰਾ ਸੀ।ਸਮਾਪਤੀ ਤੇ ਸਿੱਖ ਕਲਚਰਲ ਸੁਸਾਇਟੀ ਗੁਰੂ ਘਰ ਦੇ ਸੇਵਾਦਾਰ ਕੁਲਦੀਪ ਸਿੰਘ ਢਿੱਲੋ, ਸਾਬਕਾ ਪ੍ਰਧਾਨ ਗੁਰਦੇਵ ਸਿੰਘ ਕੰਗ, ਭੁਪਿੰਦਰ ਸਿੰਘ ਅਟਵਾਲ, ਲਖਵੀਰ ਸਿੰਘ ਕੰਗ ਪ੍ਰਧਾਨ ਸ਼ਿਕਾਗੋ ਯੂਨਿਟ, ਜਗਤਾਰ ਸਿੰਘ ਪ੍ਰਧਾਨ ਕੈਲੇਫੋਰਨੀਆ ਯੂਨਿਟ, ਸੁਲਤਾਨ ਸਿੰਘ ਅਤੇ ਇੰਡਿਆਨਾ ਸੂਬੇ ਤੋ ਉਚੇਚੇ ਤੌਰ ਤੇ ਪੁੱਜੇ ਸਿੱਖਜ ਪੈਂਕ ਅਮਰੀਕਾ ਦੇ ਚੇਅਰਮੈਨ ਗੁਰਿੰਦਰ ਸਿੰਘ ਖਾਲਸਾ ਵੱਲੋ ਇਸ ਪਰੇਡ 'ਚ ਪੁੱਜੀਆਂ ਸਿੱਖ ਸੰਗਤਾਂ ਦਾ ਦਿਲੋ ਧੰਨਵਾਦ ਕੀਤਾ ਅਤੇ 'ਜੀ ਆਇਆ ਨੂੰ' ਕਿਹਾ। ਰਾਜਨੀਤਿਕ ਪਾਰਟੀਆਂ ਦੀ ਲੱਗੀ ਹੋਈ ਸਟੇਜ ਤੋ ਬੁਲਾਰਿਆਂ ਨੇ ਆਪਣੇ ਵੱਖ ਵੱਖ ਵਿਚਾਰਾਂ ਰਾਹੀ 1984 ਸਿੱਖਾਂ ਦੇ ਇਸ ਘੱਲੂਘਾਰੇ 'ਚ ਨਿਰਦੋਸ਼ ਹੀ ਮਾਰੇ ਗਏ ਉਸ ਵੇਲੇ ਦੀ ਮੌਜੂਦਾ ਸਰਕਾਰ ਵੱਲੋ ਕੀਤੇ ਗਏ ਨਸਲਕੁਸ਼ੀ ਜੁਰਮਾਂ ਸਬੰਧੀ ਸੰਬੋਧਨ ਕੀਤਾ ਅਤੇ ਖਾਲਿਸਤਾਨੀ ਪੱਖੀ ਨਾਹਰੇ ਵੀ ਲਾਏ। ਸਮੁੱਚੀ ਪ੍ਰੇਡ ਦੌਰਾਨ ਸੰਗਤਾਂ ਲਈ ਥਾਂ ਥਾਂ ਲੰਗਰ ਦਾ ਪ੍ਰਬੰਧ ਸੀ।





**Offer for new and qualifying former customers only. Important Terms and Conditions:**
**Qualification:** Advertised price requires credit qualification and eAutoPay. Upfront activation and/or receiver upgrade fees may apply based on credit qualification. **Offer ends 6/21/17. 2-Year Commitment:** Early termination fee of $20/mo. remaining applies if you cancel earl **$120 Savings Offer:** Receive a monthly credit of $5 for the first 24 months. Requires subscription to International package and qualifying American or DishLATINO package (starting at $29.99/mo). **NOT included in advertised price (and subject to change):** Taxes & surcharges, add-on programming (including premium channels), Protection Plan, and transactional fees. **Other:** All packages, programming, features, and functionality are subject to change without notice. After 6 mos., you will be billed $8.99/mo. for Protection Plan unless you call to cancel. After 2 years, then-current everyday prices for all services apply. For business customers, additional monthly fees may apply. Free standard professional installation only.



THATH
ਵੱਖਰੇ
BIKKAR
BADSHAH
ENTERTAINMENT
BULLET
JUS 24x7
FREE PREVIEW!
Only on Dish TV
CH 743
March 29 -April 12
subscribe now
JUS Pack
has it all!
jus punjabi
JUS one
JUS 24x7
9x TASHAN
4 channels for only $14.99 on dish | sling
Call 1-888-246-6242 to Subscribe
and get a gift card worth $200
Promotion code: JUS
*only for new customers limited time
for advertisement & more information call: +1-718-752-9290
www.jusbroadcasting.com

# ਗੌਂਡਰ ਨੇ ਪੇਸ਼ੀ ਤੋਂ ਪਰਤ ਰਹੇ ਤਿੰਨ ਗੈਂਗਸਟਰਾਂ ਨੂੰ ਮੌਤ ਦੇ ਘਾਟ ਉਤਾਰਿਆ





**ਗੁਰਦਾਸਪੁਰ/ਬਿਊਰੋ ਨਿਊਜ਼ :**
ਨਾਭਾ ਜੇਲ੍ਹ ਵਿਚੋਂ ਫ਼ਰਾਰ ਗੈਂਗਸਟਰ ਵਿੱਕੀ ਗੌਂਡਰ ਨੇ ਆਪਣੇ ਸਾਥੀਆਂ ਨਾਲ ਮਿਲ ਕੇ ਸ਼ਹਿਰ ਦੇ ਕਾਹਨੂੰਵਾਨ ਚੌਕ ਵਿੱਚ ਆਪਣੇ ਵਿਰੋਧੀ ਗੈਂਗਸਟਰ ਹਰਪ੍ਰੀਤ ਸਿੰਘ ਉਰਫ਼ ਸੂਬੇਦਾਰ ਅਤੇ ਉਸ ਦੇ ਸਾਥੀਆਂ ਉੱਤੇ ਅੰਨ੍ਹੇਵਾਹ ਗੋਲੀਆਂ ਚਲਾਈਆਂ। ਇਸ ਕਾਰਨ ਦੋ ਜਣਿਆਂ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦੋਂਕਿ ਇੱਕ ਦੀ ਹਾਲਤ ਨਾਜ਼ੁਕ ਹੋਣ ਕਰਕੇ ਅੰਮ੍ਰਿਤਸਰ ਰੈਫਰ ਕਰ ਦਿੱਤਾ ਗਿਆ, ਜਿੱਥੇ ਉਹ ਵੀ ਦਮ ਤੋੜ ਗਿਆ। ਵਿੱਕੀ ਗੌਂਡਰ ਤੇ ਸਾਥੀ ਮੌਕੇ ਤੋਂ ਫ਼ਰਾਰ ਹੋ ਗਏ। ਇਸ ਹਮਲੇ ਦੌਰਾਨ ਮਾਰੇ ਗੈਂਗਸਟਰਾਂ ਦੀ ਪਛਾਣ ਹਰਪ੍ਰੀਤ ਸਿੰਘ ਉਰਫ਼ ਸੂਬੇਦਾਰ ਵਾਸੀ ਮੁਸਤਫਾਬਾਦ ਜੱਟਾਂ ਅਤੇ ਸੁਖਚੈਨ ਸਿੰਘ ਉਰਫ਼ ਜੱਟ ਸਥਾਨਕ ਮੁੱਹਲਾ ਸੰਗਲਪੁਰਾ ਰੋਡ ਵਜੋਂ ਹੋਈ ਹੈ। ਹੈਪੀ ਪੁੱਤਰ ਗੁਰਦੇਵ ਸਿੰਘ ਵਾਸੀ ਤਿੱਬੜੀ ਪੁਲ ਅੰਮ੍ਰਿਤਸਰ ਹਸਪਤਾਲ ਦਾਖ਼ਲ ਹੈ। ਇਸ ਦੌਰਾਨ ਕਾਰ ਚਲਾ ਰਿਹਾ ਦਮਨ ਦਾਮਨ ਸਥਾਨਕ ਕਾਦਰੀ ਮੁਹੱਲਾ ਅਤੇ ਪ੍ਰਿੰਸ ਵਾਸੀ ਝਾਵਰ ਵਾਲ-ਵਾਲ ਬਚ ਗਏ। ਜਾਣਕਾਰੀ ਅਨੁਸਾਰ ਸੂਬੇਦਾਰ ਦੇ ਕੇਂਦਰੀ ਜੇਲ੍ਹ ਅੰਦਰ ਬੰਦ ਸਾਥੀ ਭੱਟੀ ਦੀ ਅਦਾਲਤ ਵਿੱਚ ਪੇਸ਼ੀ ਸੀ। ਉਸ ਨੂੰ ਮਿਲਣ ਤੋਂ ਬਾਅਦ ਉਹ ਸਾਰੇ ਕਾਰ ਵਿੱਚ ਸਵਾਰ ਹੋ ਕੇ ਪਿੰਡ ਔਜਲਾ ਕਿਸੇ ਦੋਸਤ ਦੇ ਘਰ ਜਾ ਰਹੇ ਸਨ। ਇਸ ਸ਼ਹਿਰ ਦੇ ਕਾਹਨੂੰਵਾਨ ਚੌਕ ਵਿੱਚ ਪੈਂਦੇ ਫਲਾਈਓਵਰ ਦੇ ਹੇਠੋਂ ਲੰਘਣ ਸਮੇਂ ਉਨ੍ਹਾਂ ਅੱਗੇ ਇੱਕ ਕਾਰ ਆ ਲੱਗੀ ਤੇ ਕਾਰ ਸਵਾਰਾਂ ਨੇ ਅੰਨ੍ਹੇਵਾਹ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਇਸ ਦੌਰਾਨ ਸੂਬੇਦਾਰ ਅਤੇ ਜੱਟ ਦੀ ਮੌਕੇ 'ਤੇ ਹੀ ਮੌਤ ਹੋ ਗਈ ਸੀ, ਜਦੋਂਕਿ ਹੈਪੀ ਜ਼ਖ਼ਮੀ ਹੋ ਗਿਆ। ਕਾਰ ਵਿੱਚ ਬੈਠਾ ਪ੍ਰਿੰਸ ਭੱਜ ਕੇ ਖੇਤਾਂ ਵਿੱਚ ਲੁਕ ਗਿਆ।

ਸੂਚਨਾ ਮਿਲਦਿਆਂ ਹੀ ਐਸਐਸਪੀ ਭੁਪਿੰਦਰ ਸਿੰਘ ਵਿਰਕ, ਇੰਸਪੈਕਟਰ ਗੁਰਦੀਪ ਸਿੰਘ ਤੇ ਥਾਣਾ ਸਿਟੀ ਅਤੇ ਸਦਰ ਦੇ ਐਸਐਚਓ ਪੁਲੀਸ ਟੀਮ ਸਣੇ ਮੌਕੇ 'ਤੇ ਪੁੱਜੇ। ਪੁਲੀਸ ਹਮਲੇ ਵਿੱਚ ਮਰਨ ਵਾਲਿਆਂ ਦੇ ਇੱਕ ਸਾਥੀ ਦਮਨ ਦਾਮਨ ਨੂੰ ਆਪਣੇ ਨਾਲ ਲੈ ਗਈ ਤੇ ਪੁੱਛਗਿੱਛ ਸ਼ੁਰੂ ਕਰ ਦਿੱਤੀ। ਇਸ ਦੌਰਾਨ ਆਈਜੀ ਨੌਨਿਹਾਲ ਸਿੰਘ ਵੀ ਗੁਰਦਾਸਪੁਰ ਪੁੱਜ ਗਏ ਤੇ ਘਟਨਾ ਬਾਰੇ ਜਾਣਕਾਰੀ ਲਈ। ਪੁਲੀਸ ਨੇ ਵਿੱਕੀ ਗੌਂਡਰ ਸਮੇਤ ਪੰਜ ਜਣਿਆਂ ਖਿਲਾਫ਼ ਕੇਸ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਇਸ ਦੌਰਾਨ ਐਸਐਸਪੀ ਗੁਰਦਾਸਪੁਰ ਭੁਪਿੰਦਰ ਸਿੰਘ ਵਿਰਕ ਨੇ ਦੱਸਿਆ ਕਿ ਵਿੱਕੀ ਗੌਂਡਰ ਗੈਂਗ ਵੱਲੋਂ ਸੂਬੇਦਾਰ ਅਤੇ ਸਾਥੀਆਂ ਨੂੰ ਮਾਰਨ ਲਈ 32 ਕੇ ਪਿਸਤੌਲ ਦੀ ਵਰਤੋਂ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਮਾਮਲੇ ਦੀ ਜਾਂਚ ਮਗਰੋਂ ਵਿੱਕੀ ਗੌਂਡਰ, ਹੈਰੀ ਮਜੀਠੀਆ, ਗਿਆਨ ਖਰਵਾਂ, ਸੁੱਖ ਭਿਖਾਰੀਵਾਲ ਤੇ ਗੋਪੀ ਖਿਲਾਫ਼ ਧਾਰਾ 302 ਤਹਿਤ ਕੇਸ ਦਰਜ ਕਰਕੇ ਉਨ੍ਹਾਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ। ਉਨ੍ਹਾਂ ਕਿਹਾ ਕਿ ਸੂਬੇਦਾਰ ਦੀ ਵਿੱਕੀ ਗੌਂਡਰ ਨਾਲ ਨਹੀਂ, ਸੁੱਖ ਭਿਖਾਰੀਵਾਲ ਨਾਲ ਪੁਰਾਣੀ ਰੰਜ਼ਿਸ਼ ਸੀ।

## *ਸਾਰੇ ਅਸਲਾ ਲਾਇਸੈਂਸਾਂ ਦੀ ਪੜਤਾਲ ਕਰੇਗੀ ਪੁਲੀਸ :*

*__ਚੰਡੀਗੜ੍ਹ :__ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਹਥਿਆਰਾਂ ਦੇ ਮਾਮਲੇ ਵਿੱਚ ਅਪਰਾਧੀਆਂ ਅਤੇ ਗੈਂਗਸਟਰਾਂ ਦੇ ਹੱਥ ਬੰਨ੍ਹਣ ਲਈ ਪੁਲੀਸ ਨੂੰ ਸੂਬੇ ਵਿੱਚ ਜਾਰੀ ਕੀਤੇ ਅਸਲੇ ਦੇ ਸਾਰੇ ਲਾਇਸੈਂਸਾਂ ਦਾ ਜਾਇਜ਼ਾ ਲੈਣ ਦੇ ਹੁਕਮ ਦਿੱਤੇ ਹਨ। ਸੁਰੱਖਿਆ ਮਾਮਲਿਆਂ 'ਤੇ ਮੀਟਿੰਗ ਦੀ ਪ੍ਰਧਾਨਗੀ ਕਰਦੇ ਹੋਏ ਮੁੱਖ ਮੰਤਰੀ ਨੇ ਹਥਿਆਰਾਂ ਦੀ ਵਧਦੀ ਨਾਜਾਇਜ਼ ਵਰਤੋਂ ਕਾਰਨ ਅੰਦਰੂਨੀ ਸੁਰੱਖਿਆ ਨੂੰ ਪੈਦਾ ਹੋਏ ਖ਼ਤਰੇ 'ਤੇ ਚਿੰਤਾ ਜਤਾਈ ਤੇ ਕਿਹਾ ਕਿ ਹਥਿਆਰਾਂ ਦੀ ਬੇਲਗ਼ਾਮ ਵਰਤੋਂ ਕਾਰਨ ਪਿਛਲੇ ਸਮੇਂ ਕਾਨੂੰਨ ਵਿਵਸਥਾ ਦੀ ਉਲੰਘਣਾ ਦੀਆਂ ਕਈ ਘਟਨਾਵਾਂ ਵਾਪਰੀਆਂ ਹਨ। ਉਨ੍ਹਾਂ ਜ਼ਿਲ੍ਹਾ ਮੈਜਿਸਟਰੇਟਾਂ ਅਤੇ ਪੁਲੀਸ ਕਮਿਸ਼ਨਰਾਂ ਵੱਲੋਂ ਜਾਰੀ ਕੀਤੇ ਲਾਇਸੈਂਸਾਂ ਦਾ ਵਿਆਪਕ ਜਾਇਜ਼ਾ ਲੈਣ ਦੇ ਹੁਕਮ ਦਿੰਦੇ ਹੋਏ ਆਰਮਜ਼ ਰੂਲਜ਼-2016 ਦਾ ਨੋਟੀਫਿਕੇਸ਼ਨ ਜਾਰੀ ਹੋਣ ਤੋਂ ਬਾਅਦ 15 ਜੁਲਾਈ, 2016 ਤੋਂ ਲੈ ਕੇ ਹੁਣ ਤੱਕ ਜਾਰੀ ਹੋਏ ਹਥਿਆਰ ਲਾਇਸੈਂਸਾਂ ਦਾ ਆਡਿਟ ਕਰਨ ਦੇ ਹੁਕਮ ਦਿੱਤੇ ਹਨ। ਉਨ੍ਹਾਂ ਲੋੜ ਅਨੁਸਾਰ ਲਾਇਸੈਂਸਧਾਰਕਾਂ ਦੇ ਪਿਛੋਕੜ ਦੀ ਪੜਤਾਲ ਕਰਵਾਉਣ ਲਈ ਵੀ ਆਖਿਆ। ਮੁੱਖ ਮੰਤਰੀ ਨੇ ਕਿਹਾ ਕਿ ਅਕਾਲੀ-ਭਾਜਪਾ ਗੱਠਜੋੜ ਦੇ ਕਾਰਜਕਾਲ ਦੌਰਾਨ ਹਥਿਆਰਬੰਦ ਗਰੋਹਾਂ ਨੂੰ ਖੁੱਲ੍ਹੀ ਛੁੱਟੀ ਮਿਲੀ ਹੋਈ ਸੀ, ਜਿਸ ਦੇ ਨਤੀਜੇ ਵਜੋਂ ਬਦਅਮਨੀ ਦੀ ਹਾਲਤ ਪੈਦਾ ਹੋਈ ਹੈ। ਉਨ੍ਹਾਂ ਸੂਬੇ ਵਿੱਚ ਫੜੇ ਤੇ ਪ੍ਰਾਪਤ ਕੀਤੇ ਹਥਿਆਰਾਂ ਅਤੇ ਅਸਲੇ ਦੇ ਮਾਮਲੇ ਨੂੰ ਨਿਬੇੜਨ ਲਈ ਪੁਲੀਸ ਨੂੰ ਵਿਆਪਕ ਨੀਤੀ ਤਿਆਰ ਕਰਨ ਦੀਆਂ ਹਦਾਇਤਾਂ ਜਾਰੀ ਕੀਤੀਆਂ ਹਨ। ਮੁੱਖ ਮੰਤਰੀ ਨੇ ਕਿਹਾ ਕਿ ਅਧਿਕਾਰਤ ਹਥਿਆਰ ਤੇ ਅਸਲਾ ਡੀਲਰਾਂ ਦਾ ਆਡਿਟ ਅਤੇ ਮੁਆਇਨਾ ਕਰਨ ਲਈ ਦਿਸ਼ਾ-ਨਿਰਦੇਸ਼ ਤੈਅ ਕੀਤੇ ਜਾਣ ਅਤੇ ਰਿਕਾਰਡ ਦੀ ਸੰਭਾਲ ਲਈ ਸਟੈਂਡਰਡ ਅਪਰੇਟਿੰਗ ਪ੍ਰੋਸੀਜ਼ਰ (ਐਸ.ਓ.ਪੀਜ਼) ਨਿਸ਼ਚਤ ਕੀਤਾ ਜਾਵੇ।*

## ਵਿੱਕੀ ਗੌਂਡਰ ਨਾਲ ਫਰਾਰ ਹੋਏ ਸੁੱਖਾ ਭਿਖਾਰੀਵਾਲ ਦੇ ਚਾਰ ਸਾਥੀ ਗ੍ਰਿਫ਼ਤਾਰ

**ਜਲੰਧਰ/ਬਿਊਰੋ ਨਿਊਜ਼ :** ਪੰਜਾਬ ਪੁਲੀਸ ਸਮੇਤ ਅੱਧੀ ਦਰਜਨ ਏਜੰਸੀਆਂ ਨੇ ਕਾਰਵਾਈ ਕਰਦਿਆਂ ਛੋਟੀ ਬਾਰਾਂਦਰੀ ਵਿਚੋਂ ਵਿੱਕੀ ਗੌਂਡਰ ਗੈਂਗ ਦੇ ਚਾਰ ਮੈਂਬਰਾਂ ਨੂੰ ਕਾਬੂ ਕੀਤਾ ਹੈ। ਗੁਰਦਾਸਪੁਰ ਜ਼ਿਲ੍ਹੇ ਦੇ ਕਾਹਨੂੰਵਾਨ ਇਲਾਕੇ ਵਿੱਚ ਵਿੱਕੀ ਗੌਂਡਰ ਗੈਂਗ ਨੇ ਵਿਰੋਧੀ ਗੈਂਗ ਦੇ ਤਿੰਨ ਜਣਿਆਂ ਨੂੰ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਸੀ। ਪੁਲੀਸ ਨੇ ਛੋਟੀ ਬਾਰਾਂਦਰੀ ਵਿੱਚ ਦੋ-ਤਿੰਨ ਘਰਾਂ ਨੂੰ ਘੇਰਾ ਪਾ ਕੇ ਵਿੱਕੀ ਗੌਂਡਰ ਦੇ ਸਾਥੀਆਂ ਨੂੰ ਕਾਬੂ ਕਰ ਲਿਆ। ਫੜੇ ਗੈਂਗਸਟਰਾਂ ਦੀ ਪਛਾਣ ਦਮਨਪ੍ਰੀਤ, ਰਣਵੀਰ, ਭਰਤ ਭੂਸ਼ਨ ਤੇ ਹਰਮਨਦੀਪ ਸਿੰਘ ਵਜੋਂ ਹੋਈ ਹੈ।

ਜਾਣਕਾਰੀ ਅਨੁਸਾਰ ਚਾਰੇ ਗੈਂਗਸਟਰ ਇਕ ਰਾਤ ਪਹਿਲਾਂ ਹੀ ਛੋਟੀ ਬਾਰਾਂਦਰੀ ਪੁੱਜੇ ਸਨ ਅਤੇ ਕੋਠੀ ਨੰਬਰ 204 ਅਤੇ 201 ਨੰਬਰ ਦੀ ਉਪਰਲੀ ਮੰਜ਼ਿਲ ਵਿਚ ਰੁਕੇ ਹੋਏ ਸਨ। ਪੁਲੀਸ ਨੇ ਸੂਚਨਾ ਮਿਲਣ 'ਤੇ ਦੋਵਾਂ ਕੋਠੀਆਂ ਉਤੇ ਨਜ਼ਰ ਰੱਖ ਲਈ। ਅਗਲੇ ਦਿਨ ਦੁਪਹਿਰ ਸਮੇਂ ਗੈਂਗਸਟਰ ਕਿਤੇ ਬਾਹਰ ਗਏ ਹੋਏ ਸਨ। ਉਹ ਜਿਵੇਂ ਹੀ ਵਾਪਸ ਮੁੜੇ ਤਾਂ ਸਪੈਸ਼ਲ ਟਾਸਕ ਫੋਰਸ ਤੇ ਕਾਊਂਟਰ ਇੰਟੈਲੀਜੈਂਸ ਨੇ ਕੋਠੀਆਂ ਨੂੰ ਘੇਰਾ ਪਾ ਲਿਆ। ਇਸ ਦੌਰਾਨ ਦੋ ਗੈਂਗਸਟਰਾਂ ਨੂੰ ਮੌਕੇ 'ਤੇ ਫੜ ਲਿਆ, ਜਦੋਂਕਿ ਦੋ ਨੇ ਕੰਧਾਂ ਟੱਪ ਕੇ ਭੱਜਣ ਦੀ ਕੋਸ਼ਿਸ਼ ਕੀਤੀ ਤਾਂ ਇੱਕ ਦੀ ਲੱਤ ਟੁੱਟ ਗਈ। ਇਸ ਮਗਰੋਂ ਪੁਲੀਸ ਨੇ ਇਨ੍ਹਾਂ ਦੋਵਾਂ ਨੂੰ ਵੀ ਦਬੋਚ ਲਿਆ। ਪੁਲੀਸ ਕਮਿਸ਼ਨਰ ਪ੍ਰਵੀਨ ਸਿਨਹਾ ਨੇ ਦਾਅਵਾ ਕੀਤਾ ਕਿ ਹੈ ਵਿੱਕੀ ਗੌਂਡਰ ਦੇ ਸਾਥੀ ਸ਼ਹਿਰ ਵਿੱਚ ਵੱਡੀ ਵਾਰਦਾਤ ਨੂੰ ਅੰਜਾਮ ਦੇਣ ਦੀ ਤਾਕ ਵਿੱਚ ਸਨ। ਪੁਲੀਸ ਨੇ ਗੈਂਗਸਟਰਾਂ ਕੋਲੋਂ ਇੱਕ ਪਿਸਤੌਲ, ਇੱਕ ਏਅਰ ਗੰਨ ਤੇ ਇੱਕ ਲੋਹੇ ਦੀ ਰਾਡ ਬਰਾਮਦ ਕੀਤੀ ਹੈ। ਗੈਂਗਸਟਰਾਂ ਖਿਲਾਫ ਪੁਲੀਸ ਨੇ ਲੁੱਟ ਦੀ ਸ਼ਾਜ਼ਿਸ਼ ਰਚਣ ਦੇ ਦੋਸ਼ ਹੇਠ ਕੇਸ ਦਰਜ ਕੀਤਾ ਹੈ।

## ਗੈਂਗਸਟਰਾਂ ਤੇ ਅਤਿਵਾਦੀਆਂ ਦਾ ਗਠਜੋੜ ਤੋੜਨ ਲਈ ਕਾਇਮ ਹੋਵੇਗਾ ਨਵਾਂ ਦਸਤਾ

**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸੂਬੇ ਦੀਆਂ ਜੇਲ੍ਹਾਂ ਵਿੱਚ ਅਤਿਵਾਦੀਆਂ ਅਤੇ ਗੈਂਗਸਟਰਾਂ ਵਿਚਕਾਰ ਉੱਭਰ ਰਹੇ ਗਠਜੋੜ ਨੂੰ ਤੋੜਨ ਲਈ ਅਤਿਵਾਦ ਵਿਰੋਧੀ ਦਸਤਾ (ਏਟੀਐਸ) ਸਥਾਪਤ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਹੈ। ਸਰਕਾਰ ਨੇ ਅਤਿਵਾਦੀਆਂ ਅਤੇ ਗੈਂਗਸਟਰਾਂ ਵਿਰੁੱਧ ਪਹਿਲਾਂ ਹੀ ਤਿੱਖੀ ਮੁਹਿੰਮ ਆਰੰਭੀ ਹੋਈ ਹੈ ਅਤੇ ਹੁਣ ਸਰਕਾਰ ਪੰਜਾਬ ਕੰਟਰੋਲ ਆਫ ਆਰਗੇਨਾਈਜ਼ਡ ਕ੍ਰਿਮੀਨਲਜ਼ ਐਕਟ (ਪਕੋਕਾ) ਵਰਗਾ ਪ੍ਰਭਾਵਸ਼ਾਲੀ ਕਾਨੂੰਨ ਬਣਾਉਣ ਬਾਰੇ ਵਿਚਾਰ ਕਰ ਰਹੀ ਹੈ ਤਾਂ ਕਿ ਜਥੇਬੰਦਕ ਅਪਰਾਧੀ ਗਰੋਹਾਂ ਵੱਲੋਂ ਫੈਲਾਈ ਦਹਿਸ਼ਤ ਨਾਲ ਅਸਰਦਾਰ ਢੰਗ ਨਾਲ ਸਿੱਝਿਆ ਜਾ ਸਕੇ।

ਗ਼ੌਰਤਲਬ ਹੈ ਕਿ ਸੂਬੇ ਵਿੱਚ ਪਿਛਲੇ 5-7 ਸਾਲਾਂ ਤੋਂ ਅਨੇਕਾਂ ਅਪਰਾਧੀ ਗਰੋਹ ਕਾਰਵਾਈਆਂ ਕਰ ਰਹੇ ਹਨ, ਜਿਨ੍ਹਾਂ ਨੂੰ ਸਿਆਸੀ ਸਰਪ੍ਰਸਤੀ ਮਿਲੀ ਹੋਈ ਸੀ। ਇੱਥੇ ਮੁੱਖ ਮੰਤਰੀ ਦਫਤਰ ਦੇ ਬੁਲਾਰੇ ਨੇ ਕਿਹਾ ਕਿ ਅਤਿਵਾਦੀ ਜਥੇਬੰਦੀਆਂ ਅਤੇ ਅਪਰਾਧੀ ਗਰੋਹਾਂ ਵਿਰੁੱਧ ਕਾਰਵਾਈ ਲਈ ਏਟੀਐਸ ਜ਼ਰੂਰੀ ਹੈ। ਬੁਲਾਰੇ ਅਨੁਸਾਰ ਮੁੱਖ ਮੰਤਰੀ ਦੀ ਬੇਨਤੀ ਤੋਂ ਬਾਅਦ ਕੇਂਦਰੀ ਗ੍ਰਹਿ ਮੰਤਰੀ ਨੇ ਉੱਚ ਸੁਰੱਖਿਆ ਵਾਲੀਆਂ/ਨਾਜ਼ੁਕ ਜੇਲ੍ਹਾਂ, ਜਿਨ੍ਹਾਂ ਵਿੱਚ ਕੱਟੜ ਅਤਿਵਾਦੀ ਅਤੇ ਗੈਂਗਸਟਰ ਰੱਖੇ ਹੋਏ ਹਨ, ਦੀ ਸੁਰੱਖਿਆ ਯਕੀਨੀ ਬਣਾਉਣ ਲਈ ਪੰਜਾਬ ਤੋਂ ਦੋ ਆਈਆਰਬੀ ਕੰਪਨੀਆਂ ਨੂੰ ਤਬਦੀਲ ਕਰਨ ਦੇ ਬਦਲੇ ਦੋ ਸੀਆਈਐਸਐਫ ਕੰਪਨੀਆਂ ਮੁਹੱਈਆ ਕਰਵਾਉਣ ਲਈ ਸਹਿਮਤ ਹੋ ਗਏ ਹਨ। ਇਹ ਵਾਧੂ ਕੰਪਨੀਆਂ ਘੱਟੋ-ਘੱਟ ਛੇ ਮਹੀਨੇ ਲਈ ਜੇਲ੍ਹਾਂ ਵਿੱਚ ਤਾਇਨਾਤ ਰਹਿਣਗੀਆਂ।

ਨਾਭਾ ਜੇਲ੍ਹ ਤੋੜਨ ਵਰਗੀਆਂ ਘਟਨਾਵਾਂ ਦੇ ਮੁੱਦੇਨਜ਼ਰ ਮੁੱਖ ਮੰਤਰੀ ਨੇ ਗ੍ਰਹਿ ਮੰਤਰੀ ਨੂੰ ਜੇਲ੍ਹਾਂ ਨੂੰ ਸੁਰੱਖਿਅਤ ਬਣਾਉਣ ਲਈ ਦਖਲ ਦੇਣ ਦੀ ਅਪੀਲ ਕੀਤੀ ਸੀ। ਸੂਬਾ ਸਰਕਾਰ ਨੇ ਚੋਟੀ ਦੇ ਅਪਰਾਧੀ ਗਰੋਹਾਂ ਦੇ ਮੈਂਬਰਾਂ ਨੂੰ ਲਿਆਉਣ-ਲਿਜਾਣ ਦੇ ਚੱਕਰ ਤੋਂ ਬਚਣ ਲਈ ਨਿਆਂਪਾਲਿਕਾ ਨੂੰ ਮੁਕੱਦਮਾ ਚਲਾਉਣ ਵਾਲੀਆਂ ਅਦਾਲਤਾਂ ਨੂੰ ਨੋਟੀਫਾਈ ਕਰਨ ਦੀ ਬੇਨਤੀ ਕੀਤੀ ਹੈ, ਕਿਉਂਕਿ ਗਰੋਹਾਂ ਦੇ ਮੈਂਬਰ ਅੰਤਰ-ਗਰੋਹ ਝਗੜਿਆਂ ਅਤੇ ਦੁਸ਼ਮਣੀਆਂ ਕਾਰਨ ਇੱਕ-ਦੂਜੇ ਨੂੰ ਨਿਸ਼ਾਨਾ ਬਣਾ ਰਹੇ ਹਨ।

# ਕਾਂਗਰਸੀਆਂ ਵੱਲੋਂ ਗੋਲੀਆਂ ਚਲਾ ਕੇ ਸਾਬਕਾ ਅਕਾਲੀ ਸਰਪੰਚ ਦੇ ਪੁੱਤ ਦਾ ਕਤਲ, ਪਿਓ ਜ਼ਖ਼ਮੀ

**ਮਾਨਸਾ/ਨਿਊਜ਼ ਬਿਊਰੋ :** ਪਿੰਡ ਚਹਿਲਾਂਵਾਲੀ ਖਿਆਲੀ ਵਿੱਚ ਕਾਂਗਰਸੀਆਂ ਨੇ ਗੋਲੀਆਂ ਮਾਰ ਕੇ ਸਾਬਕਾ ਅਕਾਲੀ ਸਰਪੰਚ ਦੇ ਪੁੱਤ ਦਾ ਕਤਲ ਕਰ ਦਿੱਤਾ, ਜਦੋਂਕਿ ਸਾਬਕਾ ਸਰਪੰਚ ਗੰਭੀਰ ਜ਼ਖ਼ਮੀ ਹੋ ਗਿਆ। ਉਸ ਨੂੰ ਮਾਨਸਾ ਦੇ ਸਿਵਲ ਹਸਪਤਾਲ ਦਾਖ਼ਲ ਕਰਵਾਇਆ ਗਿਆ ਤੇ ਮਗਰੋਂ ਫ਼ਰੀਦਕੋਟ ਰੈਫਰ ਕਰ ਦਿੱਤਾ। ਇਸ ਮਾਮਲੇ ਵਿੱਚ ਕਾਰਵਾਈ ਨਾ ਕਰਨ 'ਤੇ ਮਾਨਸਾ ਦੇ ਸੀਨੀਅਰ ਕਪਤਾਨ ਪੁਲੀਸ ਨੇ ਥਾਣਾ ਝੁਨੀਰ ਦੇ ਮੁਖੀ ਨੂੰ ਮੁਅੱਤਲ ਕਰਕੇ ਉਸ ਖ਼ਿਲਾਫ਼ ਵਿਭਾਗੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਪੁਲੀਸ ਨੇ 18 ਕਾਂਗਰਸੀਆਂ ਖ਼ਿਲਾਫ਼ ਕਤਲ ਦਾ ਕੇਸ ਦਰਜ ਕਰ ਲਿਆ ਗਿਆ ਹੈ। ਕਤਲ ਮਗਰੋਂ ਪੀੜਤ ਪਰਿਵਾਰ ਨੇ ਅਕਾਲੀ ਵਿਧਾਇਕ ਦਿਲਰਾਜ ਸਿੰਘ ਭੂੰਦੜ ਦੀ ਅਗਵਾਈ ਹੇਠ ਸਾਰੇ ਮੁਲਜ਼ਮਾਂ ਦੀ ਗ੍ਰਿਫ਼ਤਾਰੀ ਤੇ ਕਾਂਗਰਸੀ ਆਗੂ ਬਿਕਰਮ ਸਿੰਘ ਮੋਫਰ ਨੂੰ ਨਾਮਜ਼ਦ ਕਰਾਉਣ ਲਈ ਧਰਨਾ ਵੀ ਲਾਇਆ। ਜਾਣਕਾਰੀ ਅਨੁਸਾਰ ਇਹ ਲੜਾਈ ਦਾਨੇਵਾਲਾ ਵਿੱਚ ਸੋਲਰ ਪਲਾਂਟ ਦੇ ਕਬਜ਼ੇ ਨੂੰ ਲੈ ਕੇ ਹੋਈ। ਇਸ ਪਲਾਂਟ 'ਤੇ ਚਹਿਲਾਂਵਾਲੀ ਖਿਆਲੀ ਦੇ ਸਾਬਕਾ ਅਕਾਲੀ ਸਰਪੰਚ ਪ੍ਰੇਮ ਸਿੰਘ ਅਤੇ ਉਸ ਦੇ ਪੁੱਤ ਵੱਲੋਂ ਸਲਾਈਡਾਂ ਦੀ ਸਫ਼ਾਈ ਦਾ ਠੇਕਾ ਲਿਆ ਹੋਇਆ ਸੀ ਪਰ ਹੁਣ ਇਹ ਠੇਕਾ ਕਾਂਗਰਸੀ ਲੈਣਾ ਚਾਹੁੰਦੇ ਸਨ। ਇਸ ਮਾਮਲੇ 'ਤੇ ਦੋਹਾਂ ਧਿਰਾਂ ਵਿੱਚ ਲੜਾਈ ਹੋ ਗਈ। ਸਾਬਕਾ ਸਰਪੰਚ ਪ੍ਰੇਮ ਸਿੰਘ ਦੇ ਨਜ਼ਦੀਕੀ ਰਿਸ਼ਤੇਦਾਰਾਂ ਨੇ ਦੱਸਿਆ ਕਿ ਰਾਤ ਕਰੀਬ 10 ਵਜੇ ਪ੍ਰੇਮ ਸਿੰਘ ਤੇ ਉਸ ਦਾ ਛੋਟਾ ਪੁੱਤ ਸੁਖਵਿੰਦਰ ਸਿੰਘ (21) ਪਿੰਡ ਦੇ ਪਲਾਂਟ ਵਿੱਚ ਕੰਮ ਕਰਨ ਲਈ ਗਏ ਤਾਂ ਉਥੇ ਕੁੱਝ ਵਿਅਕਤੀ ਗੱਡੀਆਂ 'ਤੇ ਹਥਿਆਰ ਨਾਲ ਲੁਕੇ ਹੋਏ ਸਨ। ਉਨ੍ਹਾਂ ਨੇ ਪਿਓ-ਪੁੱਤ 'ਤੇ ਗੋਲੀਆਂ ਚਲਾ ਦਿੱਤੀਆਂ। ਗੋਲੀ ਲੱਗਣ ਕਾਰਨ ਸੁਖਵਿੰਦਰ ਸਿੰਘ ਦੀ ਮੌਤ ਹੋ ਗਈ, ਜਦੋਂਕਿ ਪ੍ਰੇਮ ਸਿੰਘ ਜ਼ਖ਼ਮੀ ਹੋ ਗਿਆ। ਮਾਨਸਾ ਦੇ ਐਸਐਸਪੀ ਪਰਮਬੀਰ ਸਿੰਘ ਪਰਮਾਰ ਨੇ ਦੱਸਿਆ ਕਿ ਪ੍ਰੇਮ ਸਿੰਘ ਦੇ ਬਿਆਨਾਂ 'ਤੇ ਸੇਵਕ ਸਿੰਘ ਬਰਨ, ਜੱਗਾ ਸਿੰਘ ਸਾਹਨੇਵਾਲੀ, ਯੂਥ ਕਾਂਗਰਸ ਬਲਾਕ ਝੁਨੀਰ ਦੇ ਪ੍ਰਧਾਨ ਜੱਗਾ ਸਿੰਘ ਬੁਰਜ, ਬਿੰਦਰ ਸਿੰਘ ਕੋਰਵਾਲਾ, ਸਤਨਾਮ ਸਿੰਘ ਲਖਮੀਰਵਾਲਾ, ਅਮਨ ਸੰਧੂ ਸਰਦੂਲਗੜ੍ਹ, ਦੀਪ ਸੰਧੂ ਸਰਦੂਲਗੜ੍ਹ, ਅਮਨ ਵਰਮਾ ਸਰਦੂਲਗੜ੍ਹ, ਸਰਬਜੀਤ ਸਿੰਘ ਖਿਆਲੀ ਚਹਿਲਾਂਵਾਲੀ, ਬਲਾਕ ਪ੍ਰਧਾਨ ਕਾਂਗਰਸ ਬਲਵੰਤ ਸਿੰਘ ਕੋਰਵਾਲਾ, ਗੁਰਪਾਲ ਸਿੰਘ ਝੰਡੂਕੇ, ਅਮਨ ਸਿੰਘ ਸਰਦੂਲਗੜ੍ਹ ਤੋਂ ਇਲਾਵਾ 6 ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਕਤਲ ਕੇਸ ਦਰਜ ਕਰ ਲਿਆ ਗਿਆ ਹੈ। ਪੁਲੀਸ ਨੇ ਗੁਰਪਾਲ ਸਿੰਘ ਝੰਡੂਕੇ ਅਤੇ ਸਤਨਾਮ ਸਿੰਘ ਲਖਮੀਰਵਾਲਾ ਨੂੰ ਹਿਰਾਸਤ ਵਿੱਚ ਲੈ ਲਿਆ ਹੈ, ਜਦੋਂਕਿ ਦੋ ਜ਼ਖ਼ਮੀ ਕਾਂਗਰਸੀ ਨੌਜਵਾਨਾਂ ਉਪਰ ਪੁਲੀਸ ਨੇ ਸਰਦੂਲਗੜ੍ਹ ਦੇ ਹਸਪਤਾਲ ਵਿੱਚ ਪਹਿਰਾ ਲਾ ਦਿੱਤਾ ਹੈ। ਸ੍ਰੀ ਪਰਮਾਰ ਨੇ ਦੱਸਿਆ ਕਿ ਪੀੜਤ ਪਰਿਵਾਰ ਦੀ ਸ਼ਿਕਾਇਤ 'ਤੇ ਗੌਰ ਨਾ ਕਰਨ ਦੇ ਮਾਮਲੇ ਵਿੱਚ ਥਾਣਾ ਝੁਨੀਰ ਦੇ ਮੁਖੀ ਚੰਨਣ ਸਿੰਘ ਨੂੰ ਡਿਊਟੀ ਤੋਂ ਮੁਅੱਤਲ ਕਰ ਕੇ ਉਸ ਖ਼ਿਲਾਫ਼ ਵਿਭਾਗੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

ਉਧਰ, ਇਸ ਮਾਮਲੇ ਵਿੱਚ ਕੇਂਦਰੀ ਮੰਤਰੀ ਵਿਜੈ ਸਾਂਪਲਾ ਵੱਲੋਂ ਪੀੜਤ ਪਰਿਵਾਰ ਨਾਲ ਫੋਨ 'ਤੇ ਗੱਲਬਾਤ ਕਰਨ ਤੋਂ ਬਾਅਦ ਅਕਾਲੀ ਦਲ ਦੇ ਜ਼ਿਲ੍ਹਾ ਦਿਹਾਤੀ ਪ੍ਰਧਾਨ ਗੁਰਮੇਲ ਸਿੰਘ ਫਫੜੇ ਭਾਈਕੇ ਅਤੇ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਸ਼ਤੀਸ਼ ਗੋਇਲ ਨੇ ਸਾਰੇ ਮੁਲਜ਼ਮਾਂ ਦੀ ਛੇਤੀ ਗ੍ਰਿਫ਼ਤਾਰੀ ਦੀ ਮੰਗ ਕੀਤੀ ਹੈ। ਇਸ ਮੌਕੇ ਅਕਾਲੀ ਵਿਧਾਇਕ ਦਿਲਰਾਜ ਸਿੰਘ ਭੂੰਦੜ ਦੀ ਅਗਵਾਈ ਵਿੱਚ ਪੀੜਤ ਪਰਿਵਾਰ ਤੇ ਰਿਸ਼ਤੇਦਾਰਾਂ ਨੇ ਮੁਲਜ਼ਮਾਂ ਦੀ ਗ੍ਰਿਫ਼ਤਾਰੀ ਲਈ ਝੁਨੀਰ ਦੇ ਬੱਸ ਅੱਡਾ ਲਾਗੇ ਧਰਨਾ ਲਾ ਦਿੱਤਾ। ਉਨ੍ਹਾਂ ਮੰਗ ਕੀਤੀ ਕਿ ਇਸ ਮਾਮਲੇ ਨਾਲ ਸਬੰਧਤ ਵੱਡੇ ਕਾਂਗਰਸੀ ਨੇਤਾਵਾਂ ਖ਼ਿਲਾਫ਼ ਵੀ ਕੇਸ ਦਰਜ ਕੀਤਾ ਜਾਵੇ। ਧਰਨੇ ਨੂੰ ਸੰਬੋਧਨ ਕਰਦਿਆਂ ਦਿਲਰਾਜ ਸਿੰਘ ਭੂੰਦੜ ਤੇ ਜ਼ਿਲ੍ਹਾ ਪ੍ਰੀਸ਼ਦ ਦੇ ਚੇਅਰਮੈਨ ਸੁਖਦੇਵ ਸਿੰਘ ਚੈਨੇਵਾਲਾ ਨੇ ਕਿਹਾ ਕਿ ਇਸ ਮਾਮਲੇ ਵਿੱਚ ਜ਼ਿਲ੍ਹਾ ਕਾਂਗਰਸ ਕਮੇਟੀ ਦੇ ਪ੍ਰਧਾਨ ਬਿਕਰਮ ਸਿੰਘ ਮੋਫਰ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਮੋਫਰ ਦਾ ਨਾਮ ਕੇਸ ਵਿੱਚ ਸ਼ਾਮਲ ਕੀਤੇ ਜਾਣ ਤੱਕ ਧਰਨਾ ਜਾਰੀ ਰਹੇਗਾ।

**ਮੋਫਰ ਨੇ ਕਿਹਾ- ਮੇਰਾ ਕਤਲ ਨਾਲ ਕੋਈ ਸਬੰਧ ਨਹੀਂ:**
ਇਸ ਦੌਰਾਨ ਜ਼ਿਲ੍ਹਾ ਕਾਂਗਰਸ ਕਮੇਟੀ ਦੇ ਪ੍ਰਧਾਨ ਬਿਕਰਮ ਸਿੰਘ ਮੋਫਰ ਨੇ ਦੱਸਿਆ ਕਿ ਉਨ੍ਹਾਂ ਦਾ ਇਸ ਮਾਮਲੇ ਨਾਲ ਕੋਈ ਸਬੰਧ ਨਹੀਂ ਹੈ। ਉਨ੍ਹਾਂ ਕਿਹਾ ਕਿ ਸਿਆਸੀ ਬਦਲਾਖੋਰੀ ਤਹਿਤ ਉਨ੍ਹਾਂ 'ਤੇ ਝੂਠੇ ਇਲਜ਼ਾਮ ਲਾਏ ਜਾ ਰਹੇ ਹਨ।

# ਨਵਉਦਾਰਵਾਦ ਦੀ ਪੈਦਾਇਸ਼ ਹੈ ਪੰਜਾਬ ਯੂਨੀਵਰਸਿਟੀ ਦਾ ਸੰਕਟ

**ਵਿਦਿਆਰਥੀ ਪ੍ਰਦਰਸ਼ਨ ਨਾਲ ਨਜਿੱਠਣ ਦੇ ਸੂਖ਼ਮ ਪੱਖ ਤੋਂ ਲੱਗਦਾ ਹੈ ਕਿ ਯੂਨੀਵਰਸਿਟੀ ਤੇ ਚੰਡੀਗੜ੍ਹ ਪੁਲੀਸ ਇਹ ਅੰਦਾਜ਼ਾ ਲਾ ਕੇ ਵੱਡੀ ਗ਼ਲਤੀ ਕਰ ਬੈਠੀ ਕਿ ਸਰਗਰਮ ਵਿਦਿਆਰਥੀ ਕਾਰਕੁਨਾਂ ਉੱਪਰ ਲਾਠੀਚਾਰਜ ਕਰਕੇ ਅੰਦੋਲਨ ਦਬਾਇਆ ਜਾ ਸਕਦਾ ਹੈ। ਇਸ ਤੋਂ ਪਤਾ ਲੱਗਦਾ ਹੈ ਕਿ ਪੰਜਾਬ ਵਿੱਚ ਵਿਦਿਆਰਥੀ ਲਹਿਰਾਂ ਦੇ ਸਿਆਸੀ ਸਭਿਆਚਾਰ ਦਾ ਉਨ੍ਹਾਂ ਨੂੰ ਗਿਆਨ ਨਹੀਂ ਸੀ। ਦਰਅਸਲ ਵਿਦਿਆਰਥੀ ਲਹਿਰਾਂ ਨੇ 1960ਵਿਆਂ ਵਿੱਚ ਦਰਸ਼ਨ ਸਿੰਘ ਬਾਗੀ, 1970ਵਿਆਂ ਵਿੱਚ ਪ੍ਰਿਥੀਪਾਲ ਸਿੰਘ ਰੰਧਾਵਾ ਤੇ ਪੰਜਾਬ ਯੂਨੀਵਰਸਿਟੀ ਕੈਂਪਸ ਵਿਚ ਅਨੁਪਮ ਗੁਪਤਾ ਅਤੇ 1980ਵਿਆਂ ਵਿੱਚ ਅਸ਼ਵਨੀ ਹਾਂਡਾ ਵਰਗੇ ਉੱਘੇ ਵਿਦਿਆਰਥੀ ਆਗੂ ਪੈਦਾ ਕੀਤੇ ਸਨ। ਪੰਜਾਬ ਸਰਕਾਰ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਆਪਣੀ ਨੈਤਿਕ ਜ਼ਿੰਮੇਵਾਰੀ ਸਮਝ ਕੇ ਫੰਡਾਂ ਦਾ ਆਪਣਾ ਹਿੱਸਾ ਮੁਹੱਈਆ ਕਰੇ ਤਾਂ ਜੋ ਨਵ-ਉਦਾਰ ਨਿੱਜੀਕਰਨ ਅਤੇ ਸਿੱਖਿਆ ਦੇ ਕੇਂਦਰੀਕਰਨ ਦੇ ਖਾਮੀਆਂ ਭਰਪੂਰ ਪ੍ਰੋਜੈਕਟਾਂ ਨੂੰ ਨਾਕਾਮ ਕੀਤਾ ਜਾ ਸਕੇ। ਅਜਿਹਾ ਕਰਨਾ ਰਾਜ ਅੰਦਰ ਸਾਰੀਆਂ ਸੂਬਾਈ ਫੰਡਾਂ ਨਾਲ ਚੱਲ ਰਹੀਆਂ ਯੂਨੀਵਰਸਿਟੀਆਂ, ਕਾਲਜਾਂ ਤੇ ਸਕੂਲਾਂ ਵਿੱਚ ਪੜ੍ਹਾਈ ਦਾ ਮਿਆਰ ਵਧਾਉਣ ਦੀ ਸਮੁੱਚੀ ਯੋਜਨਾਬੰਦੀ ਦਾ ਹਿੱਸਾ ਬਣਨਾ ਚਾਹੀਦਾ ਹੈ।**



### ਪ੍ਰੀਤਮ ਸਿੰਘ

ਆਮ ਤੌਰ ’ਤੇ ਆਪਣੇ ਸੁੰਦਰ ਤੇ ਵਿਸ਼ਾਲ ਕਰਕੇ ਜਾਣੀ ਜਾਂਦੀ ਪੰਜਾਬ ਯੂਨੀਵਰਸਿਟੀ ਵਿੱਚ ਫੀਸਾਂ ਵਿਚ ਅਚਨਚੇਤ ਤੇ ਅਸਾਧਾਰਨ ਵਾਧੇ ਕਾਰਨ ਵਿਦਿਆਰਥੀਆਂ ਵਿੱਚ ਫੈਲੀ ਬੇਚੈਨੀ ਨੇ ਕੌਮੀ ਅਤੇ ਕੌਮਾਂਤਰੀ ਪੱਧਰ ’ਤੇ ਸਭ ਦਾ ਧਿਆਨ ਖਿੱਚਿਆ ਹੈ। ਇਸ ਸੰਕਟ ਨਾਲ ਜੁੜੇ ਮੁੱਦਿਆਂ ਦੀਆਂ ਦੋ ਵੱਖ ਵੱਖ ਪਰਤਾਂ ਹਨ ਜੋ ਆਪਸ ਵਿੱਚ ਵੀ ਜੁੜੀਆਂ ਹੋਈਆਂ ਹਨ। ਮੌਜੂਦਾ ਗਤੀਰੋਧ ਨੂੰ ਸਮਝਣ ਲਈ ਇਨ੍ਹਾਂ ਪਰਤਾਂ ਨੂੰ ਖੋਲ੍ਹਣ ਦੀ ਲੋੜ ਹੈ। ਪਹਿਲੀ ਪਰਤ ਭਾਰਤ ਵਿੱਚ ਨਵ-ਉਦਾਰਵਾਦੀ ਨਜ਼ਰੀਏ ਤੋਂ ਉੱਚ ਸਿੱਖਿਆ ਨੂੰ ਨਵਾਂ ਰੂਪ ਦੇਣ ਅਤੇ ਸਿੱਖਿਆ, ਖ਼ਾਸਕਰ ਉੱਚ ਸਿੱਖਿਆ ਦੇ ਵਧ ਰਹੇ ਕੇਂਦਰੀਕਰਨ ਦੇ ਵੱਡੇ ਮੁੱਦਿਆਂ ਨਾਲ ਸਬੰਧਤ ਹੈ। ਦੂਜੀ ਪਰਤ ਇਸ ਸੂਖ਼ਮ ਮੁੱਦੇ ਨਾਲ ਸਬੰਧਤ ਹੈ ਕਿ ਯੂਨੀਵਰਸਿਟੀ ਅਤੇ ਚੰਡੀਗੜ੍ਹ ਪ੍ਰਸ਼ਾਸਨ ਨੇ ਇਸ ਸਮੱਸਿਆ ਨਾਲ ਕਿਵੇਂ ਨਜਿੱਠਿਆ। ਇਸ ਸੂਖ਼ਮ ਮੁੱਦੇ ਨੇ ਮੀਡੀਆ ਦਾ ਧਿਆਨ ਖਿੱਚਿਆ। ਵਿਦਿਆਰਥੀਆਂ ਦੇ ਵਿਰੋਧ ਪ੍ਰਦਰਸ਼ਨ ਨੂੰ ਦਬਾਉਣ ਸਮੇਂ ਹੋਈ ਹਿੰਸਾ ਕਾਰਨ ਮੀਡੀਆ ਦਾ ਇਸ ਵੱਲ ਧਿਆਨ ਆਉਣਾ ਵਾਜਬ ਵੀ ਸੀ। ਸੋ ਇਸ ਹਿੰਸਕ ਝੜਪ ਪਿਛਲੇ ਵਿਆਪਕ ਮੁੱਦਿਆਂ ਨੂੰ ਸਮਝਣ ਦੀ ਜ਼ਰੂਰਤ ਹੈ।

ਜੁਲਾਈ 1991 ਵਿੱਚ ਹੋਏ ਅਖੌਤੀ ਆਰਥਿਕ ਸੁਧਾਰਾਂ ਦੇ ਲਾਗੂ ਹੋਣ ਨਾਲ ਭਾਰਤ ਵਿੱਚ ਨਵ-ਉਦਾਰਵਾਦ ਨੇ ਪੈਰ ਪਸਾਰੇ। ਅਦਾਇਗੀਆਂ ਦੇ ਬਕਾਇਆਂ ਸਬੰਧੀ ਸੰਕਟ ਕਾਰਨ ਕੌਮਾਂਤਰੀ ਮੁਦਰਾ ਕੋਸ਼ (ਆਈਐੱਮਐੱਫ) ਤੋਂ ਕਰਜ਼ਾ ਲੈਣ ਦੀਆਂ ਸ਼ਰਤਾਂ ਤਹਿਤ ਨਵ-ਉਦਾਰਵਾਦੀ ਆਰਥਿਕ ਸੁਧਾਰ ਲਾਗੂ ਕੀਤੇ ਗਏ ਜੋ ਫ਼ੈਸਲੇ ਲੈਣ ਵਿੱਚ ਬਾਜ਼ਾਰ ਨੂੰ ਪ੍ਰਮੁੱਖਤਾ ਦੇਣ ਦੇ ਕੇਂਦਰੀ ਮੁੱਦੇ ਦੁਆਲੇ ਘੁੰਮਦੇ ਹਨ। ਸਰਕਾਰ ਦੀ ਭੂਮਿਕਾ ਬਾਜ਼ਾਰ ਦੀ ਪ੍ਰਕਿਰਿਆ ਨਿਰਵਿਘਨ ਚਲਾਉਣ ਲਈ ਲਾਜ਼ਮੀ ਕਾਨੂੰਨੀ ਅਤੇ ਸੰਸਥਾਗਤ ਬਦਲਾਅ ਕਰਕੇ ਬਾਜ਼ਾਰ ਦਾ ਦਾਖ਼ਲਾ ਸੁਖਾਲਾ ਬਣਾਉਣ ਤਕ ਸਿਮਟ ਗਈ ਹੈ। ਇਹ ਸਮਝਣਾ ਵੀ ਮਹੱਤਵਪੂਰਨ ਹੈ ਕਿ ਆਈਐੱਮਐੱਫ ਅਤੇ ਵਰਲਡ ਬੈਂਕ ਦੀਆਂ ਨੀਤੀਆਂ ਅਤੇ ਯੋਜਨਾਵਾਂ ਵਿੱਚ ਬਾਜ਼ਾਰ ਮਹਿਜ਼ ਆਰਥਿਕ ਸਾਧਨ ਨਹੀਂ ਹੈ। ਸਾਂਝੇ ਯਤਨਾਂ ਅਤੇ ਜਨਤਕ ਤੌਰ ’ਤੇ ਸਾਂਝੇ ਉੱਦਮਾਂ ਦੀ ਕਦਰ ਵਾਲੇ ਨਜ਼ਰੀਏ ਦੇ ਉਲਟ ਇਹ ਨਿੱਜਵਾਦ ਅਤੇ ਨਿੱਜੀ ਮੁਫ਼ਾਦਾਂ ਦੀ ਵਿਚਾਰਧਾਰਾ ਦਾ ਪ੍ਰਤੀਕ ਹੈ।

ਨਵ-ਉਦਾਰਵਾਦੀ ਆਰਥਿਕ ਸੁਧਾਰਾਂ ਦੇ ਸਿੱਟਿਆਂ ਵਿਚੋਂ ਇੱਕ ਸਿੱਖਿਆ ਨੂੰ ਜਨਤਕ ਵਸਤ ਦੀ ਥਾਂ ਵੇਚੀ, ਖ਼ਰੀਦੀ ਅਤੇ ਵਰਤੀ ਜਾਣ ਵਾਲੀ ਵਸਤ ਬਣਾਉਣਾ ਹੈ। ਦਰਅਸਲ, ਇੱਕੋ ਹੱਲੇ ਹੀ ਸਿੱਖਿਆ ਜਨਤਕ ਵਸਤ ਤੋਂ ਨਿੱਜੀ ਵਸਤ ਨਹੀਂ ਬਣਦੀ ਸਗੋਂ ਇਹ ਪ੍ਰਕਿਰਿਆ ਵੱਖ ਵੱਖ ਰੂਪ ਲੈਂਦੀ ਹੋਈ ਲਗਾਤਾਰ ਵਾਪਰਦੀ ਹੈ। ਇਸ ਤਹਿਤ ਸਰਕਾਰੀ ਸਹਾਇਤਾ ਪ੍ਰਾਪਤ ਯੂਨੀਵਰਸਿਟੀਆਂ ਦਾ ਥੋੜ੍ਹੇ ਥੋੜ੍ਹੇ ਹਿੱਸਿਆਂ ਵਿੱਚ ਨਿੱਜੀਕਰਨ ਕੀਤਾ ਜਾਂਦਾ ਹੈ ਅਤੇ ਇਨ੍ਹਾਂ ਦੇ ਮੁਕਾਬਲੇਬਾਜ਼ਾਂ ਵਜੋਂ ਪੂਰਨ ਤੌਰ ’ਤੇ ਨਿੱਜੀਕ੍ਰਿਤ ਸੰਸਥਾਵਾਂ ਖੋਲ੍ਹੀਆਂ ਜਾਂਦੀਆਂ ਹਨ। ਦਰਅਸਲ, ਸਰਕਾਰੀ ਸਹਾਇਤਾ ਪ੍ਰਾਪਤ ਯੂਨੀਵਰਸਿਟੀਆਂ ਦਾ ਅੰਸ਼ਕ ਨਿੱਜੀਕਰਨ ਕਰਨ ਲਈ ਦਬਾਅ ਪਾਉਣਾ ਸਰਕਾਰ ਵੱਲੋਂ ਯੂਨੀਵਰਸਿਟੀਆਂ ਨੂੰ ਫੰਡ ਦੇਣ ਤੋਂ ਹੌਲੀ ਹੌਲੀ ਪੈਰ ਪਿਛਾਂਹ ਖਿੱਚਣਾ ਹੈ। ਇਸ ਦਬਾਅ ਨੇ ਪੰਜਾਬ ਯੂਨੀਵਰਸਿਟੀ ਨੂੰ ਹੁਣ ਨਾਟਕੀ ਢੰਗ ਨਾਲ ਪ੍ਰਭਾਵਤ ਕੀਤਾ ਹੈ।

ਇਸ ਦੇ ਨਾਲ-ਨਾਲ ਮੌਜੂਦਾ ਹਾਲਾਤ ਉੱਪਰ ਵਿਆਪਕ ਪ੍ਰਭਾਵ ਵੀ ਨਜ਼ਰ ਆ ਰਹੇ ਹਨ। ਭਾਰਤ ਵਿੱਚ ਸਿੱਖਿਆ ਖ਼ਾਸਕਰ ਉੱਚ ਸਿੱਖਿਆ ਉਪਰ ਲੰਬੇ ਸਮੇਂ ਤੋਂ ਵਧਦਾ ਆ ਰਿਹਾ ਹੈ। ਪਹਿਲਾਂ-ਪਹਿਲ ਅਜਿਹਾ ਰੁਝਾਨ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵੱਲੋਂ ਲਾਈ ਗਈ ਐਮਰਜੈਂਸੀ (1975-77) ਦੌਰਾਨ ਨਜ਼ਰ ਆਇਆ। ਉਨ੍ਹਾਂ ਨੇ 1976 ਵਿੱਚ 42ਵੀਂ ਸੰਵਿਧਾਨਿਕ ਸੋਧ ਰਾਹੀਂ ਸੰਵਿਧਾਨ ਦੀ ਰਾਜ ਸੂਚੀ ਵਿੱਚ 11ਵੀਂ ਮੱਦ ਵਜੋਂ ਸ਼ਾਮਲ ‘ਸਿੱਖਿਆ’ ਨੂੰ ਬਾਹਰ ਕੱਢ ਕੇ ਸਮਵਰਤੀ ਸੂਚੀ 25ਵੀਂ ਮੱਦ ਵਜੋਂ ਸ਼ਾਮਲ ਕਰ ਦਿੱਤਾ। ਜਿਵੇਂ ਕਿ ਨਾਂ ਤੋਂ ਸਪਸ਼ਟ ਹੈ ਕਿ ਸਮਵਰਤੀ ਸੂਚੀ ਵਿੱਚ ਸ਼ਾਮਲ ਆਈਟਮ, ਕੇਂਦਰ ਤੇ ਰਾਜ ਦਰਮਿਆਨ ਸ਼ਕਤੀ ਦੀ ਵੰਡ ਨਾਲ ਜੁੜਦੀ ਹੈ। ਦਰਅਸਲ ਇਸ ਤਰ੍ਹਾਂ ਕੇਂਦਰ ਸਰਕਾਰ ਦੀ ਸ਼ਕਤੀ ਵਧ ਜਾਂਦੀ ਹੈ ਕਿਉਂਕਿ ਸੰਵਿਧਾਨ ਦੀ ਧਾਰਾ 254 ਤਹਿਤ ਸਮਵਰਤੀ ਸੂਚੀ ਵਿੱਚ ਸ਼ਾਮਲ ਕਿਸੇ ਮਾਮਲੇ ਉੱਪਰ ਕੇਂਦਰ ਤੇ ਰਾਜ ਵਿੱਚ ਵਿਵਾਦ ਵਾਲੀ ਹਾਲਤ ਵਿੱਚ ਕੇਂਦਰ ਸਰਕਾਰ, ਰਾਜ ਉੱਪਰ ਭਾਰੂ ਹੋ ਨਿੱਬੜਦੀ ਹੈ। ਐਮਰਜੈਂਸੀ ਵੇਲੇ ਕੀਤੇ ਇੱਕ ਨੁਕਸਾਨ ਦੀ ਭਰਪਾਈ ਐਮਰਜੈਂਸੀ ਤੋਂ ਬਾਅਦ ਦੀ ਕਿਸੇ ਵੀ ਕੇਂਦਰ ਸਰਕਾਰ ਨੇ ਨਹੀਂ ਕੀਤੀ। ਕੇਂਦਰੀ ਅਫ਼ਸਰਸ਼ਾਹੀ, ਜਿਹੜੀ ਕੁਝ ਮਾਮਲਿਆਂ ਵਿੱਚ ਸਿਆਸੀ ਲੀਡਰਸ਼ਿਪ ਨਾਲੋਂ ਵੱਧ ਪ੍ਰਭਾਵੀ ਤਾਕਤਾਂ ਰੱਖਦੀ ਹੈ, ਨਿੱਜੀ ਹਿੱਤਾਂ ਲਈ ਇਨ੍ਹਾਂ ਤਾਕਤਾਂ ਨੂੰ ਆਪਣੇ ਤਕ ਹੀ ਸੀਮਿਤ ਰੱਖਦੀ ਹੈ। ਵੱਖ ਵੱਖ ਰਾਜਾਂ ਵਿੱਚ ਕੇਂਦਰੀ ਯੂਨੀਵਰਸਿਟੀਆਂ ਖੁੱਲ੍ਹਣ ਨਾਲ ਕੇਂਦਰੀਕਰਨ ਦੀ ਪ੍ਰਕਿਰਿਆ ਹੋਰ ਤੇਜ਼ ਹੋ ਗਈ ਹੈ। ਇਹ ਬਹੁਤ ਖਾਮੀਆਂ ਭਰਿਆ ਪ੍ਰੋਜੈਕਟ ਹੈ। ਕੇਂਦਰੀ ਯੂਨੀਵਰਸਿਟੀਆਂ ਨੂੰ ਮੁਹੱਈਆ ਕਰਾਏ ਜਾਂਦੇ ਫੰਡਾਂ ਦਾ ਉਨ੍ਹਾਂ ਨੇੜਲੀਆਂ ਸੂਬਾਈ ਯੂਨੀਵਰਸਿਟੀਆਂ ਵਿੱਚ ਸਟਾਫ ਦੀ ਗਿਣਤੀ, ਗੁਣਵੱਤਾ ਤੇ ਵਿਦਿਆਰਥੀਆਂ ਦੇ ਦਾਖਲਿਆਂ ਉਪਰ ਮਾਰੂ ਪ੍ਰਭਾਵ ਪੈਂਦਾ ਹੈ। ਸਿੱਟੇ ਵਜੋਂ ਰਾਜਾਂ ਦੀ ਉੱਚ ਸਿੱਖਿਆ ਦੀ ਔਸਤਨ ਗੁਣਵੱਤਾ ਘਟ ਜਾਂਦੀ ਹੈ। ਜੇ ਕੇਂਦਰ ਦੀ ਮੌਜੂਦਾ ਭਾਜਪਾ ਸਰਕਾਰ, ਪੰਜਾਬ ਯੂਨੀਵਰਸਿਟੀ ਨੂੰ ਕੇਂਦਰੀ ਯੂਨੀਵਰਸਿਟੀ ਬਣਾਉਣ ਲਈ ਇਸ ਅੱਗੇ ਫੰਡਾਂ ਦਾ ਸੰਕਟ ਖੜ੍ਹਾ ਕਰ ਰਹੀ ਹੈ ਤਾਂ ਇਹ ਪਹਿਲੀ ਯੂਪੀਏ ਸਰਕਾਰ ਨਾਲੋਂ ਕਿਤੇ ਵੱਧ ਤੇਜ਼ੀ ਨਾਲ ਸਿੱਖਿਆ ਦੇ ਖਾਮੀਆਂ ਭਰਪੂਰ ਕੇਂਦਰੀਕਰਨ ਮਾਡਲ ਨੂੰ ਆਪਣਾ ਰਹੀ ਹੋਵੇਗੀ।

ਇਸ ਲਈ ਪੰਜਾਬ ਸਰਕਾਰ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਆਪਣੀ ਨੈਤਿਕ ਜ਼ਿੰਮੇਵਾਰੀ ਸਮਝ ਕੇ ਫੰਡਾਂ ਦਾ ਆਪਣਾ ਹਿੱਸਾ ਮੁਹੱਈਆ ਕਰੇ ਤਾਂ ਜੋ ਨਵ-ਉਦਾਰ ਨਿੱਜੀਕਰਨ ਅਤੇ ਸਿੱਖਿਆ ਦੇ ਕੇਂਦਰੀਕਰਨ ਦੇ ਖਾਮੀਆਂ ਭਰਪੂਰ ਪ੍ਰੋਜੈਕਟਾਂ ਨੂੰ ਨਾਕਾਮ ਕੀਤਾ ਜਾ ਸਕੇ। ਅਜਿਹਾ ਕਰਨਾ ਰਾਜ ਅੰਦਰ ਸਾਰੀਆਂ ਸੂਬਾਈ ਫੰਡਾਂ ਨਾਲ ਚੱਲ ਰਹੀਆਂ ਯੂਨੀਵਰਸਿਟੀਆਂ, ਕਾਲਜਾਂ ਤੇ ਸਕੂਲਾਂ ਵਿੱਚ ਪੜ੍ਹਾਈ ਦਾ ਮਿਆਰ ਵਧਾਉਣ ਦੀ ਸਮੁੱਚੀ ਯੋਜਨਾਬੰਦੀ ਦਾ ਹਿੱਸਾ ਬਣਨਾ ਚਾਹੀਦਾ ਹੈ। ਜ਼ਿਆਦਾਤਰ ਵਿਦਿਆਰਥੀ ਗ਼ਰੀਬ ਹੁੰਦੇ ਹਨ ਜਿਨ੍ਹਾਂ ਦੀ ਪੜ੍ਹਾਈ ਸਰਕਾਰੀ ਸਹਾਇਤਾ ਨਾਲ ਚੱਲ ਰਹੀਆਂ ਵਿੱਦਿਅਕ ਸੰਸਥਾਵਾਂ ਉਪਰ ਨਿਰਭਰ ਹੁੰਦੀ ਹੈ। ਸਮਾਜ ਵਿੱਚ ਹਿੱਸੇਦਾਰੀ ਵਧਾਉਣ ਅਤੇ ਖੇਤਰ ਵਿੱਚ ਟਿਕਾਊ ਵਿਕਾਸ ਲਈ ਮਨੁੱਖੀ ਵਸੀਲੇ ਪੈਦਾ ਕਰਨ ਲਈ ਸਰਕਾਰੀ ਸਹਾਇਤਾ ਵਾਲੀ ਸਿੱਖਿਆ ਬੁਨਿਆਦੀ ਮਹੱਤਵ ਰੱਖਦੀ ਹੈ। ਪੂਰਬੀ ਏਸ਼ੀਆ ਦਾ ਤਥਾ-ਕਥਿਤ ਕ੍ਰਿਸ਼ਮਾ- ਦੱਖਣੀ ਕੋਰੀਆ, ਤਾਇਵਾਨ, ਸਿੰਗਾਪੁਰ, ਚੀਨ ਦਾ ਹੁਣ ਹਿੱਸਾ ਬਣੇ ਹਾਂਗ-ਕਾਂਗ ਦਾ ਵਿਕਾਸ ਇਸ ਕਰਕੇ ਸੰਭਵ ਹੋਇਆ ਕਿ ਉੱਥੇ ਸਿੱਖਿਆ ਉਪਰ ਸਰਕਾਰੀ ਪੈਸਾ ਨਿਵੇਸ਼ ਕੀਤਾ ਜਾਂਦਾ ਹੈ।

ਵਿਦਿਆਰਥੀ ਪ੍ਰਦਰਸ਼ਨ ਨਾਲ ਨਜਿੱਠਣ ਦੇ ਸੂਖ਼ਮ ਪੱਖ ਤੋਂ ਲੱਗਦਾ ਹੈ ਕਿ ਯੂਨੀਵਰਸਿਟੀ ਤੇ ਚੰਡੀਗੜ੍ਹ ਪੁਲੀਸ ਇਹ ਅੰਦਾਜ਼ਾ ਲਾ ਕੇ ਵੱਡੀ ਗ਼ਲਤੀ ਕਰ ਬੈਠੀ ਕਿ ਸਰਗਰਮ ਵਿਦਿਆਰਥੀ ਕਾਰਕੁਨਾਂ ਉੱਪਰ ਲਾਠੀਚਾਰਜ ਕਰਕੇ ਅੰਦੋਲਨ ਦਬਾਇਆ ਜਾ ਸਕਦਾ ਹੈ। ਇਸ ਤੋਂ ਪਤਾ ਲੱਗਦਾ ਹੈ ਕਿ ਪੰਜਾਬ ਵਿੱਚ ਵਿਦਿਆਰਥੀ ਲਹਿਰਾਂ ਦੇ ਸਿਆਸੀ ਸਭਿਆਚਾਰ ਦਾ ਉਨ੍ਹਾਂ ਨੂੰ ਗਿਆਨ ਨਹੀਂ ਸੀ। ਦਰਅਸਲ ਵਿਦਿਆਰਥੀ ਲਹਿਰਾਂ ਨੇ 1960ਵਿਆਂ ਵਿੱਚ ਦਰਸ਼ਨ ਸਿੰਘ ਬਾਗੀ, 1970ਵਿਆਂ ਵਿੱਚ ਪ੍ਰਿਥੀਪਾਲ ਸਿੰਘ ਰੰਧਾਵਾ ਤੇ ਪੰਜਾਬ ਯੂਨੀਵਰਸਿਟੀ ਕੈਂਪਸ ਵਿਚ ਅਨੁਪਮ ਗੁਪਤਾ ਅਤੇ 1980 ਵਿਆਂ ਵਿੱਚ ਅਸ਼ਵਨੀ ਹਾਂਡਾ ਵਰਗੇ ਉੱਘੇ ਵਿਦਿਆਰਥੀ ਆਗੂ ਪੈਦਾ ਕੀਤੇ ਸਨ।

ਅਖੀਰ ’ਤੇ, ਪ੍ਰਦਰਸ਼ਨਕਾਰੀ ਵਿਦਿਆਰਥੀਆਂ ਨੂੰ ਹੇਠਲੇ ਪੱਧਰ ਦੇ ਪੁਲੀਸ ਅਧਿਕਾਰੀਆਂ, ਜੋ ਗ਼ਰੀਬ ਤੇ ਮੱਧਵਰਗੀ ਪਿਛੋਕੜ ਵਾਲੇ ਪਰਿਵਾਰਾਂ ਵਿੱਚੋਂ ਆਏ ਹੁੰਦੇ ਹਨ, ਨੂੰ ਆਪਣੇ ਸਾਥੀ ਸਮਝਣਾ ਚਾਹੀਦਾ ਹੈ ਨਾ ਕਿ ਵੈਰੀ। ਉਨ੍ਹਾਂ ਨੂੰ ਚਿੱਲੀ ਦੇ ਵਿਦਿਆਰਥੀਆਂ ਦੀ ਸਫਲਤਾ ਤੋਂ ਸਬਕ ਲੈਣਾ ਚਾਹੀਦਾ ਹੈ, ਜਿਨ੍ਹਾਂ ਨੇ ਉੱਥੋਂ ਦੀ ਸਰਕਾਰ ਨੂੰ ਨਿੱਜੀਕਰਨ ਦਾ ਨਵ-ਉਦਾਰ ਏਜੰਡਾ ਤੇ ਯੂਨੀਵਰਸਿਟੀ ਫੀਸਾਂ ਵਿੱਚ ਭਾਰੀ ਵਾਧਾ ਵਾਪਸ ਲੈਣ ਲਈ ਮਜਬੂਰ ਕਰ ਦਿੱਤਾ ਸੀ। ਇਹ ਪ੍ਰਦਰਸ਼ਨ ਲਹਿਰ ਉਸ ਹਾਲਤ ਵਿੱਚ ਵਧੇਰੇ ਸਫਲ ਹੋ ਸਕਦੀ ਹੈ ਜੇ ਉਨ੍ਹਾਂ, ਜਿਨ੍ਹਾਂ ਨੂੰ ਅੰਦੋਲਨ ਦਬਾਉਣ ਲਈ ਵਰਤਿਆ ਜਾ ਰਿਹਾ ਹੈ, ਦੀ ਹਮਦਰਦੀ ਹਾਸਲ ਕਰ ਲੈਂਦਾ ਹੈ। ਆਪਣੀਆਂ ਮੰਗਾਂ ਮਨਵਾਉਣ ਲਈ ਸਮਾਜ ਦੇ ਵੱਧ ਤੋਂ ਵੱਧ ਵਰਗਾਂ ਨੂੰ ਨਾਲ ਜੋੜਨਾ ਹੋਵੇਗਾ ਕਿਉਂਕਿ ਖੇਤਰ ਦੀ ਇਸ ਅਹਿਮ ਸਿੱਖਿਆ ਸੰਸਥਾ ਦੇ ਭਵਿੱਖ ਨਾਲ ਬਹੁਤ ਸਾਰੇ ਜੁੜੇ ਹੋਏ ਹਨ।

ਲੇਖਕ ਔਕਸਫੋਰਡ ਬਰੁਕਸ ਯੂਨੀਵਰਸਿਟੀ, ਔਕਸਫੋਰਡ (ਯੂ.ਕੇ.) ਵਿੱਚ ਇਕਨੌਮਿਕਸ ਦਾ ਪ੍ਰੋਫ਼ੈਸਰ ਹੈ।

# ਜਗਦੀ ਰਹਿਣੀ ਚਾਹੀਦੀ ਹੈ ‘ਮਸ਼ਾਲ ਦੀ ਸੋਚ’ ਵਾਲੀ ਮਸ਼ਾਲ

**ਮਸ਼ਾਲ ਅਗਾਂਹਵਧੂ ਵਿਚਾਰਾਂ ਦਾ ਧਾਰਨੀ ਸੀ। ਉਹ ਤਰਕ ਨਾਲ ਸੋਚਦਾ ਅਤੇ ਦੇਸ਼ ਅੰਦਰ ਮਜ਼ਹਬ ਦੇ ਨਾਂ ਉੱਪਰ ਕਾਇਮ ਕੀਤੀਆਂ ਗਈਆਂ ਗ਼ਲਤ ਪ੍ਰਥਾਵਾਂ ਦਾ ਵਿਰੋਧ ਕਰਦਾ ਸੀ। ਅਜਿਹਾ ਸਾਡੀਆਂ ਉੱਚ ਵਿੱਦਿਅਕ ਸੰਸਥਾਵਾਂ ਵਿੱਚ ਬਹੁਤ ਘੱਟ ਵੇਖਣ ਨੂੰ ਮਿਲਦਾ ਹੈ ਕਿਉਂਕਿ ਉੱਥੇ ਤਾਂ ਪਿਛਾਂਹ-ਖਿੱਚੂ ਅਨਸਰ ਪਿਛਲੇ ਲੰਮੇ ਸਮੇਂ ਤੋਂ ਭਾਰੂ ਹਨ। ਪਾਕਿਸਤਾਨ ਦੀਆਂ ਸਰਕਾਰਾਂ ਨੇ ਕਈ ਦਹਾਕਿਆਂ ਤੋਂ ਧਾਰਮਿਕ ਅਤਿਵਾਦ ਨੂੰ ਹੁਲਾਰਾ ਦੇਣਾ ਜਾਰੀ ਰੱਖਿਆ ਹੋਣ ਕਾਰਨ ਹਿੰਸਾ ਤੇ ਅਸਹਿਣਸ਼ੀਲਤਾ ਦਾ ਸਭਿਆਚਾਰ ਪੈਦਾ ਹੋ ਚੁੱਕਾ ਹੈ ਜਿਸ ਕਾਰਨ ਤਰਕਸ਼ੀਲ ਸੋਚ ਦੇ ਧਾਰਨੀਆਂ ਲਈ ਜਗ੍ਹਾ ਲਗਾਤਾਰ ਸੁੰਗੜਦੀ ਜਾ ਰਹੀ ਹੈ।**

### ਜ਼ਾਹਿਦ ਹੁਸੈਨ

ਮਸ਼ਾਲ ਖ਼ਾਨ ਉਸ ਧਾਰਮਿਕ ਕੱਟੜਤਾ ਦਾ ਸ਼ਿਕਾਰ ਹੋਣ ਵਾਲਾ ਪਹਿਲਾ ਜਾਂ ਆਖ਼ਰੀ ਸ਼ਖ਼ਸ ਨਹੀਂ ਜਿਹੜੀ ਸਮਾਜ ਵਿੱਚ ਬਹੁਤ ਜ਼ਿਆਦਾ ਫੈਲੀ ਹੋਈ ਹੈ। ਅਬਦੁਲ ਵਲੀ ਖ਼ਾਨ ਯੂਨੀਵਰਸਿਟੀ ਮਰਦਾਨ ਦੇ ਵਿਦਿਆਰਥੀਆਂ ਨੇ ਉਸ ਦੀ ਬੇਰਹਿਮੀ ਨਾਲ ਹੱਤਿਆ ਕਰਕੇ ਇਹ ਦਰਸਾ ਦਿੱਤਾ ਹੈ ਕਿ ਮਜ਼ਹਬ ਦੇ ਨਾਂ ਉੱਪਰ ਬੇਅਕਲੇ ਹਜੂਮ ਨੂੰ ਕਿਸ ਹੱਦ ਤਕ ਭੜਕਾਇਆ ਜਾ ਸਕਦਾ ਹੈ। ਉਨ੍ਹਾਂ ਨੇ ਇਸ 13 ਅਪ੍ਰੈਲ ਨੂੰ ਮਸ਼ਾਲ ਖ਼ਾਨ ਦੇ ਸਰੀਰ ਨੂੰ ਗੋਲੀਆਂ ਮਾਰ ਕੇ ਛਣਨੀ ਕੀਤਾ ਅਤੇ ਉਸ ਦੀ ਮ੍ਰਿਤਕ ਦੇਹ ਨੂੰ ਮਧੋਲਿਆ, ਉਨ੍ਹਾਂ ਵਿੱਚੋਂ ਜ਼ਿਆਦਾਤਰ ਉਸ ਦੇ ਸਾਥੀ ਵਿਦਿਆਰਥੀ ਸਨ। ਘਟਨਾ ਸਮੇਂ ਪੁਲੀਸ ਖੜ੍ਹੀ ਸਾਰਾ ਵਰਤਾਰਾ ਵਾਪਰਦਿਆਂ ਵੇਖ ਰਹੀ ਸੀ, ਪਰ ਹਰਕਤ ਵਿੱਚ ਨਹੀਂ ਆਈ। ਇਹ ਘਟਨਾ ਯੂਨੀਵਰਸਿਟੀ ਦੇ ਹੋਸਟਲ ਵਿੱਚ ਵਾਪਰੀ। ਮਸ਼ਾਲ ਨੂੰ ਨਿਰਵਸਤਰ ਕਰਨ, ਬੁਰੀ ਤਰ੍ਹਾਂ ਕੁੱਟਣ, ਮ੍ਰਿਤਕ ਦੇਹ ਨੂੰ ਮਧੋਲਣ ਬਾਅਦ ਹੋਸਟਲ ਦੀ ਦੂਜੀ ਮੰਜ਼ਿਲ



ਤੋਂ ਹੇਠਾਂ ਸੁੱਟ ਦਿੱਤਾ ਗਿਆ ਸੀ। 23 ਵਰ੍ਹਿਆਂ ਦਾ ਮਸ਼ਾਲ ਪੱਤਰਕਾਰਿਤਾ ਦਾ ਵਿਦਿਆਰਥੀ ਸੀ।

ਸਭ ਤੋਂ ਘਿਨਾਉਣਾ ਰੋਲ ਯੂਨੀਵਰਸਿਟੀ ਦੇ ਉਨ੍ਹਾਂ ਕੁਝ ਫੈਕਲਟੀ ਮੈਂਬਰਾਂ ਤੇ ਮੁਲਾਜ਼ਮਾਂ ਦਾ ਸੀ, ਜਿਨ੍ਹਾਂ ਨੇ ਕੁਫ਼ਰ-ਵਿਰੋਧੀ ਕਾਨੂੰਨ ਦੀ ਉਲੰਘਣਾ ਦੇ ਦੋਸ਼ ਲਾ ਕੇ ਵਿਦਿਆਰਥੀਆਂ ਨੂੰ ਹਿੰਸਾ ਲਈ ਭੜਕਾਇਆ। ਇਹ ਵੀ ਵਿਡੰਬਨਾ ਹੈ ਕਿ ਇਹ ਘਟਨਾ ਉਸ ਜਗ੍ਹਾ ਵਾਪਰੀ ਜਿੱਥੇ ਉੱਚ ਸਿੱਖਿਆ ਦਿੱਤੀ ਜਾਂਦੀ ਹੈ ਅਤੇ ਇਸ ਘਿਨਾਉਣੇ ਕਾਰੇ ਵਿੱਚ ਸ਼ਾਮਲ ਲੋਕ ਵੀ ਪੜ੍ਹੇ-ਲਿਖੇ ਸਨ। ਇਸ ਕਿਸਮ ਦੀ ਮੱਧਯੁਗੀ ਬਰਬਰਤਾ ਦੀ ਕੋਈ ਹੋਰ ਮਿਸਾਲ ਉਸ ਦੇਸ਼ ਵਿੱਚ ਵੀ ਨਹੀਂ ਮਿਲਦੀ, ਜਿੱਥੇ ਮਨੁੱਖੀ ਜੀਵਨ ਦੀ ਕੋਈ ਕਦਰ ਨਹੀਂ ਹੈ।

ਇਸ ਹੱਤਿਆ ਨੂੰ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ। ਇਸ ਦਾ ਮੰਤਵ ਉਸ ਹੋਣਹਾਰ ਵਿਦਿਆਰਥੀ ਨੂੰ ਹਮੇਸ਼ਾਂ ਲਈ ਖ਼ਾਮੋਸ਼ ਕਰ ਦੇਣਾ ਸੀ ਜਿਸ ਨੇ ਯੂਨੀਵਰਸਿਟੀ ਅਤੇ ਦੇਸ਼ ਦੀਆਂ ਗ਼ਲਤ ਤੇ ਭੈੜੀਆਂ ਪ੍ਰਥਾਵਾਂ ਉੱਪਰ ਸਵਾਲ ਉਠਾਉਂਦਿਆਂ ਆਪਣੇ ਵਿਚਾਰ ਖੁੱਲ੍ਹ ਕੇ ਪ੍ਰਗਟਾਏ ਸਨ। ਇਸ ਪ੍ਰਗਟਾਵੇ ਨੇ ਯੂਨੀਵਰਸਿਟੀ ਮੈਨੇਜਮੈਂਟ ਦੇ ਕੁਝ ਮੁਲਾਜ਼ਮਾਂ ਦਾ ਗੁੱਸਾ ਭੜਕਾ ਦਿੱਤਾ ਤੇ ਉਨ੍ਹਾਂ ਨੇ ਮੂੰਹਫੱਟਤਾ ਦਾ ਮੁਜ਼ਾਹਰਾ ਕਰਨ ਵਾਲੇ ਮਸ਼ਾਲ ਨੂੰ ਸਬਕ ਸਿਖਾਉਣ ਦਾ ਫ਼ੈਸਲਾ ਲੈ ਲਿਆ। ਮਸ਼ਾਲ ਉੱਪਰ ਕੁਫ਼ਰ-ਵਿਰੋਧੀ ਕਾਨੂੰਨ ਦੀ ਉਲੰਘਣਾ ਕਰਦਿਆਂ ਧਾਰਮਿਕ ਭਾਵਨਾਵਾਂ ਭੜਕਾਉਣ ਦੇ ਦੋਸ਼ ਮੜ੍ਹੇ ਗਏ। ਕੱਟੜ ਲੋਕ ਭਾਵੇਂ ਕਿੰਨੇ ਵੀ ਪੜ੍ਹੇ,-ਲਿਖੇ ਹੋਣ, ਮਜ਼ਹਬ ਦੇ ਨਾਂ ਉੱਪਰ ਮਰਨ-ਮਾਰਨ ਲਈ ਉਤਾਰੂ ਹੋ ਜਾਂਦੇ ਹਨ। ਉਨ੍ਹਾਂ ਨੂੰ ਭੀੜ ਜੁਟਾਉਣ ਲਈ ਸਮਾਂ ਨਹੀਂ ਲੱਗਦਾ। ਭੀੜ ਵਿੱਚ ਸ਼ਾਮਲ ਜ਼ਿਆਦਾਤਰ ਲੋਕ ਉਨੇ ਮਜ਼ਹਬ ਤੋਂ ਪ੍ਰੇਰਿਤ ਨਹੀਂ ਹੁੰਦੇ ਜਿੰਨੇ ਕਮਅਕਲੇ ਹੁੰਦੇ ਹਨ। ਇਸ ਪੂਰੇ ਕਾਰੇ ਦੀ ਧੁੰਦਲੀ ਜਿਹੀ ਵੀਡੀਓ ਦੇਖਣ ਮਗਰੋਂ ਉਨ੍ਹਾਂ ਦੇ ਮਨੁੱਖ ਹੋਣ ’ਤੇ ਵੀ ਹੈਰਾਨੀ ਹੁੰਦੀ ਹੈ।ਇਸ ਘਟਨਾ ਦਾ ਇੱਕ ਹੋਰ ਦੁਖਦਾਈ ਪੱਖ ਇਹ ਹੈ ਕਿ ਇਸ ਘਿਨਾਉਣੀ ਹੱਤਿਆ ਵਿੱਚ ਕੁਝ ਸਿਆਸੀ ਪਾਰਟੀਆਂ ਦੇ ਮੈਂਬਰ ਵੀ ਸ਼ਾਮਲ ਸਨ। ਇਨ੍ਹਾਂ ਵਿੱਚ ਚੁਣਿਆ ਹੋਇਆ ਇੱਕ ਜ਼ਿਲ੍ਹਾ ਕੌਂਸਲਰ ਵੀ ਸੀ। ਇੱਕ ਵੀਡੀਓ ਵਿੱਚ ਹੱਤਿਆਰਿਆਂ ਨੂੰ ਘਟਨਾ ਬਾਅਦ ਜਸ਼ਨ ਮਨਾਉਂਦੇ ਦਿਖਾਇਆ ਗਿਆ। ਅਜਿਹਾ ਕੀਤਾ ਜਾਣਾ ਹੱਤਿਆ ਦੀ ਸਾਜ਼ਿਸ਼ ਰਚੇ ਜਾਣ ਬਾਰੇ

ਬਾਕੀ ਸਫ਼ਾ 27 ’ਤੇ

## ਸਿੱਖ ਕਤਲੇਆਮ : ਹਾਈ ਕੋਰਟ ਨੇ ਕਿਹਾ- *ਪੰਜ ਕੇਸਾਂ ਦੀ ਮੁੜ ਸੁਣਵਾਈ ਦੀ ਲੋੜ*

**ਨਵੀਂ ਦਿੱਲੀ/ਬਿਊਰੋ ਨਿਊਜ਼ :** ਦਿੱਲੀ ਹਾਈ ਕੋਰਟ ਨੇ ਕਿਹਾ ਕਿ 1984 ਦੇ ਸਿੱਖ ਕਤਲੇਆਮ ਦੇ ਪੰਜ ਕੇਸਾਂ ਦੀ ਮੁੜ ਸੁਣਵਾਈ ਤੇ ਮੁੜ ਪੜਤਾਲ ਬਾਰੇ ਸੀਬੀਆਈ ਦਾ ਪੱਖ ਸੁਣਨ ਦੀ ਲੋੜ ਹੈ। ਇਨ੍ਹਾਂ ਕੇਸਾਂ ਵਿੱਚ ਸਾਰੇ ਪੰਜ ਮੁਲਜ਼ਮਾਂ ਨੂੰ ਬਰੀ ਕਰ ਦਿੱਤਾ ਗਿਆ ਸੀ। ਕਾਰਜਕਾਰੀ ਚੀਫ ਜਸਟਿਸ ਗੀਤਾ ਮਿੱਤਲ ਅਤੇ ਜਸਟਿਸ ਅਨੂ ਮਲਹੋਤਰਾ ਦੇ ਬੈਂਚ ਨੇ ਸੀਬੀਆਈ ਨੂੰ ਨੋਟਿਸ ਜਾਰੀ ਕੀਤਾ ਅਤੇ ਇਨ੍ਹਾਂ ਪੰਜ ਕੇਸਾਂ ਵਿੱਚ ਉਸ ਦਾ ਜਵਾਬ ਮੰਗਿਆ ਹੈ। ਇਨ੍ਹਾਂ ਮਾਮਲਿਆਂ ਦੇ ਮੁਲਜ਼ਮਾਂ ਤੇ ਸ਼ਿਕਾਇਤਕਰਤਾਵਾਂ ਨੂੰ ਪਹਿਲਾਂ ਹੀ ਕਾਰਨ ਦੱਸੋ ਨੋਟਿਸ ਜਾਰੀ ਕੀਤੇ ਜਾ ਚੁੱਕੇ ਹਨ। ਅਦਾਲਤ ਨੂੰ ਦੱਸਿਆ ਗਿਆ ਕਿ ਸਾਰੇ ਮੁਲਜ਼ਮਾਂ ਤੇ ਸ਼ਿਕਾਇਤਕਰਤਾਵਾਂ ਨੂੰ ਨੋਟਿਸ ਜਾਰੀ ਨਹੀਂ ਕੀਤਾ ਗਿਆ ਕਿਉਂਕਿ ਕੁਝ ਮੁਲਜ਼ਮਾਂ ਦੀ ਮੌਤ ਹੋ ਚੁੱਕੀ ਹੈ ਜਾਂ ਉਨ੍ਹਾਂ ਦੇ ਸਿਰਨਾਵੇਂ ਗਲਤ ਹਨ।




ਅਦਾਲਤ ਨੇ ਦਿੱਲੀ ਛਾਉਣੀ ਥਾਣੇ ਦੇ ਐਸਐਚਓ ਨੂੰ ਆਦੇਸ਼ ਦਿੱਤਾ ਕਿ ਜਿਹੜੇ ਨੋਟਿਸ ਵਾਪਸ ਆਏ ਹਨ, ਉਹ ਸਹੀ ਪਤੇ ਉਤੇ ਭੇਜਣੇ ਯਕੀਨੀ ਬਣਾਏ ਜਾਣ। ਬੈਂਚ ਨੇ ਸਾਬਕਾ ਕੌਂਸਲਰ ਬਲਵਾਨ ਖੋਖਰ ਅਤੇ ਸਾਬਕਾ ਵਿਧਾਇਕ ਮਹਿੰਦਰ ਯਾਦਵ ਸਣੇ 11 ਮੁਲਜ਼ਮਾਂ ਨੂੰ ਨੋਟਿਸ ਜਾਰੀ ਕੀਤਾ ਸੀ। ਇਹ ਨੋਟਿਸ ਦਿੱਲੀ ਛਾਉਣੀ ਇਲਾਕੇ ਵਿੱਚ 1 ਤੇ 2 ਨਵੰਬਰ 1984 ਨੂੰ ਹੋਏ ਕਤਲੇਆਮ ਬਾਰੇ ਸ਼ਿਕਾਇਤਾਂ ਉਤੇ ਜਾਰੀ ਹੋਏ।

## ਦਿੱਲੀ ਵਿਧਾਨ ਸਭਾ ਨੇ 30 ਜੂਨ, 2015 ਨੂੰ 1984 ਸਿੱਖ ਕਤਲੇਆਮ ਨੂੰ ਨਸਲਕੁਸ਼ੀ ਵਜੋਂ ਦਿੱਤੀ ਸੀ ਮਾਨਤਾ

**ਨਵੀ ਦਿੱਲੀ/ਸਿੱਖ ਸਿਆਸਤ ਬਿਊਰੋ:**ਭਾਰਤੀ ਰੱਖਿਆ ਮੰਤਰੀ ਅਰੁਣ ਜੇਤਲੀ ਨੇ ਦਾਅਵਾ ਕੀਤਾ ਸੀ ਕਿ ਕੈਨੇਡਾ ਦੇ ਓਂਟਾਰੀਓ ਸੂਬੇ ਦੀ ਪਾਰਲੀਮੈਂਟ ਨੇ 1984 ਸਿੱਖ ਕਤਲੇਆਮ ਨੂੰ ਨਸਲਕੁਸ਼ੀ' ਵਜੋਂ ਮਾਨਤਾ ਦੇਣਾ ਗੱਲ ਨੂੰ ਵਧਾ ਚੜ੍ਹਾ ਕੇ ਪੇਸ਼ ਕਰਨ ਦੇ ਬਰਾਬਰ ਹੈ। ਜਦਕਿ ਦਿੱਲੀ ਵਿਧਾਨ ਸਭਾ ਨੇ 30 ਜੂਨ, 2015 ਨੂੰ ਸਰਬਸੰਮਤੀ ਨਾਲ 1984 ਕਤਲੇਆਮ ਨੂੰ ਨਸਲਕੁਸ਼ੀ' ਮੰਨਿਆ ਹੈ। ਜ਼ਿਕਰਯੋਗ ਗੱਲ ਇਹ ਹੈ ਕਿ ਨਵੰਬਰ 1984 ਦੀਆਂ ਘਟਨਾਵਾਂ ਨੂੰ ਨਸਲਕੁਸ਼ੀ' ਵਜੋਂ ਦਿੱਲੀ ਵਿਧਾਨ ਸਭਾ ਦੇ ਮਤੇ ਨੂੰ ਭਾਜਪਾ ਦੇ ਵਿਧਾਇਕਾਂ ਨੇ ਵੀ ਹਮਾਇਤ ਦਿੱਤੀ ਸੀ। ਇਹ ਮਤਾ ਰਾਜੌਰੀ ਗਾਰਡਨ ਦੇ ਉਸ ਵੇਲੇ ਦੇ ਆਮ ਆਦਮੀ ਪਾਰਟੀ ਦੇ ਵਿਧਾਇਕ ਜਰਨੈਲ ਸਿੰਘ ਨੇ ਵਿਧਾਨ ਸਭਾ 'ਚ ਲਿਆਂਦਾ ਸੀ ਅਤੇ ਇਹ ਸਰਬਸੰਮਤੀ ਨਾਲ ਪਾਸ ਕੀਤਾ ਗਿਆ ਸੀ।

ਇਸ ਖ਼ਬਰ ਅਤੇ ਨੂੰ ਵਿਸਥਾਰ ਸਹਿਤ ਅੰਗ੍ਰੇਜ਼ੀ ਵਿਚ ਪੜ੍ਹਨ ਲਈ: Delhi Assembly had recognised Sikh Genocide 1984 Back in 2015: Official Copy of Official Motion Unanimously passed on June 30, 2015 3 1984 ਸਿੱਖ ਕਤਲੇਆਮ ਨੂੰ ਨਸਲਕੁਸ਼ੀ ਮੰਨਣ ਵਾਲਾ ਮਤਾ ਦਿੱਲੀ ਵਿਧਾਨ ਸਭਾ ਵੀ ਵੈਬਸਾਈਟ 'ਤੇ ਉਪਲੱਬਧ ਹੈ।

# ਬਾਬਾ ਗੁਰਵਿੰਦਰ ਸਿੰਘ ਨੇ ਹਥਿਆਰਾਂ ਤੇ ਸਿਆਸੀ ਰਸੂਖ ਨਾਲ ਗੁਰਦੁਆਰਾ ਓਮਰਾਨਾ ਸਾਹਿਬ ਦਾ ਕਬਜ਼ਾ ਲਿਆ

**ਤਰਨ ਤਾਰਨ/ਬਿਊਰੋ ਨਿਊਜ਼ :** ਪਿੰਡ ਸੰਘਾ ਵਿਖੇ ਗੁਰੂ ਹਰਗੋਬਿੰਦ ਸਾਹਿਬ ਦੀ ਯਾਦ ਵਿੱਚ ਬਣਾਏ ਗੁਰਦੁਆਰਾ ਓਮਰਾਨਾ ਸਾਹਿਬ ਦਾ ਪ੍ਰਬੰਧ ਬਾਬਾ ਗੁਰਵਿੰਦਰ ਸਿੰਘ ਬੁੱਗਾ ਨੇ ਆਪਣੇ ਹਮਾਇਤੀਆਂ ਦੀ ਮਦਦ ਨਾਲ ਆਪਣੇ ਕਬਜ਼ੇ ਹੇਠ ਲੈ ਲਿਆ ਹੈ। ਇਸ ਮੌਕੇ ਕਥਿਤ ਤੌਰ 'ਤੇ ਗੋਲੀਬਾਰੀ ਵੀ ਕੀਤੀ ਗਈ ਜਿਸ ਨਾਲ ਪਿੰਡ ਵਾਸੀ ਸਹਿਮੇ ਹੋਏ ਹਨ। ਪਿੰਡ ਸੰਘਾ ਦੇ ਲੋਕਾਂ ਨੇ ਦੱਸਿਆ ਕਿ ਬੀਤੀ ਰਾਤ ਤੋਂ ਇਸ ਗੁਰਦੁਆਰੇ ਦਾ ਪ੍ਰਬੰਧ ਇੱਥੋਂ ਦੇ ਨੇੜਲੇ ਪਿੰਡ ਅਲਾਦੀਨਪੁਰ ਦੇ ਡੇਰਾ ਹੰਸਲੀ ਸਾਹਿਬ ਦੇ ਮੁਖੀ ਬਾਬਾ ਸੁਖਦੇਵ ਸਿੰਘ ਦੀ ਨਿਗਰਾਨੀ ਹੇਠ ਬਾਬਾ ਗੁਰਵਿੰਦਰ ਸਿੰਘ ਨੇ ਆਪਣੇ ਕਬਜ਼ੇ ਹੇਠ ਲੈ ਲਿਆ ਹੈ। ਬੀਤੀ ਰਾਤ ਪਿੰਡ ਵਿੱਚ ਕਈ ਹਥਿਆਰਬੰਦ ਬੰਦਿਆਂ ਨੇ ਗੋਲੀਆਂ ਚਲਾਈਆਂ ਜਿਸ ਨਾਲ ਪਿੰਡ ਦੇ ਲੋਕ ਸਹਿਮ ਕੇ ਰਹਿ ਗਏ। ਪਿੰਡ ਵਾਸੀਆਂ ਨੇ ਆਖਿਆ ਕਿ ਇਸ ਗੁਰਦੁਆਰੇ ਦੇ ਪ੍ਰਬੰਧ ਨੂੰ ਲੈ ਕੇ ਜੋ ਕੁਝ ਹੋ ਰਿਹਾ ਹੈ ਉਹ ਗ਼ਲਤ ਹੈ। ਪਿੰਡ ਦੇ ਕੁਝ ਲੋਕਾਂ ਦਾ ਤਾਂ ਇਹ ਵੀ ਕਹਿਣਾ ਹੈ ਕਿ ਸੂਬੇ ਅੰਦਰ ਬਦਲੇ ਸਿਆਸੀ ਹਾਲਾਤ ਕਰਕੇ ਇੱਥੇ ਅਜਿਹੀ ਘਟਨਾ ਵਾਪਰੀ ਹੈ। ਉਨ੍ਹਾਂ ਦੱਸਿਆ ਕਿ ਇੱਥੇ ਪਿਛਲੇ ਨੌਂ ਸਾਲ ਤੋਂ ਸੇਵਾ ਕਰ ਰਿਹਾ ਬਾਬਾ ਲਖਵਿੰਦਰ ਸਿੰਘ ਆਪਣੇ ਪਰਿਵਾਰ ਸਮੇਤ ਗੁਰਦੁਆਰਾ ਛੱਡ ਕੇ ਕਿਧਰੇ ਚਲਾ ਗਿਆ ਹੈ। ਚਸ਼ਮਦੀਦ ਲੋਕਾਂ ਦੱਸਿਆ ਕਿ ਪਿੰਡ ਦੇ ਲੋਕਾਂ ਵੱਲੋਂ ਗੋਲੀ ਚੱਲੇ ਜਾਣ 'ਤੇ ਹਾਲ-ਪਾਹਰਿਆ ਕੀਤੇ ਜਾਣ ਨੂੰ ਗੋਇੰਦਵਾਲ ਸਾਹਿਬ ਦੇ ਡੀ.ਐਸ.ਪੀ. ਸਤਪਾਲ ਸਿੰਘ ਮੰਨਣ ਲਈ ਤਿਆਰ ਨਹੀਂ ਹਨ। ਪਿੰਡ ਵਾਸੀਆਂ ਦੱਸਿਆ ਕਿ ਜਿਵੇਂ ਹੀ ਗੋਲੀ ਚੱਲੀ ਤਾਂ ਬਾਬਾ ਲਖਵਿੰਦਰ ਸਿੰਘ ਨੇ ਗੁਰਦੁਆਰੇ ਦੇ ਇਕ ਕਮਰੇ ਅੰਦਰ ਲੁੱਕ ਕੇ ਆਪਣੀ ਜਾਨ ਬਚਾਈ। ਉਨ੍ਹਾਂ ਦੱਸਿਆ ਕਿ ਕੋਈ ਨੌਂ ਸਾਲ ਪਹਿਲਾਂ ਇਸ ਗੁਰਦੁਆਰੇ ਦਾ ਪ੍ਰਬੰਧ ਬਾਬਾ ਗੁਰਵਿੰਦਰ ਸਿੰਘ ਕੋਲ ਸੀ। ਜਿਵੇਂ ਹੀ ਉਸ ਨੇ ਪਿੰਡ ਵਿੱਚ ਰਹਿੰਦੀ

ਬਾਕੀ ਸ਼ਫ਼ਾ 27 'ਤੇ

## ਬਿਧੀਪੁਰ ਦੇ ਗੁਰਦੁਆਰੇ 'ਚ ਅੱਗ ਲੱਗਣ ਕਾਰਨ ਤਿੰਨ ਪਾਵਨ ਸਰੂਪ, 12 ਗੁਟਕਾ ਸਾਹਿਬ ਅਗਨ ਭੇਟ

**ਜਲੰਧਰ/ਬਿਊਰੋ ਨਿਊਜ਼ :** ਪਿੰਡ ਬਿਧੀਪੁਰ ਦੇ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਸਾਹਿਬ ਵਿੱਚ ਅੱਗ ਲੱਗਣ ਕਾਰਨ ਗੁਰੂ ਗ੍ਰੰਥ ਸਾਹਿਬ ਦੇ ਤਿੰਨ ਪਾਵਨ ਸਰੂਪ ਅਤੇ 12 ਗੁਟਕਾ ਸਾਹਿਬ ਅਗਨ ਭੇਟ ਹੋ ਗਏ। ਘਟਨਾ ਦਾ ਕਾਰਨ ਸ਼ਾਰਟ ਸਰਕਟ ਮੰਨਿਆ ਜਾ ਰਿਹਾ ਹੈ। ਸੀਸੀਟੀਵੀ ਕੈਮਰੇ ਵਿਚ ਕੈਦ ਫੁਟੇਜ ਅਨੁਸਾਰ ਗੁਰਦੁਆਰੇ ਵਿੱਚ ਬਣਾਏ ਗਏ ਸੱਚਖੰਡ ਸਾਹਿਬ ਵਿਚ ਸਵੇਰੇ ਸਾਢੇ ਤਿੰਨ ਵਜੇ ਅੱਗ ਲੱਗੀ। ਪਿੰਡ ਵਾਸੀਆਂ ਨੂੰ ਘਟਨਾ ਦਾ ਪਤਾ ਸਵੇਰੇ ਪੰਜ ਵਜੇ ਲੱਗਾ ਜਦੋਂ ਪਿੰਡ ਦਾ ਇੱਕ ਵਿਅਕਤੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਨ ਲਈ ਆਇਆ। ਇਸ ਤੋਂ ਬਾਅਦ ਪਿੰਡ ਵਾਸੀਆਂ ਵੱਲੋਂ ਤੁਰੰਤ ਅੱਗ 'ਤੇ ਕਾਬੂ ਪਾਇਆ ਗਿਆ। ਮੌਕੇ 'ਤੇ ਪਹੁੰਚੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਰਣਜੀਤ ਸਿੰਘ ਕਾਹਲੋਂ ਨੇ ਦੱਸਿਆ ਕਿ ਗੁਰੂ ਗ੍ਰੰਥ ਸਾਹਿਬ ਦੀਆਂ ਜਿਲਦਾਂ ਪੂਰੀ ਤਰ੍ਹਾਂ ਸੜ ਚੁੱਕੀਆਂ ਹਨ ਅਤੇ ਉੱਥੇ ਪਏ 12 ਗੁਟਕੇ ਵੀ ਅਗਨ ਭੇਟ ਹੋ ਗਏ ਹਨ। ਉਨ੍ਹਾਂ ਕਿਹਾ ਕਿ ਅਗਨ ਭੇਟ ਹੋਏ ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਨੂੰ ਮਰਿਆਦਾ ਅਨੁਸਾਰ ਸਸਕਾਰ ਲਈ ਗੋਇੰਦਵਾਲ ਸਾਹਿਬ ਭੇਜ ਦਿੱਤਾ ਗਿਆ ਹੈ ਅਤੇ ਪਸ਼ਤਚਾਪ ਲਈ ਸ੍ਰੀ ਅਖੰਡ ਪਾਠ ਆਰੰਭ ਕਰਵਾ ਦਿੱਤੇ ਗਏ ਹਨ। ਉਨ੍ਹਾਂ ਕਿਹਾ ਕਿ ਜਾਂਚ ਦੌਰਾਨ ਪਿੰਡ ਕਮੇਟੀ ਦੀ ਕਮਜ਼ੋਰੀ ਸਾਹਮਣੇ ਆਈ ਹੈ। ਗੁਰਦੁਆਰੇ ਦੀ ਕਮੇਟੀ ਵੱਲੋਂ ਕੋਈ ਪੱਕਾ ਗ੍ਰੰਥੀ ਸਿੰਘ ਸੇਵਾ ਲਈ ਨਹੀਂ ਰੱਖਿਆ ਗਿਆ ਹੈ। ਇਸ ਦੌਰਾਨ ਕਈ ਪ੍ਰਸ਼ਾਸਨਿਕ ਅਧਿਕਾਰੀ ਵੀ ਘਟਨਾ ਵਾਲੀ ਥਾਂ 'ਤੇ ਪਹੁੰਚੇ।

## ਇੰਦੌਰ ਵਿਚ ਸਮਾਰਟ ਸਿਟੀ ਬਣਾਉਣ ਦੇ ਨਾਂ 'ਤੇ ਗੁਰਦੁਆਰਾ ਕਰਤਾਰ ਕੀਰਤਨ ਸਾਹਿਬ ਨੂੰ ਢਾਹਿਆ

### ਸੜਕ 'ਤੇ ਬਣੇ ਹੋਰ ਧਾਰਮਿਕ ਸਥਾਨਾਂ ਨੂੰ ਬਿਲਕੁਲ ਨਹੀਂ ਛੇੜਿਆ

**ਇੰਦੌਰ/ਬਿਊਰੋ ਨਿਊਜ਼ :** ਇੰਦੌਰ ਸ਼ਹਿਰ ਨੂੰ ਸਮਾਰਟ ਸਿਟੀ ਬਣਾਉਣ ਦੀ ਕਾਰਵਾਈ ਤਹਿਤ ਇਕ ਸੜਕ ਨੂੰ ਚੌੜੀ ਕਰਨ ਲਈ ਰਾਜ ਮੁਹੱਲਾ ਦੀ ਮੇਨ ਰੋਡ 'ਤੇ ਬਣੇ ਗੁਰਦੁਆਰਾ ਕਰਤਾਰ ਕੀਤਰਨ ਸਾਹਿਬ ਨੂੰ ਢਹਿ-ਢੇਰੀ ਕਰ ਦਿੱਤੀ ਜਦਕਿ ਇਸ ਇਲਾਕੇ ਵਿਚ ਤੇ ਸ਼ਹਿਰ ਵਿਚ ਹੋਰਨਾਂ ਸੜਕਾਂ 'ਤੇ ਬਣੇ ਧਾਰਮਿਕ ਸਥਾਨਾਂ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ ਗਈ। ਸ਼ਨਿੱਚਰਵਾਰ ਦੁਪਹਿਰ ਵੇਲੇ ਹੋਈ ਇਸ ਕਾਰਵਾਈ ਸਮੇਂ ਪਹਿਲੀ ਮੰਜ਼ਿਲ 'ਤੇ ਸਥਿਤ ਗੁਰਦੁਆਰਾ ਸਾਹਿਬ ਵਿਚੋਂ ਸਿੱਖ ਪੁਰਸ਼ਾਂ ਅਤੇ ਬੀਬੀਆਂ ਨੂੰ ਧੱਕੇ ਨਾਲ ਬਾਹਰ ਕੱਢਣ ਲਈ ਫੋਰਸ ਦਾ ਸਹਾਰਾ ਲਿਆ ਗਿਆ ਤੇ ਦੋਸ਼ ਹੈ ਕਿ ਉਨ੍ਹਾਂ ਨਾਲ ਬਦਸਲੂਕੀ ਕੀਤੀ ਗਈ। ਇਹ ਵੀ ਦਾਅਵਾ ਹੈ ਕਿ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲ ਇਸ ਮਾਮਲੇ ਵਿਚ ਅਦਾਲਤੀ ਸਟੇਅ ਹੋਣ ਦੇ ਬਾਵਜੂਦ ਇਹ ਕਾਰਵਾਈ ਕੀਤੀ ਗਈ। ਸਿੱਖ ਸੰਗਤਾਂ ਦਾ ਰੋਸ ਇਹ ਹੈ ਕਿ ਸਾਰੇ ਇੰਦੌਰ ਵਿਚ ਸੜਕਾਂ ਚੌੜੀਆਂ ਕਰਨ ਦੀ ਯੋਜਨਾ ਹੋਣ ਅਤੇ ਕਈਆਂ ਧਾਰਮਿਕ ਅਸਥਾਨਾਂ ਦੇ ਇਸ ਕਾਰਨ ਹਟਾਏ ਜਾਣ ਦੀ ਲੋੜ ਤੇ ਪ੍ਰੋਗਰਾਮ ਹੋਣ ਦੇ ਬਾਵਜੂਦ ਸਿਰਫ਼ ਤੇ ਸਿਰਫ਼ ਸਿੱਖ ਗੁਰੂ ਘਰ ਨੂੰ ਹੀ ਨਿਸ਼ਾਨਾ ਬਣਾਇਆ ਗਿਆ ਹੈ ਜਦਕਿ ਇਸੇ ਇਲਾਕੇ ਵਿਚ ਅਤੇ ਹੋਰਨਾਂ ਇਲਾਕਿਆਂ ਵਿਚ ਜਿੱਥੇ ਤੋੜ ਫੋੜ ਕੀਤੀ ਜਾਣੀ ਹੈ ਜਾਂ ਕੀਤੀ ਜਾ ਰਹੀ ਹੈ, ਕਿਤੇ ਵੀ ਕਿਸੇ ਧਰਮ ਅਸਥਾਨ ਨੂੰ ਨਹੀਂ ਛੇੜਿਆ ਗਿਆ। ਕਮੇਟੀ ਅਨੁਸਾਰ ਇੰਦੌਰ ਦੀ ਭਾਜਪਾ ਨਾਲ ਸਬੰਧਤ ਮੇਅਰ ਮਾਲਿਨੀ ਗੌੜ ਵਲੋਂ ਪਹਿਲਾਂ ਵੀ ਇਹ ਕਿਹਾ ਜਾ ਰਿਹਾ ਸੀ ਕਿ ਸਭ ਧਰਮ ਅਸਥਾਨਾਂ ਨਾਲ ਗੱਲਬਾਤ ਕਰਕੇ ਉਨ੍ਹਾਂ ਨਾਲ ਕੋਈ ਗੱਲ ਨਜਿੱਠਣ ਮਗਰੋਂ ਹੀ ਇਸ ਤਰ੍ਹਾਂ ਦੀ ਕੋਈ ਕਾਰਵਾਈ ਹੋਵੇਗੀ ਪਰ ਅਚਨਚੇਤ ਕਾਰਵਾਈ ਕਰ ਦਿੱਤੀ ਗਈ। ਉਨ੍ਹਾਂ ਦੋਸ਼ ਲਾਇਆ ਕਿ ਅਜੇ ਵੀ ਹੋਰਨਾਂ ਧਾਰਮਿਕ ਅਸਥਾਨਾਂ ਵਿਰੁੱਧ ਕੋਈ ਕਾਰਵਾਈ ਇਹ ਕਹਿ ਕੇ ਨਹੀਂ ਕੀਤੀ ਜਾ ਰਹੀ ਕਿ ਉਨ੍ਹਾਂ ਨਾਲ ਗੱਲਬਾਤ ਨਜਿੱਠ ਕੇ ਹੀ ਕੋਈ ਕਾਰਵਾਈ ਹੋਵੇਗੀ।

ਬਾਕੀ ਸ਼ਫ਼ਾ 32 'ਤੇ

## ਸ਼੍ਰੋਮਣੀ ਕਮੇਟੀ ਚੋਣਾਂ ਕਰਵਾਉਣ ਬਾਰੇ ਕੇਂਦਰ ਦਾ ਵਕੀਲ ਅਦਾਲਤ 'ਚ ਪੇਸ਼ ਹੋਇਆ

### *ਅਗਲੀ ਸੁਣਵਾਈ 26 ਜੁਲਾਈ ਨੂੰ*

**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ ਵਿਚ ਸ਼੍ਰੋਮਣੀ ਕਮੇਟੀ ਚੋਣਾਂ ਕਰਵਾਉਣ ਦੀ ਮੰਗ ਨੂੰ ਲੈ ਕੇ ਹਾਈਕੋਰਟ ਵਿਚ ਦਾਖ਼ਲ ਪਟੀਸ਼ਨ ਦੀ ਸੁਣਵਾਈ 'ਤੇ ਕੇਂਦਰ ਸਰਕਾਰ ਵੱਲੋਂ ਵਕੀਲ ਪੇਸ਼ ਹੋ ਗਏ ਹਨ। ਵਕੀਲ ਨੇ ਜਵਾਬ ਲਈ ਸਮਾਂ ਮੰਗਿਆ, ਜਿਸ 'ਤੇ ਜਸਟਿਸ ਐਮ.ਐਮ.ਐਸ. ਬੇਦੀ ਦੀ ਇਕਹਿਰੀ ਬੈਂਚ ਨੇ ਹਦਾਇਤ ਕੀਤੀ ਹੈ ਕਿ ਅਗਲੀ ਸੁਣਵਾਈ 26 ਜੁਲਾਈ ਨੂੰ ਹੋਵੇਗੀ ਤੇ ਇਸ ਤੋਂ ਪਹਿਲਾਂ ਕੇਂਦਰ ਸਰਕਾਰ ਜਵਾਬ ਦਾਖ਼ਲ ਕਰ ਦੇਵੇ ਤੇ ਸੁਣਵਾਈ 'ਤੇ ਬਹਿਸ ਲਈ ਤਿਆਰ ਰਹੇ। ਸ਼੍ਰੋਮਣੀ ਕਮੇਟੀ ਦੇ ਬੋਰਡ ਦੀ ਮਿਆਦ ਪੂਰੀ ਹੋਣ ਦੇ ਬਾਵਜੂਦ ਇਸ ਦੀਆਂ ਚੋਣਾਂ ਨਾ ਕਰਵਾਉਣ ਕਾਰਨ ਦਾਖਲ ਪਟੀਸ਼ਨ 'ਤੇ ਦਾਖਲ ਇਸ ਪਟੀਸ਼ਨ ਦੀ ਸੁਣਵਾਈ ਦੌਰਾਨ ਹਾਈਕੋਰਟ ਦੇ ਜਸਟਿਸ ਐਮ.ਐਮ.ਐਸ. ਬੇਦੀ ਦੀ ਇਕਹਰੀ ਬੈਂਚ ਨੇ ਕੇਂਦਰ ਸਰਕਾਰ ਤੇ ਗੁਰਦੁਆਰਾ ਚੋਣ ਕਮਿਸ਼ਨ ਕੋਲੋਂ ਜਵਾਬ ਮੰਗਿਆ ਸੀ ਕਿ ਸ਼੍ਰੋਮਣੀ ਕਮੇਟੀ ਚੋਣਾਂ ਕਿਉਂ ਨਹੀਂ ਕਰਵਾਈਆਂ ਜਾ ਰਹੀਆਂ। ਪਿਛਲੀ ਵਾਰ ਸ਼੍ਰੋਮਣੀ ਕਮੇਟੀ ਦੀ ਚੋਣ ਲੜ ਚੁੱਕੇ ਅਜਨਾਲਾ ਦੇ ਬਲਦੇਵ ਸਿੰਘ ਸਿਰਸਾ ਨੇ ਐਡਵੋਕੇਟ ਜਤਿੰਦਰਜੀਤ ਕੌਰ ਤੇ ਈਸ਼ ਪੁਨੀਤ ਸਿੰਘ ਰਾਹੀਂ ਪਟੀਸ਼ਨ ਦਾਖਲ ਕਰਕੇ ਹਾਈਕੋਰਟ ਨੂੰ ਜਾਣੂ ਕਰਵਾਇਆ ਸੀ ਕਿ 16 ਦਸੰਬਰ, 2011 ਨੂੰ ਕੇਂਦਰ ਸਰਕਾਰ ਨੇ ਬੋਰਡ ਦੇ ਗਠਨ ਦੀ ਨੋਟੀਫਿਕੇਸ਼ਨ ਕੀਤੀ ਸੀ, ਇਸ ਲਿਹਾਜ਼ ਨਾਲ 16 ਦਸੰਬਰ, 2016 ਨੂੰ ਬੋਰਡ ਦੀ ਮਿਆਦ ਖ਼ਤਮ ਹੋ ਚੁੱਕੀ ਹੈ, ਕਿਉਂਕਿ ਚੋਣਾਂ ਪੰਜ ਸਾਲ ਲਈ ਕਰਵਾਈਆਂ ਜਾਂਦੀਆਂ ਹਨ। ਕਿਹਾ ਸੀ ਕਿ ਇਹ ਮਿਆਦ ਪੂਰੀ ਹੋਣ ਉਪਰੰਤ ਕੇਂਦਰ ਸਰਕਾਰ ਤੇ ਚੋਣ ਕਮਿਸ਼ਨ ਨੂੰ ਪੱਤਰ ਦੇ ਕੇ ਚੋਣ ਕਰਵਾਉਣ ਦੀ ਮੰਗ ਕੀਤੀ ਗਈ ਪਰ ਚੋਣਾਂ ਸਬੰਧੀ ਕੋਈ ਹਿਲਜੁਲ ਨਾ ਹੋਣ ਕਰਕੇ ਹੀ ਆਖ਼ਰ ਹਾਈਕੋਰਟ ਵਿਚ ਪਟੀਸ਼ਨ ਦਾਖਲ ਕਰਨੀ ਪਈ। ਪਟੀਸ਼ਨ ਵਿਚ ਮੰਗ ਕੀਤੀ ਗਈ ਸੀ ਕਿ ਕੇਂਦਰ ਸਰਕਾਰ ਨੂੰ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਲਈ ਨੋਟੀਫਿਕੇਸ਼ਨ ਜਾਰੀ ਕਰਨ ਦੀ ਹਦਾਇਤ ਕੀਤੀ ਜਾਵੇ ਤੇ ਚੋਣਾਂ ਸਬੰਧੀ ਪਟੀਸ਼ਨਰ ਵੱਲੋਂ ਕੇਂਦਰ ਸਰਕਾਰ ਤੇ ਗੁਰਦੁਆਰਾ ਚੋਣ ਕਮਿਸ਼ਨ ਨੂੰ ਦਿੱਤੇ ਮੰਗ ਪੱਤਰ 'ਤੇ ਫ਼ੈਸਲਾ ਲੈਣ ਲਈ ਕਿਹਾ ਜਾਵੇ ਤੇ ਹਾਈਕੋਰਟ ਕੋਈ ਹੋਰ ਢੁੱਕਵਾਂ ਹੁਕਮ ਪਾਸ ਕਰੇ।






# ਪਨਾਮਾਗੇਟ ਮਾਮਲੇ 'ਚ ਨਵਾਜ਼ ਸ਼ਰੀਫ਼ ਨੂੰ ਫੌਰੀ ਰਾਹਤ

### *ਪ੍ਰਧਾਨ ਮੰਤਰੀ ਦੀ ਕੁਰਸੀ ਤਾਂ ਬਚੀ ਪਰ ਜਾਂਚ ਰਹੇਗੀ ਜਾਰੀ*

**ਇਸਲਾਮਾਬਾਦ/ਬਿਊਰੋ ਨਿਊਜ਼ :** ਪਾਕਿਸਤਾਨ ਦੇ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਦੀ ਕੁਰਸੀ ਉਦੋਂ ਵਾਲ-ਵਾਲ ਬਚ ਗਈ, ਜਦੋਂ ਮੁਲਕ ਦੀ ਸੁਪਰੀਮ ਕੋਰਟ ਨੇ ਪਨਾਮਾ ਗੇਟ ਆਧਾਰਤ



ਭ੍ਰਿਸ਼ਟਾਚਾਰ ਦੇ ਮਾਮਲੇ ਵਿੱਚ ਉਨ੍ਹਾਂ ਨੂੰ ਅਹੁਦੇ ਤੋਂ ਲਾਹੁਣ ਲਈ ਸਬੂਤਾਂ ਨੂੰ 'ਨਾਕਾਫ਼ੀ' ਕਰਾਰ ਦੇ ਦਿੱਤਾ। ਅਦਾਲਤ ਨੇ ਉਨ੍ਹਾਂ ਨੂੰ ਦੋਸ਼ਾਂ ਤੋਂ ਬਰੀ ਵੀ ਨਹੀਂ ਕੀਤਾ, ਸਗੋਂ ਸ਼ਰੀਫ਼ ਪਰਿਵਾਰ ਖ਼ਿਲਾਫ਼ ਦੋਸ਼ਾਂ ਦੀ ਜਾਂਚ ਲਈ ਸਾਂਝੀ ਜਾਂਚ ਟੀਮ (ਜੇਆਈਟੀ) ਕਾਇਮ ਕਰਨ ਦਾ ਹੁਕਮ ਦਿੱਤਾ ਹੈ। ਇਸ ਮਾਮਲੇ ਵਿਚ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼, ਉਨ੍ਹਾਂ ਦੀ ਬੇਟੀ ਮਰੀਅਮ ਨਵਾਜ਼, ਬੇਟੇ ਹਸਨ ਨਵਾਜ਼ ਤੇ ਹੁਸੈਨ ਨਵਾਜ਼, ਸ਼ਰੀਫ਼ ਦੇ ਜਵਾਈ ਮੁਹੰਮਦ ਸਫਦਰ ਤੇ ਵਿਤ ਮੰਤਰੀ ਇਸ਼ਾਕ ਡਾਰ ਸ਼ਾਮਲ ਹਨ। ਸੁਪਰੀਮ ਕੋਰਟ ਨੇ ਸ੍ਰੀ ਸ਼ਰੀਫ਼ (67) ਤੇ ਉਨ੍ਹਾਂ ਦੇ ਪੁੱਤਰਾਂ- ਹਸਨ ਤੇ ਹੁਸੈਨ ਨੂੰ ਜੇਆਈਟੀ ਅੱਗੇ ਪੇਸ਼ ਹੋਣ ਦਾ ਹੁਕਮ ਦਿੱਤਾ ਹੈ। ਜੇਆਈਟੀ ਵਿੱਚ ਫੈਡਰਲ ਜਾਂਚ ਏਜੰਸੀ, ਕੌਮੀ ਜਵਾਬਦੇਹੀ ਬਿਊਰੋ, ਪਾਕਿਸਤਾਨ ਸਕਿਊਰਿਟੀ ਐਕਸਚੇਂਜ ਕਮਿਸ਼ਨ, ਆਈਐਸਆਈ ਅਤੇ ਮਿਲਟਰੀ ਇੰਟੈਲੀਜੈਂਸ ਦੇ ਅਧਿਕਾਰੀ ਸ਼ਾਮਲ ਹੋਣਗੇ। ਜੇਈਟੀ ਨੂੰ ਦੋ ਮਹੀਨਿਆਂ ਵਿੱਚ ਜਾਂਚ ਪੂਰੀ ਕਰਨ ਲਈ ਕਿਹਾ ਗਿਆ ਹੈ। ਜਸਟਿਸ ਆਸਿਫ਼ ਸਈਦ ਖੋਸਾ, ਗੁਲਜ਼ਾਰ ਅਹਿਮਦ, ਇਜਾਜ਼ ਅਫ਼ਜ਼ਲ ਖ਼ਾਨ, ਅਜ਼ਮਤ ਸਈਦ ਅਤੇ ਇਜਾਜ਼ੁਲ ਅਹਿਸਨ ਦੇ ਪੰਜ ਮੈਂਬਰੀ ਬੈਂਚ ਨੇ 547 ਸਫ਼ਿਆਂ ਦਾ ਇਹ ਇਤਿਹਾਸਕ ਫ਼ੈਸਲਾ ਸੁਣਵਾਈ ਪੂਰੀ ਹੋਣ ਦੇ 57 ਦਿਨਾਂ ਬਾਅਦ ਸੁਣਵਾਇਆ। ਫ਼ੈਸਲਾ ਲਿਖਦਿਆਂ ਤਿੰਨ ਜੱਜਾਂ ਜਸਟਿਸ ਅਫ਼ਜ਼ਲ, ਅਜ਼ਮਤ ਤੇ ਅਹਿਸਨ ਨੇ ਸ੍ਰੀ ਸ਼ਰੀਫ਼ ਦਾ ਬਚਾਅ ਕੀਤਾ, ਜਦੋਂਕਿ ਜਸਟਿਸ ਖੋਸਾ ਤੇ ਗੁਲਜ਼ਾਰ ਨੇ ਅਸਹਿਮਤੀ ਨੋਟ ਦਿੰਦਿਆਂ ਸ੍ਰੀ ਸ਼ਰੀਫ਼ ਨੂੰ ਪਟੀਸ਼ਨਰ ਦੀ ਮੰਗ ਮੁਤਾਬਕ ਅਹੁਦੇ ਤੋਂ ਲਾਹੁਣ ਦੀ ਹਮਾਇਤ ਕੀਤੀ।

ਇਹ ਕੇਸ ਸ੍ਰੀ ਸ਼ਰੀਫ਼ ਵੱਲੋਂ 1990ਵਿਆਂ ਵਿੱਚ ਦੋ ਵਾਰ ਦੇਸ਼ ਦੇ ਪ੍ਰਧਾਨ ਮੰਤਰੀ ਹੁੰਦਿਆਂ ਲੰਡਨ ਵਿੱਚ ਅਸਾਸੇ ਖ਼ਰੀਦਣ ਲਈ ਕਾਲੇ ਧਨ ਨੂੰ ਚਿੱਟਾ ਬਣਾਉਣ ਨਾਲ ਸਬੰਧਤ ਹੈ। ਇਹ ਮਾਮਲਾ ਬੀਤੇ ਸਾਲ ਲੀਕ ਹੋਏ ਪਨਾਮਾ ਦਸਤਾਵੇਜ਼ਾਂ ਵਿੱਚ ਸਾਹਮਣੇ ਆਇਆ ਸੀ। ਇਸ ਮਾਮਲੇ ਸਬੰਧੀ ਪਾਕਿਸਤਾਨ ਤਹਿਰੀਕ-ਏ-ਇਨਸਾਫ਼ ਦੇ ਮੁਖੀ ਇਮਰਾਨ ਖ਼ਾਨ ਤੇ ਹੋਰਨਾਂ ਨੇ ਪਟੀਸ਼ਨਾਂ ਦਾਇਰ ਕੀਤੀਆਂ ਸਨ। ਉਧਰ ਪਾਕਿਸਤਾਨ ਤਹਿਰੀਕ-ਏ-ਇਨਸਾਫ਼ ਦੇ ਮੁਖੀ ਇਮਰਾਨ ਖ਼ਾਨ ਨੇ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਤੋਂ ਇਖ਼ਲਾਕੀ ਆਧਾਰ ਉਤੇ ਅਸਤੀਫ਼ੇ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ, "ਸ੍ਰੀ ਸ਼ਰੀਫ਼ ਫ਼ੌਰੀ ਅਸਤੀਫ਼ਾ ਦੇਣ, ਕਿਉਂਕਿ ਉਨ੍ਹਾਂ ਨੇ ਮੁਲਕ 'ਤੇ ਹਕੂਮਤ ਕਰਨ ਦਾ ਇਖ਼ਲਾਕੀ ਹੱਕ ਗੁਆ ਲਿਆ ਹੈ।"

# ਓਂਟਾਰੀਓ ਦੇ ਬਲਜੀਵਨ ਸੰਧੂ ਨੇ ਜਿੱਤਿਆ ਨਸਲੀ ਵਿਤਕਰੇ ਦਾ ਕੇਸ

**ਟੋਰਾਂਟੋ/ਬਿਊਰੋ ਨਿਊਜ਼ :** ਓਂਟਾਰੀਓ ਦੇ ਮਨੁੱਖੀ ਅਧਿਕਾਰ ਟ੍ਰਿਬਿਊਨਲ ਨੇ ਆਪਣੇ ਇਕ ਫ਼ੈਸਲੇ ਵਿਚ ਕਿਹਾ ਹੈ ਕਿ ਪੁਲੀਸ ਵਿਭਾਗ ਨੇ ਸਟਾਫ਼ ਸਾਰਜੈਂਟ ਬਲਜੀਵਨ ਸੰਧੂ ਨਾਲ ਨਸਲੀ ਵਿਤਕਰਾ ਕਰਕੇ ਉਸ ਦੀ ਤਰੱਕੀ ਰੋਕੀ ਹੈ। ਬਲਜੀਵਨ ਸੰਧੂ ਲਗਭਗ 28 ਸਾਲਾਂ ਤੋਂ ਪੀਲ ਜ਼ਿਲ੍ਹੇ ਵਿਚ ਪੁਲੀਸ ਮੁਲਾਜ਼ਮ ਹੈ ਤੇ 2013 ਤੋਂ ਆਪਣੀ ਬਣਦੀ ਤਰੱਕੀ ਨੂੰ ਉਡੀਕ ਰਿਹਾ ਹੈ। ਸੂਬਾਈ ਮਨੁੱਖੀ ਅਧਿਕਾਰ ਟ੍ਰਿਬਿਊਨਲ ਦੇ ਜੱਜ ਨੇ ਆਪਣੇ ਫੈਸਲੇ ਵਿਚ ਦਰਜ ਕੀਤਾ ਹੈ ਕਿ ਨਸਲ ਤੇ ਪਿਛੋਕੜ ਦੇ ਅਧਾਰ 'ਤੇ ਸੰਧੂ ਦੀ ਤਰੱਕੀ ਰੋਕ ਕੇ ਉਸ ਨਾਲ ਜ਼ਿਆਦਤੀ ਕੀਤੀ ਗਈ ਹੈ। ਬੀ.ਜੇ. ਸੰਧੂ ਨੂੰ ਸਥਾਨਕ ਪੁਲੀਸ ਫ਼ੋਰਸ ਵਿੱਚ ਮਿਹਨਤੀ ਅਫ਼ਸਰਾਂ ਵਿੱਚ ਗਿਣਿਆ ਜਾਂਦਾ ਹੈ। ਉਨ੍ਹਾਂ ਡਰੱਗ ਤੇ ਹੱਤਿਆ ਨਾਲ ਸਬੰਧਤ ਕਈ ਗੁੰਝਲਦਾਰ ਕੇਸਾਂ ਵਿੱਚ ਅਹਿਮ ਯੋਗਦਾਨ



ਪਾ ਕੇ ਕਈ ਮਾਣ-ਸਨਮਾਨ ਹਾਸਲ ਕੀਤੇ ਹਨ। ਬੀ.ਜੇ. ਸੰਧੂ ਨੂੰ ਤਰੱਕੀ ਲਈ 33 ਅਫ਼ਸਰਾਂ ਦੀ ਸੂਚੀ ਵਿੱਚ ਰੱਖਿਆ ਤਾਂ ਗਿਆ ਸੀ ਪਰ ਢੁੱਕਵਾਂ ਤਜਰਬਾ ਹੋਣ ਦੇ ਬਾਵਜੂਦ ਤਰੱਕੀ ਨਹੀਂ ਦਿੱਤੀ ਗਈ। ਟ੍ਰਿਬਿਊਨਲ ਨੇ ਪੁਲੀਸ ਮਹਿਕਮੇ ਨੂੰ ਝਾੜ ਪਾਉਂਦਿਆਂ ਕਿਹਾ ਕਿ ਕਿਸੇ ਅਫ਼ਸਰ ਨੂੰ ਉਸ ਦੀ ਕਾਰਗੁਜ਼ਾਰੀ ਦੇ ਆਧਾਰ 'ਤੇ ਤਰੱਕੀ ਦੇਣ ਦੀ ਬਜਾਏ ਇੰਝ ਵਿਤਕਰਾ ਕੀਤੇ ਜਾਣਾ ਨਿੰਦਣਯੋਗ ਹੈ। ਸੰਧੂ ਨੇ ਸੁਣਵਾਈ ਦੌਰਾਨ ਅਦਾਲਤ ਨੂੰ ਦੱਸਿਆ ਕਿ ਉਸ ਨਾਲ ਸ਼ੁਰੂ ਤੋਂ ਹੀ ਵਿਤਕਰਾ ਹੋ ਰਿਹਾ ਹੈ ਤੇ ਉਹ ਕਈ ਵਾਰ ਅਫ਼ਸਰਾਂ ਦੀ ਹਉਮੈ ਦਾ ਸ਼ਿਕਾਰ ਹੋ ਚੁੱਕਿਆ ਹੈ। ਭਾਰਤੀ ਮੂਲ ਦੇ ਇਸ ਪੁਲੀਸ ਅਧਿਕਾਰੀ ਨੇ ਟ੍ਰਿਬਿਊਨਲ ਤੋਂ ਬਣਦੀ ਤਰੱਕੀ ਤੇ ਦਸ ਲੱਖ ਡਾਲਰਾਂ ਦਾ ਹਰਜਾਨਾ ਮੰਗਿਆ ਸੀ। ਪੀਲ ਪੁਲੀਸ ਬੋਰਡ ਦੇ ਚੇਅਰਮੈਨ ਅਮਰੀਕ ਸਿੰਘ ਆਹਲੂਵਾਲੀਆ ਨੇ ਕਿਹਾ ਕਿ ਸੰਧੂ ਨੂੰ ਉਸ ਦੀਆਂ ਸੇਵਾਵਾਂ ਤੇ ਤਜਰਬੇ ਦੇ ਆਧਾਰ 'ਤੇ ਤਰੱਕੀ ਦੇਣ ਸਬੰਧੀ ਹੋਈਆਂ ਤਰੁੱਟੀਆਂ ਦੂਰ ਕਰਨ ਲਈ ਜਾਂਚ ਬਿਠਾਈ ਗਈ ਹੈ।

# ਗੁਰਦੁਆਰਾ ਸਿੱਖ ਟੈਂਪਲ ਗਾਰਲੈਂਡ ਵਿਖੇ ਖੇਡ ਮੇਲਾ ਕਰਵਾਇਆ





**ਡੈਲਸ (ਟੈਕਸਸ)/ ਹਰਜੀਤ ਸਿੰਘ ਢੇਸੀ:** ਸਥਾਨਕ ਸਿੱਖ ਟੈਂਪਲ ਗਾਰਲੈਂਡ ਵਿਖੇ ਸਤਾਰਵਾਂ ਵਿਰਾਸਤੀ ਖੇਡ ਮੇਲਾ ਕਰਵਾਇਆ ਗਿਆ ਜਿਸ ਵਿਚ ਭਾਰੀ ਗਿਣਤੀ ਵਿਚ ਖੇਡ ਪ੍ਰੇਮੀਆਂ ਨੇ ਪਹੁੰਚ ਕੇ ਪੂਰਾ ਦਿਨ ਇਸ ਦਾ ਆਨੰਦ ਮਾਣਿਆ ਇਸ ਖੇਡ ਮੇਲੇ ਵਿਚ ਰੱਸਾ ਕੱਸੀ, ਸ਼ਾਟ ਪੁੱਟ, ਵਾਲੀਬਾਲ, ਦੌੜਾਂ, ਕਬੱਡੀ, ਮਿਊਜੀਕਲ ਚੇਅਰ ਅਤੇ ਬੱਚਿਆਂ ਦੀਆਂ ਖੇਡਾਂ ਕਰਵਾਈਆ ਗਈਆਂ। ਖਿਡਾਰੀਆਂ ਨੇ ਖੇਡ ਕਲਾ ਦਾ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਦਰਸ਼ਕਾਂ ਦੀ ਵਾਹ ਵਾਹ ਖੱਟੀ। ਇਸ ਮੇਲੇ ਵਿਚ ਖਿਡਾਰੀਆਂ ਨੂੰ ਹਜ਼ਾਰਾਂ ਡਾਲਰ ਨਕਦ ਇਨਾਮ ਦਿੱਤੇ ਗਏ। ਖੇਡ ਮੇਲੇ ਵਿਚ ਪ੍ਰਮੁੱਖ ਮੁਕਾਬਲੇ ਕਬੱਡੀ ਤੇ ਵਾਲੀਬਾਲ ਦੀਆਂ ਟੀਮਾਂ ਦੇ ਹੋਏ ਕਬੱਡੀ ਵਿਚ ਡੈਲਸ ਦੀ ਟੀਮ ਨੇ ਮਿਲਵਾਕੀ ਦੀ ਟੀਮ ਨੂੰ ਸਖ਼ਤ ਮੁਕਾਬਲੇ ਨਾਲ ਹਰਾ ਕੇ ਪਹਿਲਾ ਸਥਾਨ ਪ੍ਰਾਪਤ ਕੀਤਾ. ਵਾਲੀਬਾਲ ਵਿਚ ਅਮੀਗੋ ਟੀਮ ਜੇਤੂ ਰਹੀ ਕਬੱਡੀ ਦੇ ਮੈਚਾਂ ਦਾ ਸਾਰਾ ਖਰਚਾ ਸਥਾਨਕ ਡੀ ਐਫ ਡਬਲਿਓ ਇੰਟਰਨੈਸ਼ਨਲ ਸਪੋਟਸ ਕਲੱਬ ਵੱਲੋਂ ਕੀਤਾ ਗਿਆ। ਅਵਾਰਡ ਧਾਲੀਵਾਲ ਲੈਬ ਵੱਲੋਂ ਦਿੱਤੇ ਗਏ ਵਾਲੀਵਾਲ ਦਾ ਪਹਿਲਾ ਇਨਾਮ ਰਣਧੀਰ ਗਿੱਲ ਵੱਲੋਂ ਅਤੇ ਦੂਸਰਾ ਰੰਧਾਵਾ ਬਰਦਰਜ਼ ਵੱਲੋਂ ਦਿੱਤਾ ਗਿਆ ਇਸ ਮੇਲੇ ਨੂੰ ਸਫ਼ਲ ਬਣਾਉਣ ਵਿਚ ਕਰੀਨਾ ਕੁਲਫ਼ੀ, ਜੈਜ ਇੰਨਟਰਟੇਨਮਿੰਟ, ਤਾਜ ਐਕਸ ਪਰਿਸ, ਮਹਾਰਾਜਾ ਇੰਡੀਆ ਕੁਜੀਨ ਦਵਿੰਦਰ ਤੂਰ ਅਤੇ ਅਮਰੀਕਨ ਪ੍ਰੈਸ ਕਲੱਬ ਨੇ ਵਿਸ਼ੇਸ਼ ਯੋਗਦਾਨ ਪਾਇਆ । ਇਸ ਮੌਕੇ ਸਟੇਜ ਤੋਂ ਗੁਰਦਾਵਰ ਦੋਸਾਂਝ ਅਤੇ ਮਨਧੀਰ ਬੱਲ ਨੇ ਰੋਚਕ ਕੁਮੈਂਟਰੀ ਰਾਹੀਂ ਖੇਡ ਪ੍ਰੇਮੀਆਂ ਦਾ ਮਨੋਰੰਜਨ ਕੀਤਾ. ਹਰਜੀਤ ਰੰਧਾਵਾ ਨੇ ਪ੍ਰਬੰਧਕੀ ਕਮੇਟੀ ਦੀ ਤਰਫੋਂ ਸਭ ਸਹਿਯੋਗੀਆਂ ਦਾ ਧੰਨਵਾਦ ਕੀਤਾ।

# ਕਾਂਗਰਸ ਸਮਰਥਕਾਂ ਨੇ ਕੈਪਟਨ ਅਮਰਿੰਦਰ ਸਿੰਘ ਦੀ ਜਿੱਤ ਦੀ ਖ਼ੁਸ਼ੀ ਸਾਂਝੀ ਕੀਤੀ





**ਫਰਿਜ਼ਨੋ/(ਕੁਲਵੰਤ ਧਾਲੀਆਂ/ਨੀਟਾ ਮਾਛੀਕੇ):** ਇੰਡੀਅਨ ਓਵਰਸੀਜ਼ ਕਾਂਗਰਸ ਸੈਂਟਰਲ ਕੈਲੀਫੋਰਨੀਆ, ਫਰਿਜ਼ਨੋ ਇਕਾਈ ਵੱਲੋਂ ਇੱਥੇ ਸਮੂਹ ਪਾਰਟੀ ਸਮਰਥਕਾਂ ਨੂੰ ਕੈਪਟਨ ਅਮਰਿੰਦਰ ਸਿੰਘ ਦੀ ਜਿੱਤ ਅਤੇ ਕਾਂਗਰਸ ਦੀ ਸਰਕਾਰ ਬਣਨ ਦੀ ਖ਼ੁਸ਼ੀ ਵਿਚ ਵਿਸ਼ੇਸ਼ ਪਾਰਟੀ ਦਿੱਤੀ ਗਈ। ਇਸ ਦੌਰਾਨ ਹਾਜ਼ਰੀਨ ਨੂੰ ਜੀ ਆਇਆ ਕਹਿੰਦੇ ਹੋਏ ਚਰਨ ਸਿੰਘ ਗੁਰਮ ਨੇ ਪੰਜਾਬ ਅੰਦਰ ਮੌਜੂਦਾ ਮਾਹੌਲ ਦੀ ਗੱਲ ਕੀਤੀ। ਇਸ ਉਪਰੰਤ ਜਸਦੀਪ ਸਿੰਘ ਵੜੈਚ ਨੇ ਵਿਚਾਰਾਂ ਦੀ ਸਾਂਝ ਪਾਈ। ਸਥਾਨਕ ਕਾਂਗਰਸ ਇਕਾਈ ਦੇ ਮੁੱਖ ਆਗੂ ਅਤੇ ਸਮਾਜਿਕ ਗਤੀਵਿਧੀਆਂ ਵਿਚ ਹਮੇਸ਼ਾ ਹਿੱਸਾ ਲੈਣ ਵਾਲੇ ਮੁੱਖ ਆਗੂ ਪਾਲ ਸਿੰਘ ਸਹੋਤਾ ਨੇ ਸਭ ਸਹਿਯੋਗੀਆਂ ਦਾ ਇੱਥੇ ਪਹੁੰਚਣ 'ਤੇ ਧੰਨਵਾਦ ਕੀਤਾ ਅਤੇ ਕੈਪਟਨ ਵਲੋਂ ਪਰਵਾਸੀਆਂ ਲਈ ਕੀਤੇ ਜਾਣ ਵਾਲੇ ਕੰਮਾਂ ਦਾ ਜ਼ਿਕਰ ਕੀਤਾ। ਪੰਜਾਬ ਅੰਦਰ ਕਿਸਾਨਾਂ ਦੀ ਪੀੜਾ ਨੂੰ ਬਿਆਨ ਕਰਦਿਆਂ ਮੰਗਲ ਸਿੰਘ ਸਰਪੰਚ ਨੇ ਗੀਤ ਗਾਇਆ ਅਤੇ ਆਰਥਿਕ ਮਦਦ ਭੇਜਣ ਲਈ ਕਿਹਾ।

ਇਕ ਸਾਲ ਪਹਿਲਾਂ ਕੈਪਟਨ ਅਮਰਿੰਦਰ ਸਿੰਘ ਇਸੇ ਸ਼ਹਿਰ ਵਿਚ ਰੈਲੀ ਨੂੰ ਸੰਬੋਧਨ ਕਰਦੇ ਹੋਏ ਕੁੱਝ ਵਾਅਦੇ ਕਰਕੇ ਗਏ ਸਨ, ਜਿਨ੍ਹਾਂ ਨੂੰ ਪੂਰਾ ਕਰਨ ਲਈ ਵਿਚਾਰ-ਚਰਚਾ ਵੀ ਹੋਈ।

# ਕਰੱਦਰਜ਼ ਵਿਖੇ ਵਿਸਾਖੀ ਮੇਲੇ 'ਤੇ ਪੰਜਾਬੀਆਂ ਨੇ ਪਾਈਆਂ ਧਮਾਲਾਂ






**ਫਰਿਜ਼ਨੋ/(ਕੁਲਵੰਤ ਉੱਭੀ ਧਾਲੀਆਂ/ਨੀਟਾ ਮਾਛੀਕੇ) :** ਕਰੱਦਰਜ਼ ਸ਼ਹਿਰ ਦੇ ਗੁਰੂਘਰ ਦੀਆਂ ਖੁੱਲ੍ਹੇ ਗਰਾਊਂਡ ਵਿਚ ਬੱਚਿਆਂ ਨੂੰ ਪੰਜਾਬੀ ਸਭਿਆਚਾਰ ਨਾਲ ਜੋੜਦੇ ਹੋਏ 24ਵਾਂ ਵਿਸਾਖੀ ਮੇਲਾ ਬੜੀ ਧੂਮ-ਧਾਮ ਨਾਲ ਮਨਾਇਆ ਗਿਆ। ਸਭ ਤੋਂ ਪਹਿਲਾਂ ਗੁਰੂਘਰ ਵਿਚ ਧਾਰਮਿਕ ਪ੍ਰੋਗਰਾਮ ਹੋਏ। ਲੰਗਰ ਅਤੇ ਅਖੰਡ ਪਾਠ ਦੀ ਸੇਵਾ 'ਬਾਠ ਫਾਰਮ' ਦੇ ਸਮੂਹ ਪੰਜਾਬੀ ਵਰਕਰਾਂ ਨੇ ਨਿਭਾਈ। ਇਸ ਤੋਂ ਬਾਅਦ ਬੱਚਿਆਂ ਅਤੇ ਬਜ਼ੁਰਗਾਂ ਦੇ ਦੌੜ ਮੁਕਾਬਲੇ ਹੋਏ। ਬੱਚਿਆਂ ਵੱਲੋਂ ਬਾਸਕਟ ਬਾਲ ਦੇ ਮੈਚ ਵੀ ਹੋਏ। ਮੇਲੇ ਵਿਚ ਖਾਣਿਆਂ ਅਤੇ ਖੇਡਾਂ ਦੇ ਸਟਾਲ, ਦੇਸੀ ਪੰਜਾਬੀ ਘਰ 'ਸੁੱਖ ਆਲ੍ਹਣਾ' ਦੀ ਪ੍ਰਦਰਸ਼ਨੀ, ਮੁਫ਼ਤ ਡਾਕਟਰੀ ਕੈਂਪ, ਚੰਡੋਲ, ਰਾਈਡਾਂ ਬੱਚਿਆਂ ਦਾ ਮਨੋਰੰਜਨ ਕਰ ਰਹੇ ਸਨ। ਦਸਤਾਰ ਸਜਾਉਣ ਅਤੇ ਲੰਮੇ ਵਾਲਾਂ ਦੇ ਮੁਕਾਬਲੇ ਵੀ ਹੋਏ। ਮੇਲੇ ਦੀ ਸ਼ੁਰੂਆਤ ਯਮਲਾ ਜੱਟ ਦੇ ਸ਼ਾਗਿਰਦ ਗਾਇਕ ਰਾਜ ਬਰਾੜ ਨੇ ਕੀਤੀ। ਸਾਹੋਕੇ ਵਾਲੇ ਕਵੀਸ਼ਰੀ ਜਥੇ ਅਤੇ ਜਗਦੇਵ ਸਿੰਘ ਧੰਜਲ ਨੇ ਵੀਰ ਰਸ ਬੰਨ੍ਹਿਆ। ਪੰਜਾਬ ਦੀ ਉੱਚੀ ਹੇਕ ਦੀ ਮਲਕਾ ਬੀਬੀ ਜੋਤ ਰਣਜੀਤ ਨੇ ਸਿੱਖਾਂ ਦੀ ਬਹਾਦਰੀ ਦਾ ਇਤਿਹਾਸ ਸਾਂਝਾ ਕੀਤਾ। ਪਿਸ਼ੌਰਾ ਸਿੰਘ ਢਿੱਲੋਂ ਨੇ ਕਵਿਤਾ ਦਾ ਪਾਠ ਅਤੇ ਨੌਜਵਾਨ ਗਾਇਕ ਪਵਨ ਸਿੰਘ ਨੇ ਵੀ ਗੀਤ ਗਾਏ। ਗਾਇਕ ਧਰਮਵੀਰ ਥਾਂਦੀ ਨੇ ਆਪਣੀ ਬੁਲੰਦ ਆਵਾਜ਼ ਰਾਹੀਂ ਹਾਜ਼ਰੀਨ ਦਾ ਖ਼ੂਬ ਮਨੋਰੰਜਨ ਕੀਤਾ। ਪੰਜਾਬੀ ਮਾਂ ਬੋਲੀ ਦੀ ਸੇਵਾ ਕਰ ਰਹੀਆਂ ਸ਼ਖ਼ਸੀਅਤਾਂ ਵਿਚ ਉਸਤਾਦ ਕਵੀ ਹਰਜਿੰਦਰ ਕੰਗ, ਗੀਤਕਾਰ ਅਤੇ ਕਵੀ ਸੁੱਖੀ ਧਾਲੀਵਾਲ, ਕਵੀ ਪਿਸ਼ੌਰਾ ਸਿੰਘ ਢਿੱਲੋਂ ਅਤੇ ਧਰਮਵੀਰ ਥਾਂਦੀ ਦਾ ਸਨਮਾਨ ਕੀਤਾ ਗਿਆ। ਕਰਦਰਜ਼ ਦੀਆਂ ਕੁੜੀਆਂ ਵੱਲੋਂ ਗਿੱਧਾ, ਸਾਡਾ ਵਿਰਸਾ ਗਰੁੱਪ, ਜੀ.ਐਚ. ਜੀ. ਡਾਂਸ ਅਕੈਡਮੀ ਅਤੇ ਗਿੱਧੇ-ਭੰਗੜੇ ਦੀਆਂ ਹੋਰਨਾਂ ਟੀਮਾਂ ਨੇ ਸ਼ਿਰਕਤ ਕਰਕੇ ਪੰਜਾਬੀਅਤ ਦਾ ਰੰਗ ਬੰਨ੍ਹਿਆ। ਅਵਤਾਰ ਸਿੰਘ ਗਿੱਲ, ਜਸਵਿੰਦਰ ਸਿੰਘ ਗਰੇਵਾਲ, ਡਾ. ਸ਼ਰਨਜੀਤ ਸਿੰਘ ਪੁਰੇਵਾਲ, ਸੁਖਦੇਵ ਸਿੰਘ ਚੀਮਾ, ਬਲਰਾਜ ਸਿੰਘ ਬਰਾੜ, ਜੋਗਿੰਦਰ ਸਿੰਘ ਧਾਲੀਵਾਲ ਨੇ ਪ੍ਰਬੰਧਕਾਂ ਅਤੇ ਮੇਲੀਆਂ ਦਾ ਧੰਨਵਾਦ ਕੀਤਾ। ਸਟੇਜ ਸੰਚਾਲਨ ਸ੍ਰੀਮਤੀ ਆਸ਼ਾ ਸ਼ਰਮਾ ਅਤੇ ਬਲਵੀਰ ਸਿੰਘ ਢਿੱਲੋਂ ਨੇ ਕੀਤਾ। ਪ੍ਰੋਗਰਾਮ ਵਿਚ ਹਿੱਸਾ ਲੈਣ ਵਾਲੇ ਬੱਚਿਆਂ ਨੂੰ ਸਨਮਾਨਿਤ ਵੀ ਕੀਤਾ ਗਿਆ। ਪ੍ਰਬੰਧਕਾਂ ਵੱਲੋਂ ਫ਼ਰੀ ਪਾਰਕਿੰਗ, ਚਾਹ-ਪਕੌੜਿਆਂ, ਲੱਡੂ, ਜਲੇਬੀਆਂ ਅਤੇ ਮਠਿਆਈਆਂ ਦੇ ਪ੍ਰਬੰਧ ਕੀਤੇ ਗਏ ਸਨ।

ਸਫ਼ਾ ਇਕ ਦੀ ਬਾਕੀ

## 'ਦੀ ਬਲੈਕ ਪ੍ਰਿੰਸ' ਫ਼ਿਲਮ ਲਈ ਸਤਿੰਦਰ ਸਰਤਾਜ ਦੀ ਝੋਲੀ 'ਚ ਪਿਆ ਇਕ ਹੋਰ ਪੁਰਸਕਾਰ

ਵਿਚ ਸਤਿੰਦਰ ਸਰਤਾਜ ਦੀ ਅਦਾਕਾਰੀ ਨੂੰ ਬੇਹੱਦ ਸਲਾਹਿਆ ਗਿਆ। ਇਸ ਮੌਕੇ ਅੰਗਰੇਜ਼ ਦਰਸ਼ਕ ਵੱਡੀ ਗਿਣਤੀ ਵਿਚ ਹਾਜ਼ਰ ਸਨ। ਜ਼ਿਕਰਯੋਗ ਹੈ ਕਿ ਪਿਛਲੇ ਮਹੀਨੇ ਗਲੋਬਲ ਫ਼ਿਲਮ ਕੰਪੀਟੀਸ਼ਨ, ਸਾਨ ਡਿਆਗੋ, ਅਮਰੀਕਾ ਵਿਚ ਸਰਤਾਜ ਨੇ ਬੈਸਟ ਡੈਬਿਊ ਐਵਾਰਡ ਜਿੱਤਿਆ ਸੀ। ਸਤਿੰਦਰ ਸਰਤਾਜ ਨੇ ਪੰਜਾਬ ਦੇ ਆਖ਼ਰੀ ਰਾਜਾ ਮਹਾਰਾਜਾ ਦਲੀਪ ਸਿੰਘ ਦੇ ਗੁੰਝਲਦਾਰ ਅਤੇ ਮੁਸ਼ਕਲਾਂ ਵਿਚ ਘਿਰੇ ਕਿਰਦਾਰ ਨੂੰ ਬਾਖ਼ੂਬੀ ਨਿਭਾਇਆ ਹੈ। ਉਸ ਦੀ ਅਦਾਕਾਰੀ ਦੀ ਹਰ ਪਾਸੇ ਸ਼ਲਾਘਾ ਹੋ ਰਹੀ ਹੈ। ਇਹ ਫ਼ਿਲਮ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਪੁੱਤਰ ਮਹਾਰਾਜਾ ਦਲੀਪ ਸਿੰਘ ਦੀ ਜ਼ਿੰਦਗੀ 'ਤੇ ਆਧਾਰਤ ਹੈ। ਫ਼ਿਲਮ ਦੀ ਪਟਕਥਾ ਹਾਲੀਵੁੱਡ ਦੇ ਲੇਖਕ ਤੇ ਨਿਰਦੇਸ਼ਕ ਕਵੀ ਰਾਜ਼ ਨੇ ਲਿਖੀ ਹੈ। ਫ਼ਿਲਮ ਦੀ ਸਕਰਿਪਟ ਨੂੰ ਵੀ ਲਾਸ ਏਂਜਲਸ ਫ਼ਿਲਮ ਫੈਸਟੀਵਲ ਦੌਰਾਨ 'ਬੈਸਟ ਸਕਰੀਨ ਪਲੇਅ' ਦਾ ਐਵਾਰਡ ਮਿਲ ਚੁੱਕਾ ਹੈ। ਸਤਿੰਦਰ ਸਰਤਾਜ ਨੇ ਉਸ ਨੂੰ ਇਹ ਰੋਲ ਦੇਣ ਅਤੇ ਸ਼ੂਟਿੰਗ ਦੌਰਾਨ ਪੂਰਾ ਸਹਿਯੋਗ ਦੇਣ ਲਈ ਡਾਇਰੈਕਟਰ ਕਵੀ ਰਾਜ਼, ਕੋਚ ਡੀ ਕੈਨਨ ਅਤੇ ਪੂਰੀ ਪ੍ਰੋਡਕਸ਼ਨ ਟੀਮ ਦਾ ਧੰਨਵਾਦ ਕੀਤਾ। 'ਦੀ ਬਲੈਕ ਪ੍ਰਿੰਸ' ਅਤੇ ਇਸ ਦੀ ਸਮੁੱਚੀ ਕ੍ਰਿਏਟਿਵ ਟੀਮ ਦੀ ਅਗਵਾਈ ਨਿਰਮਾਤਾ ਜਸਜੀਤ ਸਿੰਘ ਵਲੋਂ ਬਹੁਤ ਹੀ ਸੁਚੱਜੇ ਢੰਗ ਨਾਲ ਕੀਤੀ ਗਈ। ਉਨ੍ਹਾਂ ਦੀ ਮਿਹਨਤ ਸਦਕਾ ਹੀ ਫ਼ਿਲਮ ਨੂੰ ਏਨੇ ਇਨਾਮ-ਸਨਮਾਨ ਅਤੇ ਪ੍ਰਸੰਸਾ ਮਿਲ ਰਹੀ ਹੈ।

## ਦਿੱਲੀ ਕਾਰਪੋਰੇਸ਼ਨ ਚੋਣਾਂ 'ਚ ਭਾਜਪਾ ਦੀ ਵੱਡੀ ਜਿੱਤ...

ਅਨੁਸਾਰ ਸਾਰੇ ਹੀ ਇਲਾਕਿਆਂ ਵਿੱਚ ਭਾਰਤੀ ਜਨਤਾ ਪਾਰਟੀ ਨੇ ਬੜੇ ਵੱਡੇ ਫ਼ਰਕ ਨਾਲ ਜਿੱਤ ਵਲ ਅੱਗੇ ਵਧਦਿਆਂ ਦਿੱਲੀ ਸਰਕਾਰ ਉੱਤੇ ਕਾਬਜ਼ ਆਮ ਆਦਮੀ ਪਾਰਟੀ ਨੂੰ ਕਰਾਰੀ ਹਾਰ ਦਾ ਮੂੰਹ ਵਿਖਾਉਂਦਿਆਂ ਦੂਜੀ ਥਾਂ ਉੱਤੇ ਧੱਕ ਦਿੱਤਾ। ਦੂਜੇ ਪਾਸੇ ਕਿ ਕਾਂਗਰਸ ਤਾਂ ਮਸਾਂ ਤੀਜੇ ਥਾਂ ਬਚਾਉਂਦੀ ਨਜ਼ਰ ਆ ਰਹੀ ਸੀ। ਤਿੰਨਾਂ ਕਾਰਪੋਰੇਸ਼ਨਾਂ ਦੀਆਂ 270 ਸੀਟਾਂ ਦੀਆਂ ਵੋਟਾਂ ਦੀ ਗਿਣਤੀ ਬੁੱਧਵਾਰ ਸਵੇਰੇ ਸ਼ੁਰੂ ਹੋਈ। ਸਾਰੇ ਹਲਕਿਆਂ ਵਿੱਚ ਵੋਟਾਂ ਪੈਣ ਦਾ ਕੰਮ ਐਤਵਾਰ ਨੂੰ ਮੁਕੰਮਲ ਹੋਇਆ ਸੀ। ਆਖ਼ਰੀ ਖ਼ਬਰਾਂ ਮਿਲਣ ਵੇਲੇ ਤੱਕ ਉੱਤਰੀ ਦਿੱਲੀ ਦੇ 104 ਹਲਕਿਆਂ ਵਿਚੋਂ 103 ਹਲਕਿਆਂ ਦੇ ਰੁਝਾਨਾਂ ਅਨੁਸਾਰ ਭਾਜਪਾ ਨੇ 66 ਆਪ ਨੇ 21 ਅਤੇ ਕਾਂਗਰਸ ਨੇ 13 ਸੀਟਾਂ ਜਿੱਤੀਆਂ ਜਾਂ ਇਨ੍ਹਾਂ ਦੇ ਉਮੀਦਵਾਰ ਕਾਫ਼ੀ ਅੱਗੇ ਚੱਲ ਰਹੇ ਸਨ। ਬਾਕੀ 3 ਹਲਕਿਆਂ ਉੱਤੇ ਹੋਰ ਉਮੀਦਵਾਰ ਜੇਤੂ ਰਹੇ। ਪੂਰਬੀ ਦਿੱਲੀ ਦੇ 64 ਹਲਕਿਆਂ ਵਿਚੋਂ 63 ਹਲਕਿਆਂ ਦੇ ਰੁਝਾਨਾਂ ਅਨੁਸਾਰ ਭਾਜਪਾ 49 ਆਪ 9 ਤੇ ਕਾਂਗਰਸ 2 ਸੀਟਾਂ ਉੱਤੇ ਜੇਤੂ ਜਾਂ ਅੱਗੇ ਸੀ। ਬਾਕੀ 2 ਹਲਕਿਆਂ ਉੱਤੇ ਹੋਰ ਉਮੀਦਵਾਰ ਅੱਗੇ ਸਨ। ਦੱਖਣੀ ਦਿੱਲੀ ਦੇ 104 ਹਲਕਿਆਂ ਵਿਚੋਂ 103 ਹਲਕਿਆਂ ਦੇ ਰੁਝਾਨਾਂ ਅਨੁਸਾਰ ਭਾਜਪਾ 65 ਆਪ ਅਤੇ 16 ਕਾਂਗਰਸ 13 ਉੱਤੇ ਜੇਤੂ ਜਾਂ ਅੱਗੇ ਸੀ। ਅਤੇ ਬਾਕੀ 6 ਹਲਕਿਆਂ ਉੱਤੇ ਹੋਰ ਉਮੀਦਵਾਰ ਅੱਗੇ ਦੱਸੇ ਜਾ ਰਹੇ ਸਨ।

## ਨਿਊ ਯਾਰਕ ਟਾਈਮਜ਼ ਵਲੋਂ ਭਾਰਤੀ ਫ਼ੌਜ ਦੀ ਕਾਰਵਾਈ 'ਕਰੂਰਤਾ ਤੇ ਬੁਜਦਿਲੀ' ਕਰਾਰ

**ਨਿਊ ਯਾਰਕ/ਬਿਊਰੋ ਨਿਊਜ਼ :** ਨਿਊ ਯਾਰਕ ਟਾਈਮਜ਼ ਨੇ ਆਪਣੀ ਸੰਪਾਦਕੀ ਵਿਚ ਕਸ਼ਮੀਰ 'ਚ ਭਾਰਤੀ ਸੁਰੱਖਿਆ ਬਲਾਂ ਦੀ ਕਾਰਵਾਈ ਨੂੰ 'ਕਰੂਰਤਾ' ਦਸਦਿਆਂ ਚਿਤਾਵਨੀ ਦਿੱਤੀ ਹੈ ਕਿ ਇਸ ਨਾਲ ਅਤਿਵਾਦ ਨੂੰ ਹੋਰ ਹੱਲਾਸ਼ੇਰੀ ਮਿਲੇਗੀ। ਸੰਪਾਦਕੀ ਵਿਚ ਕਿਹਾ ਗਿਆ ਹੈ ਕਿ ਭਾਰਤ ਸਰਕਾਰ ਨੂੰ ਕਸ਼ਮੀਰ ਵਿਚ ਮਨੁੱਖੀ ਅਧਿਕਾਰਾਂ ਦੀ ਸੁਰੱਖਿਆ ਯਕੀਨੀ ਕਰਨੀ ਚਾਹੀਦੀ ਹੈ। ਨਿਊ ਯਾਰਕ ਟਾਈਮਜ਼ ਦੇ ਸੰਪਾਦਕੀ ਬੋਰਡ ਦੀਆਂ ਇਹ ਟਿੱਪਣੀਆਂ ਅਜਿਹੇ ਸਮੇਂ ਆਈਆਂ ਹਨ, ਜਦੋਂ ਕੁਝ ਹੀ ਦਿਨ ਪਹਿਲਾਂ ਇਕ ਵੀਡੀਓ ਵਾਇਰਲ ਹੋਇਆ ਸੀ, ਜਿਸ ਵਿਚ ਦਿਕ ਰਿਹਾ ਸੀ ਕਿ ਕਸ਼ਮੀਰ ਵਿਚ ਇਕ ਨਾਗਰਿਕ ਨੂੰ ਮਨੁੱਖੀ ਢਾਲ ਬਣਾ ਕੇ ਫ਼ੌਜੀ ਵਾਹਨ ਦੇ ਅੱਗੇ ਬੰਨ੍ਹਿਆ ਗਿਆ ਸੀ। ਸੰਪਾਦਕੀ ਵਿਚ ਕਿਹਾ ਗਿਆ ਹੈ ਕਿ ਪਥਰਾਅ ਕਰਨ ਵਾਲੀ ਭੀੜ ਤੋਂ ਬਚਣ ਲਈ ਸ਼ਾਲ ਬੁਣਕਰ 24 ਸਾਲਾ ਫਾਰੂਕ ਅਹਿਮਦ ਡਾਰ ਨੂੰ ਮਨੁੱਖੀ ਢਾਲ ਦੀ ਤਰ੍ਹਾਂ ਵਰਤਦਿਆਂ ਜੀਪ ਦੇ ਅੱਗੇ ਬੰਨ੍ਹ ਕੇ ਅਤੇ ਉਸ ਦੀ ਕੁੱਟਮਾਰ ਕਰਕੇ ਭਾਰਤੀ ਫ਼ੌਜੀ ਜਵਾਨ ਕਸ਼ਮੀਰ ਵਿਚ 'ਕਥਿਤ ਮਨੁੱਖੀ ਅਧਿਕਾਰਾਂ ਦੇ ਉਲੰਘਣ ਦੇ ਲੰਬੇ ਇਤਿਹਾਸ ਵਿਚ ਬਹੁਤ ਜ਼ਿਆਦਾ ਹੇਠਾਂ ਡਿਗ ਗਏ ਹਨ। 'ਕਸ਼ਮੀਰ ਵਿਚ ਕਰੂਰਤਾ ਤੇ ਬੁਜਦਿਲੀ' ਸਿਰਲੇਖ ਵਾਲੀ ਇਸ ਸੰਪਾਦਕੀ ਵਿਚ ਕਿਹਾ ਗਿਆ, "ਸੋਸ਼ਲ ਮੀਡੀਆ 'ਤੇ ਚੱਲੇ ਇਸ ਵੀਡੀਓ ਰਾਹੀਂ ਸਾਹਮਣੇ ਆਈ ਘਟਨਾ ਕਸ਼ਮੀਰ ਵਿਚ ਲਗਭਗ ਤਿੰਨ ਦਹਾਕਿਆਂ ਤੋਂ ਡਟੇ ਅਤਿਵਾਦ ਦੀ ਡੂੰਘਾਈ ਦਾ ਅੰਦਾਜ਼ਾ ਦਿੰਦੀ ਹੈ।" ਇਸ ਵਿਚ ਕਿਹਾ ਗਿਆ ਹੈ ਕਿ ਇਸ ਘਟਨਾ ਮਗਰੋਂ ਭਾਰਤ ਦੇ ਫ਼ੌਜ ਮੁਖੀ ਜਨਰਲ ਵਿਪਿਨ ਰਾਵਤ ਨੇ ਡਾਰ ਨੂੰ ਜੀਪ ਨਾਲ ਬੰਨ੍ਹਣ ਲਈ ਜ਼ਿੰਮੇਵਾਰ ਜਵਾਨਾਂ ਖ਼ਿਲਾਫ਼ ਕਾਰਵਾਈ ਦਾ ਸੰਕਲਪ ਤਾਂ ਲਿਆ ਪਰ ਨਾਲ ਹੀ ਚਿਤਾਵਨੀ ਵੀ ਦਿੱਤੀ ਕਿ ਕਸ਼ਮੀਰ ਦੇ ਪਥਰਾਅ ਕਰਨ ਵਾਲੇ ਨੌਜਵਾਨ ਤੇ ਵੱਖਵਾਦੀ, ਅਤਿਵਾਦੀ ਅੱਜ ਭਾਵੇਂ ਬਚ ਜਾਣ ਪਰ ਕੱਲ੍ਹ ਨੂੰ ਅਸੀਂ ਉਨ੍ਹਾਂ ਨੂੰ ਕਾਬੂ ਕਰ ਹੀ ਲਵਾਂਗੇ। ਸਾਡੀ ਸਖ਼ਤ ਮੁਹਿੰਮ ਜਾਰੀ ਰਹੇਗੀ।

## ਕਸ਼ਮੀਰ ਵਿਚ ਪੱਥਰਬਾਜ਼ੀ 'ਚ ਵਿਦਿਆਰਥਣਾਂ ਵੀ ਹੋਈਆਂ ਸ਼ਾਮਲ




**ਸ੍ਰੀਨਗਰ/ਬਿਊਰੋ ਨਿਊਜ਼ :** ਪ੍ਰਸ਼ਾਸਨ ਵੱਲੋਂ ਕਸ਼ਮੀਰ ਵਾਦੀ ਵਿਚ ਲਗਭਗ ਇਕ ਹਫ਼ਤਾ ਕਾਲਜ, ਯੂਨੀਵਰਸਿਟੀਆਂ ਤੇ ਹਾਇਰ ਸੈਕੰਡਰੀ ਸਕੂਲਾਂ ਨੂੰ ਪੰਜ ਦਿਨ ਬੰਦ ਰੱਖਣ ਤੋਂ ਬਾਅਦ ਖੋਲ੍ਹਿਆ ਗਿਆ, ਜਿਥੇ ਆਮ ਦਿਨਾਂ ਵਾਂਗ ਪੜ੍ਹਾਈ ਸ਼ੁਰੂ ਹੋ ਗਈ। ਸ੍ਰੀਨਗਰ ਦੇ ਐਮ.ਏ. ਰੋਡ 'ਤੇ ਪੁਲੀਸ ਤੇ ਵਿਦਿਆਰਥੀਆਂ ਵਿਚਾਲੇ ਉਸ ਵੇਲੇ ਝੜਪ ਹੋ ਗਈ, ਜਦੋਂ ਕੁਝ ਵਿਦਿਆਰਥੀਆਂ ਨੇ ਸੜਕ 'ਤੇ ਧਰਨਾ ਦੇਣ ਮੌਕੇ ਟਰੈਫਿਕ ਵਿਚ ਰੁਕਾਵਟ ਪਾਉਂਦੇ ਹੋਏ ਪੁਲੀਸ 'ਤੇ ਪਥਰਾਅ ਕੀਤਾ, ਜਿਸ ਵਿਚ ਦਰਜਨ ਤੋਂ ਵੱਧ ਵਿਅਕਤੀ ਜ਼ਖ਼ਮੀ ਹੋ ਗਏ। ਇਸ ਮੌਕੇ ਪੁਲੀਸ ਨੇ ਕਾਰਵਾਈ ਕਰਦੇ ਹੋਏ ਕੁਝ ਵਿਦਿਆਰਥੀਆਂ ਨੂੰ ਗ੍ਰਿਫ਼ਤਾਰ ਕਰਕੇ ਨੇੜੇ ਕੋਟੀ ਬਾਗ ਥਾਣੇ ਵਿਚ ਲੈ ਗਈ, ਜਿਸ ਦੀ ਖਬਰ ਫੈਲਦੇ ਹੀ ਵਿਮੈਨ ਤੇ ਐਸ.ਪੀ. ਕਾਲਜ ਦੇ ਵਿਦਿਆਰਥੀਆਂ ਸਣੇ ਐਸ.ਪੀ. ਹਾਇਰ ਸੈਕੰਡਰੀ ਸਕੂਲ ਦੇ ਸੈਂਕੜੇ ਵਿਦਿਆਰਥੀਆਂ ਨੇ ਗ੍ਰਿਫ਼ਤਾਰੀ ਦੇ ਵਿਰੋਧ ਵਿਚ ਭੀੜ-ਭੜੱਕੇ ਵਾਲੀ ਐਮ.ਏ. ਰੋਡ 'ਤੇ ਜ਼ੋਰਦਾਰ ਪ੍ਰਦਰਸ਼ਨ ਕੀਤਾ ਤੇ ਹਿੰਸਕ ਪ੍ਰਦਰਸ਼ਨ ਕਰਦਿਆਂ ਆਜ਼ਾਦੀ ਦੇ ਨਾਅਰੇ ਮਾਰਦੇ ਸ੍ਰੀਨਗਰ ਦੇ ਲਾਲ ਚੌਕ ਵੱਲ ਮਾਰਚ ਕੱਢਣ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਪੁਲੀਸ ਜਿਪਸੀ 'ਤੇ ਭਾਰੀ ਪਥਰਾਅ ਕੀਤਾ। ਖ਼ਾਸ ਗੱਲ ਇਹ ਸੀ ਕਿ ਵਿਦਿਆਰਥਣਾਂ ਨੇ ਵੀ ਪ੍ਰਦਰਸ਼ਨ ਵਿਚ ਸ਼ਮੂਲੀਅਤ ਕੀਤੀ। ਪੁਲੀਸ ਵੱਲੋਂ ਉਨ੍ਹਾਂ ਨੂੰ ਰੋਕਣ ਦੌਰਾਨ ਉਨ੍ਹਾਂ ਦੀ ਝੜਪ ਹੋ ਗਈ। ਪੁਲੀਸ ਨੇ ਅੱਥਰੂ ਗੈਸ ਦੇ ਗੋਲੇ ਛੱਡ ਕੇ ਇਨ੍ਹਾਂ ਨੂੰ ਖਿੰਡਾਉਣ ਲਈ ਲਾਠੀਚਾਰਜ ਕੀਤਾ ਤੇ ਹਵਾ ਵਿਚ ਕੁਝ ਗੋਲੀਆਂ ਚਲਾਈਆਂ ਗਈਆਂ, ਜਿਸ ਦੌਰਾਨ ਐਮ.ਏ. ਰੋਡ, ਰੀਗਲ ਚੌਕ ਤੇ ਲਾਲਾ ਚੌਕ ਦੇ ਆਲੇ-ਦੁਆਲੇ ਝੜਪ ਫੈਲ ਗਈ, ਜਿਸ ਕਾਰਨ ਦੁਕਾਨਾਂ ਬੰਦ ਕਰਨ ਨਾਲ ਕਾਰੋਬਾਰੀ ਸਰਗਰਮੀਆਂ ਠੱਪ ਹੋ ਕੇ ਰਹਿ ਗਈਆਂ। ਸੜਕਾਂ ਤੋਂ ਟਰੈਫਿਕ ਗਾਇਬ ਹੋ ਗਿਆ। ਪਥਰਾਅ ਦੀਆਂ ਘਟਨਾਵਾਂ ਵਿਚ ਐਸ.ਐਸ.ਪੀ. ਸ੍ਰੀਨਗਰ ਸਮੇਤ, 3 ਫੋਟੋ ਪੱਤਰਕਾਰ ਤੇ ਕਈ ਪੁਲੀਸ ਕਰਮੀ ਜ਼ਖ਼ਮੀ ਹੋ ਗਏ, ਜਿਨ੍ਹਾਂ ਨੂੰ ਹਸਪਤਾਲ ਵਿਚ ਦਾਖਲ ਕਰ ਦਿੱਤਾ ਗਿਆ ਹੈ। ਪੁਲੀਸ ਦੇ ਇਕ ਅਧਿਕਾਰੀ ਨੇ 6 ਵਿਦਿਆਰਥੀਆਂ ਨੂੰ ਗ੍ਰਿਫ਼ਤਾਰ ਕਰਨ ਦੀ ਤਸਦੀਕ ਕੀਤੀ।

*ਬਾਕੀ*

## ਸਭ ਮਾਈ ਭਾਈ ਮਿਲ ਕੇ ਸਿੱਖ ਪੁਨਰ ਜਾਗ੍ਰਿਤੀ ਲਹਿਰ ਲਈ ਕਮਰਕੱਸੇ ਕਰੋ

ਇਸ ਲਈ ਆਰ. ਐੱਸ. ਐੱਸ. ਵੱਲੋਂ ਰਾਸ਼ਟਰੀ ਸਿੱਖ ਸੰਗਤ ਨਾਮ ਦੀ ਸੰਸਥਾ ਖੜ੍ਹੀ ਕਰ ਦਿੱਤੀ ਹੈ, ਜਿਸ ਦੇ ਮੈਂਬਰ ਖੁੱਲ੍ਹੇ ਦਾੜ੍ਹੇ ਅੰਮ੍ਰਿਤਧਾਰੀ ਸਰੂਪ ਵਾਲੇ ਨਜ਼ਰ ਆਉਂਦੇ ਹਨ। ਉਨ੍ਹਾਂ ਨੂੰ ਗੁਰਬਾਣੀ ਦੀ ਸਿਖਲਾਈ ਆਪਣੇ ਸਿਆਸੀ ਮੰਤਵ ਤੇ ਗੁਰੂ ਸਿਧਾਂਤ ਤੋਂ ਪਰ੍ਹੇ ਧੱਕਣ ਲਈ ਦਿੱਤੀ ਜਾ ਰਹੀ ਹੈ ਤੇ ਉਨ੍ਹਾਂ ਦੇ ਗੁਰਦੁਆਰਿਆਂ ਉੱਪਰ ਕਬਜ਼ੇ ਕਰਵਾਏ ਜਾ ਰਹੇ ਹਨ।

ਇਹ ਪੰਥ ਵਿਰੋਧੀ ਅਨਸਰ ਵਟਸਐਪ, ਫੇਸਬੁੱਕ ਆਦਿ ਸ਼ੋਸ਼ਲ ਮੀਡੀਏ ਰਾਹੀਂ ਸਿੱਖ ਕੌਮ ਵਿਚ ਧਰਮ ਦੇ ਨਾਮ 'ਤੇ ਵੰਡੀਆਂ ਪਾ ਰਹੇ ਹਨ ਤੇ ਗੁਰੂ ਦੇ ਅਸਲ ਮਨੋਰਥ ਤੋਂ ਸਿੱਖ ਪੰਥ ਨੂੰ ਭਟਕਾ ਰਹੇ ਹਨ। ਜੇਕਰ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਆਰ. ਐੱਸ. ਐੱਸ. ਦੀ ਸਿਰਜੀ ਰਾਜਨੀਤਕ ਜਮਾਤ ਭਾਜਪਾ ਅਧੀਨ ਚੋਣਾਂ ਲੜਦੇ ਹਨ, ਤਾਂ ਸਾਫ ਸਮਝ ਲੈਣਾ ਚਾਹੀਦਾ ਹੈ ਕਿ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿੱਚ ਆਰ. ਐੱਸ. ਐੱਸ. ਦੀ ਘੁਸਪੈਠ ਹੋ ਚੁੱਕੀ ਹੈ ਅਤੇ ਸਿੱਖਸਧਾਂਤ, ਮਰਿਯਾਦਾ ਤੇ ਇਤਿਹਾਸ ਨੂੰ ਬਦਲਣ ਦੀਆਂ ਸਾਜ਼ਿਸ਼ਾਂ ਰਚੀਆਂ ਜਾ ਰਹੀਆਂ ਹਨ।

ਸਾਧ ਸੰਗਤ ਜੀ! ਅੱਜ ਸਾਨੂੰ ਜਾਗ੍ਰਿਤ ਹੋਣ ਦੀ ਲੋੜ ਹੈ ਤੇ ਸੋਚਣ ਦੀ ਲੋੜ ਹੈ। ਆਪਣੀਆਂ ਮਹਾਨ ਸੰਸਥਾਵਾਂ ਨੂੰ ਭ੍ਰਿਸ਼ਟ ਹੋਣ ਤੇ ਸਿਆਸੀਕਰਨ ਤੋਂ ਬਚਾਓ। ਸ਼੍ਰੋਮਣੀ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਨੂੰ ਉਸੇ ਰੂਪ ਵਿੱਚ ਲਿਆਵੋ, ਜਿਸ ਲਈ ਸਾਡੇ ਬਜ਼ੁਰਗਾਂ ਨੇ ਕੁਰਬਾਨੀਆਂ ਕੀਤੀਆਂ ਸਨ।

**ਅਸੀਂ ਕਿਉਂ ਪੱਛੜੇ ?**

ਅੱਜ ਤੱਕ ਸ਼੍ਰੋਮਣੀ ਕਮੇਟੀ ਵੱਲੋਂ ਗੁਰੂ ਦੀ ਗੋਲਕ ਦਾ ਇਸਤੇਮਾਲ ਵਧੀਆ ਸਿੱਖਿਆ ਅਦਾਰੇ ਉਸਾਰਨ, ਮੈਡੀਕਲ ਸਹੂਲਤਾਂ ਦੇਣ ਲਈ ਨਹੀਂ ਕੀਤਾ ਗਿਆ। ਕੀ ਸ਼੍ਰੋਮਣੀ ਕਮੇਟੀ ਵੱਲੋਂ ਕੋਈ ਅਜਿਹਾ ਸਿੱਖਿਆ ਅਦਾਰਾ ਸਿਰਜਿਆ ਗਿਆ, ਜਿੱਥੇ ਗ਼ਰੀਬ ਸਿੱਖਾਂ ਦੇ ਬੱਚੇ ਸਸਤੀ ਵਿੱਦਿਆ ਪ੍ਰਾਪਤ ਕਰ ਸਕਣ। ਕੀ ਕੋਈ ਅਜਿਹਾ ਹਸਪਤਾਲ ਬਣਾਇਆ ਗਿਆ, ਜਿੱਥੇ ਸਸਤਾ ਇਲਾਜ ਹੋ ਸਕਦਾ ਹੋਵੇ।

ਜੇਕਰ ਅਸੀਂ ਆਪਣੀਆਂ ਸੰਸਥਾਵਾਂ ਦਾ ਮੁਸਲਿਮ ਤੇ ਇਸਾਈ ਕੌਮਾਂ ਦੀਆਂ ਸੰਸਥਾਵਾਂ ਨਾਲ ਮੁਕਾਬਲਾ ਕਰੀਏ ਤਾਂ ਫ਼ਰਕ ਨਜ਼ਰ ਆਵੇਗਾ ਕਿ ਅਸੀਂ ਕਿੰਨੇ ਨਿਘਾਰ ਵੱਲ ਹਾਂ ? ਇਸਾਈ ਤੇ ਮੁਸਲਿਮ ਬੱਚਿਆਂ ਨੂੰ ਮੁਫ਼ਤ ਵਿੱਦਿਆ ਮਿਲ ਰਹੀ ਹੈ, ਇਹ ਉੱਦਮ ਉਨ੍ਹਾਂ ਦੀਆਂ ਸੰਸਥਾਵਾਂ ਵੱਲੋਂ ਹੋ ਰਹੇ ਹਨ। ਡਾਕਟਰੀ, ਇੰਜੀਨੀਅਰਿੰਗ ਵਰਗੀ ਪੜ੍ਹਾਈ ਸਸਤੇ ਵਿੱਚ ਉਪਲੱਬਧ ਹੈ। ਮਿਆਰੀ ਹਸਪਤਾਲ ਵੀ ਇਨ੍ਹਾਂ ਸੰਸਥਾਵਾਂ ਤੇ ਸਸਤੇ ਇਲਾਜ ਲਈ ਮੌਜੂਦ ਹਨ। ਪਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਪੱਧਰ 'ਤੇ ਅਜਿਹਾ ਉਪਰਾਲਾ ਨਹੀਂ ਕੀਤਾ ਹੈ, ਜਿੱਥੇ ਕਿਸੇ ਸਿੱਖ ਨੂੰ ਸਿੱਖ ਹੋਣ ਦਾ ਮਾਣ ਮਹਿਸੂਸ ਹੋ ਸਕੇ।ਕੀ ਸਿੱਖ ਬੱਚਿਆਂ ਲਈ ਉਚੇਰੀ ਪੜ੍ਹਾਈ ਲਈ ਕੋਈ ਉੱਚ ਪੱਧਰ ਦੇ ਕਾਲਜ, ਸਕੂਲ ਖੋਲ੍ਹੇ ਗਏ ਹਨ, ਕੋਈ ਟਰੇਨਿੰਗ ਦੀਆਂ ਸੰਸਥਾਵਾਂ ਖੋਲ੍ਹੀਆਂ ਗਈਆਂ ਹਨ, ਜਿਸ ਤੋਂ ਸਿੱਖ ਵਿਦਿਆਰਥੀ ਪੜ੍ਹ ਕੇ ਆਈਏਐੱਸ, ਪੀਸੀਐੱਸ, ਬੈਂਕ ਅਫਸਰ, ਫ਼ੌਜ ਅਫਸਰ, ਡਾਕਟਰ ਬਣ ਸਕਣ ਅਤੇ ਸਿੱਖ ਕੌਮ ਦਾ ਨਾਮ ਰੌਸ਼ਨ ਕਰ ਸਕਣ। ਕੀ ਅਜਿਹਾ ਅਦਾਰਾ ਬਣਾਇਆ ਜਿੱਥੇ ਸਪੋਰਟਸ ਦੀ ਸਿੱਖਿਆ ਸਿੱਖ ਬੱਚਿਆਂ ਨੂੰ ਮਿਲ ਸਕੇ, ਤਾਂ ਜੋ ਓਲੰਪਿਕ ਤੇ ਏਸ਼ੀਅਨ ਖੇਡਾਂ, ਤੇ ਸੰਸਾਰ ਪੱਧਰ ਦੀਆਂ ਖੇਡਾਂ ਵਿੱਚ ਹਿੱਸਾ ਲੈ ਸਕੇ। ਅੱਜ ਸਿੱਖ ਨੌਜਵਾਨ ਪੰਜਾਬ ਛੱਡ ਕੇ ਉੱਚ ਵਿੱਦਿਆ ਲਈ ਵਿਦੇਸ਼ਾਂ ਵੱਲ ਪਰਵਾਸ ਕਰ ਰਹੇ ਹਨ। ਪੰਜਾਬ ਸਿੱਖ ਨੌਜਵਾਨ ਵਰਗ ਤੋਂ ਖ਼ਾਲੀ ਹੋ ਰਿਹਾ ਹੈ, ਜੋ ਕਿ ਸਾਡੀ ਕੌਮ ਲਈ ਨਿਘਾਰ ਦੀ ਨਿਸ਼ਾਨੀ ਹੈ। ਜੇਕਰ ਸਿੱਖ ਯੂਥ ਹੀ ਪੰਜਾਬ ਦੀ ਧਰਤੀ 'ਤੇ ਨਾ ਰਿਹਾ, ਤਾਂ ਪੰਜਾਬ ਵਿੱਚੋਂ ਸਿੱਖੀ ਦੀ ਹੋਂਦ ਗੁਆਚ ਜਾਵੇਗੀ। ਇਸ ਸੰਬੰਧ ਵਿੱਚ ਵੱਡੇ ਪੱਧਰ 'ਤੇ ਰੁਜ਼ਗਾਰ, ਵਿੱਦਿਅਕ ਸੰਸਥਾਵਾਂ ਪੈਦਾ ਕਰਨ ਦੀ ਲੋੜ ਹੈ, ਤਾਂ ਜੋ ਸਿੱਖ ਯੂਥ ਪੰਜਾਬ ਦੇ ਵਿਕਾਸ ਵਿੱਚ ਹਿੱਸਾ ਪਾ ਸਕੇ।

**ਸਿੱਖ ਨੌਜਵਾਨੋ ਉਠੋ, ਪੰਥ ਤੇ ਪੰਜਾਬ ਦੀ ਵਾਗਡੋਰ ਸੰਭਾਲੋ**

ਅੱਜ ਲੋੜ ਹੈ ਕਿ ਸਿੱਖ ਨੌਜਵਾਨ ਵਰਗ ਪੰਥ ਤੇ ਪੰਜਾਬ ਦੀ ਵਾਗਡੋਰ ਸੰਭਾਲੇ, ਇਤਿਹਾਸਕ ਪਰੰਪਰਾਵਾਂ ਗੁਰ ਮਰਿਯਾਦਾ 'ਤੇ ਪਹਿਰਾ ਦਿੰਦਿਆਂ ਹਰੇਕ ਵਿਵਾਦ ਤੋਂ ਮੁਕਤ ਹੋ ਕੇ ਪੰਥਕ ਏਕਤਾ ਤੇ ਸ਼ਕਤੀ ਦਾ ਪ੍ਰਦਰਸ਼ਨ ਕਰੇ, ਪੰਥਕ ਸੰਸਥਾਵਾਂ ਵਿੱਚ ਫੈਲੇ ਭ੍ਰਿਸ਼ਟਾਚਾਰ ਨੂੰ ਰੋਕਣ ਲਈ ਹੁਣ ਸਾਨੂੰ ਕਮਰਕੱਸੇ ਕਰਨੇ ਪੈਣਗੇ ਅਤੇ ਸਮਾਜ 'ਚ ਫੈਲੇ ਜਾਤੀਵਾਦ ਵਿਰੁੱਧ ਡੱਟ ਕੇ ਖਲੋਣਾ ਪਵੇਗਾ ਜਿੱਥੇ ਗੁਰੂ ਨਾਨਕ ਸਾਹਿਬ ਤੋਂ ਗੁਰੂ ਗੋਬਿੰਦ ਸਿੰਘ ਜੀ ਤੱਕ ਸਿੱਖ ਖਲੋਤੇ ਸਨ ਅਤੇ ਸਾਮਾਜਿਕ ਤਬਦੀਲੀ ਕਰਨ ਵਿੱਚ ਅਹਿਮ ਯੋਗਦਾਨ ਪਾਇਆ ਸੀ। ਇਸ ਮੰਤਵ ਲਈ ਕਿਰਤੀ ਤੇ ਗ਼ਰੀਬ ਸਿੱਖਾਂ ਨੂੰ ਸਿੱਖ ਭਾਈਚਾਰੇ ਦੀ ਤਾਕਤ ਬਣਾਉਣਾ ਹੋਵੇਗਾ। ਅੰਧ-ਵਿਸ਼ਵਾਸਾਂ, ਕਰਮ-ਕਾਂਡਾਂ, ਨਸ਼ਿਆਂ ਦੀ ਜਕੜ ਵਿੱਚੋਂ ਨਿਕਲ ਕੇ ਗੁਰੂਆਂ ਦੀ ਵਿਚਾਰਧਾਰਾ ਦੀ ਰੌਸ਼ਨੀ ਵਿੱਚ ਸੱਚ ਆਚਾਰ ਨਾਲ ਜੁੜਨਾ ਪਵੇਗਾ।

**ਕੀ ਕਰਨਾ ਪਵੇਗਾ ?**

ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਨੂੰ ਅਮਲੀ ਰੂਪ ਵਿੱਚ ਜੀਵਨ ਦਾ ਅੰਗ ਬਣਾ ਕੇ ਪੰਥ ਵਿਰੋਧੀ ਸੰਸਥਾਵਾਂ ਤੋਂ ਸੁਚੇਤ ਹੋਣਾ ਪਵੇਗਾ। ਪੰਥਕ ਰਾਜਨੀਤੀ ਨੂੰ ਲੁਟੇਰਿਆਂ, ਅਪਰਾਧੀਆਂ ਤੋਂ ਮੁਕਤ ਕਰਨ ਲਈ ਇਕਜੁੱਟ ਹੋਣਾ ਪਵੇਗਾ। ਇਮਾਨਦਾਰ ਲੀਡਰਸ਼ਿਪ ਨੂੰ ਅੱਗੇ ਲਿਆਉਣਾ ਹੋਵੇਗਾ ਜੋ ਗੁਰੂ ਸਾਹਿਬਾਨ ਦੀ ਵਿਚਾਰਧਾਰਾ ਨੂੰ ਸਮਰਪਿਤ ਹੋਵੇ ਅਤੇ ਪੰਥ ਦੀ ਅਗਵਾਈ ਦੇ ਸਮਰੱਥ ਹੋਵੇ। ਘੱਟ ਗਿਣਤੀਆਂ ਦਲਿਤਾਂ ਨਾਲ ਹੋ ਰਹੀਆਂ ਵਧੀਕੀਆਂ ਵਿਰੁੱਧ ਅਵਾਜ਼ ਬੁਲੰਦ ਕਰਨੀ ਹੋਵੇਗੀ। ਆਪਣੇ ਪੰਥ ਤੇ ਪੰਜਾਬ ਦੇ ਹੱਕਾਂ ਦੀ ਪ੍ਰਾਪਤੀ ਤੇ ਉਨ੍ਹਾਂ ਨਾਲ ਜੁੜੀਆਂ ਮੰਗਾਂ ਦੀ ਪ੍ਰਾਪਤੀ ਲਈ ਯਤਨਸ਼ੀਲ ਰਹਿਣਾ ਪਵੇਗਾ। ਇਹ ਯਾਦ ਰੱਖ ਲੈਣਾ ਚਾਹੀਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਦਾ ਸਿਧਾਂਤ ਏਨਾ ਮਜ਼ਬੂਤ ਹੈ ਕਿ ਜੇ ਅਸੀਂ ਉਸ ਉੱਪਰ ਪਹਿਰਾ ਦੇਈਏ, ਤਾਂ ਸਾਡੀ ਕੋਈ ਜੜ੍ਹ ਵੀ ਨਹੀਂ ਪੁੱਟ ਸਕੇਗਾ। ਇਸ ਲਈ ਸਾਨੂੰ ਸਿੱਖ ਅਸੂਲਾਂ, ਟੀਚਿਆਂ ਬਾਰੇ ਡੂੰਘਾ ਵਿਸ਼ਵਾਸ ਤੇ ਸਮਝ ਰੱਖਣੀ ਹੋਵੇਗੀ। ਪੰਥ ਦੀ ਅਗਵਾਈ ਲਈ ਸਤਿਗੁਰਾਂ ਦੀ ਸੋਚ ਨੂੰ ਪਰਣਾਈ ਲੀਡਰਸ਼ਿਪ ਦੀ ਉਸਾਰੀ ਜ਼ਰੂਰੀ ਹੈ। ਸਾਨੂੰ ਯਹੂਦੀ ਭਾਈਚਾਰੇ ਤੋਂ ਸੇਧ ਲੈਣ ਦੀ ਲੋੜ ਹੈ, ਜਿਨ੍ਹਾਂ ਦੀ ਨਸਲਕੁਸ਼ੀ ਸ਼ਾਸਕ ਹਿਟਲਰ (ਸੰਨ 1933-1945) ਨੇ ਜਰਮਨ ਵਿੱਚ ਨੱਬੇ ਲੱਖ ਯਹੂਦੀਆਂ ਵਿੱਚੋਂ ਦੋ ਤਿਹਾਈ ਯਹੂਦੀਆਂ ਨੂੰ ਗੈਸ ਚੈਂਬਰਾਂ ਵਿੱਚ ਉਬਾਲ ਕੇ ਕੀਤੀ। ਇਸ ਦੌਰਾਨ ਦਸ ਲੱਖ ਤੋਂ ਵੱਧ ਯਹੂਦੀ ਬੱਚੇ ਲੱਗਭੱਗ ਵੀਹ ਲੱਖ ਯਹੂਦੀ ਔਰਤਾਂ ਤੇ ਤੀਹ ਲੱਖ ਯਹੂਦੀ ਮਰਦ ਮਾਰੇ ਗਏ ਸਨ। ਇਹੋ ਜਿਹੀ ਨਸਲਕੁਸ਼ੀ ਸਿੱਖ ਕੌਮ ਨਾਲ ਵਾਪਰੀ, ਜਿਵੇਂ ਦਿੱਲੀ ਸਿੱਖ ਕਤਲੇਆਮ ਤੇ ਪੰਜਾਬ ਸੰਤਾਪ ਦੌਰਾਨ ਸਿੱਖ ਨੌਜਵਾਨਾਂ ਦਾ ਘਾਣ, ਜੂਨ 84 ਦੌਰਾਨ ਦਰਬਾਰ ਸਾਹਿਬ 'ਤੇ ਫ਼ੌਜੀ ਹਮਲਾ। ਇਸ ਨਸਲਕੁਸ਼ੀ ਅਧੀਨ ਅਨੇਕਾਂ ਸਿੱਖ ਮਾਈ ਭਾਈ ਸ਼ਹੀਦ ਹੋਏ। ਯਹੂਦੀਆਂ ਨੇ ਇਸਰਾਈਲ ਨੂੰ ਦੁਨੀਆਂ ਦੇ ਨਕਸ਼ੇ 'ਤੇ ਯਹੂਦੀਆਂ ਦਾ ਹੋਮਲੈਂਡ ਸਥਾਪਿਤ ਕਰ ਦਿੱਤਾ ਜਦ ਕਿ ਸਿੱਖ ਕੌਮ ਇਸ ਤੋਂ ਵਾਂਝੀ ਰਹਿ ਗਈ। ਯੂਰਪ ਤੇ ਅਮਰੀਕਾ ਵਿੱਚ ਸਭ ਤੋਂ ਚੰਗੇ ਵਿਗਿਆਨੀ ਯਹੂਦੀਆਂ ਵਿੱਚ ਪੈਦਾ ਹੋ ਰਹੇ ਹਨ। ਯਹੂਦੀ ਅਮਰੀਕਾ ਦੀ ਬੈਂਕਿੰਗ ਇੰਡਸਟਰੀ ਤੇ ਉੱਥੋਂ ਦੀਆਂ ਅਖ਼ਬਾਰਾਂ 'ਤੇ ਕਾਬਜ਼ ਹੋ ਗਏ ਹਨ। ਵਿਗਿਆਨ, ਟੈਕਨਾਲੋਜੀ ਤੇ ਵਪਾਰਕ ਖੇਤਰ ਵਿੱਚ ਮੋਹਰੀ ਹਨ।

ਆਓ ਰਲ ਕੇ ਸੋਚੀਏ ਤੇ ਸਿੱਖ ਕੌਮ ਦੀ ਪੁਨਰ ਜਾਗ੍ਰਿਤੀ ਲਈ ਲਹਿਰ ਚਲਾ ਕੇ ਪੰਜਾਬ ਤੇ ਸਿੱਖ ਕੌਮ ਨੂੰ ਵਿਸ਼ਵ ਪੱਧਰ 'ਤੇ ਖੁਸ਼ਹਾਲ ਬਣਾਈਏ। ਜੇਕਰ ਯਹੂਦੀ ਭਾਈਚਾਰਾ ਵਿਸ਼ਵ ਵਿੱਚ ਆਪਣੀ ਕੌਮ ਦੇ ਝੰਡੇ ਝੁਲਾ ਸਕਦਾ ਹੈ, ਤਾਂ ਸਿੱਖ ਕੌਮ ਕਿਉਂ ਨਹੀਂ ? ਸਾਨੂੰ ਇੱਕ ਅਜਿਹੀ ਪੰਥਕ ਜਥੇਬੰਦੀ ਦੀ ਜ਼ਰੂਰਤ ਹੈ ਜੋ ਪੰਥਕ ਹਿੱਤਾਂ ਉੱਪਰ ਪਹਿਰਾ ਦੇਣ ਵਾਲੀ ਹੋਵੇ। ਸ੍ਰੀ ਅਕਾਲ ਤਖ਼ਤ ਸਾਹਿਬ ਦੁਆਰਾ ਪ੍ਰਵਾਨਿਤ ਪੰਥਕ ਰਹਿਤ ਮਰਿਆਦਾ ਉੱਪਰ ਸਖ਼ਤੀ ਨਾਲ ਪਹਿਰਾ ਦੇ ਸਕੇ। ਆਓ ਸਭ ਪੰਥਕ ਜਥੇਬੰਦੀਆਂ ਇਕਮੁੱਠ ਹੋ ਕੇ ਪੰਥ ਤੇ ਪੰਜਾਬ ਦੀ ਰਾਖੀ ਲਈ ਇਕਜੁੱਟ ਹੋਈਏ।

## ਜਗਦੀ ਰਹਿਣੀ ਚਾਹੀਦੀ ਹੈ 'ਮਸ਼ਾਲ ਦੀ ਸੋਚ' ਵਾਲੀ ਮਸ਼ਾਲ

ਕਈ ਸਵਾਲ ਉਠਾਉਂਦਾ ਹੈ। ਸਿਆਸੀ ਪਾਰਟੀਆਂ ਦੇ ਮੈਂਬਰਾਂ ਦਾ ਇਸ ਹੱਤਿਆ ਵਿੱਚ ਸ਼ਾਮਲ ਹੋਣਾ, ਘਟਨਾ ਨੂੰ ਨਵਾਂ ਮੋੜ ਦਿੰਦਾ ਹੈ। ਸਾਫ਼ ਨਜ਼ਰ ਆ ਰਿਹਾ ਹੈ ਕਿ ਹੱਤਿਆ ਦੇ ਅਸਲ ਕਾਰਨਾਂ ਨੂੰ ਲੁਕਾਉਣ ਲਈ ਕੁਫ਼ਰ-ਵਿਰੋਧੀ ਕਾਨੂੰਨ ਦੀ ਉਲੰਘਣਾ ਦੇ ਦੋਸ਼ ਮਸ਼ਾਲ ਉੱਪਰ ਮੜ੍ਹੇ ਗਏ ਹਨ।

ਮਸ਼ਾਲ ਅਗਾਂਹਵਧੂ ਵਿਚਾਰਾਂ ਦਾ ਧਾਰਨੀ ਸੀ। ਉਹ ਤਰਕ ਨਾਲ ਸੋਚਦਾ ਅਤੇ ਦੇਸ਼ ਅੰਦਰ ਮਜ਼ਹਬ ਦੇ ਨਾਂ ਉੱਪਰ ਕਾਇਮ ਕੀਤੀਆਂ ਗਈਆਂ ਗ਼ਲਤ ਪ੍ਰਥਾਵਾਂ ਦਾ ਵਿਰੋਧ ਕਰਦਾ ਸੀ। ਅਜਿਹਾ ਸਾਡੀਆਂ ਉੱਚ ਵਿੱਦਿਅਕ ਸੰਸਥਾਵਾਂ ਵਿੱਚ ਬਹੁਤ ਘੱਟ ਵੇਖਣ ਨੂੰ ਮਿਲਦਾ ਹੈ ਕਿਉਂਕਿ ਉੱਥੇ ਤਾਂ ਪਿਛਾਂਹ-ਖਿੱਚੂ ਅਨਸਰ ਪਿਛਲੇ ਲੰਮੇ ਸਮੇਂ ਤੋਂ ਭਾਰੂ ਹਨ। ਪਾਕਿਸਤਾਨ ਦੀਆਂ ਸਰਕਾਰਾਂ ਨੇ ਕਈ ਦਹਾਕਿਆਂ ਤੋਂ ਧਾਰਮਿਕ ਅਤਿਵਾਦ ਨੂੰ ਹੁਲਾਰਾ ਦੇਣਾ ਜਾਰੀ ਰੱਖਿਆ ਹੋਣ ਕਾਰਨ ਹਿੰਸਾ ਤੇ ਅਸਹਿਣਸ਼ੀਲਤਾ ਦਾ ਸਭਿਆਚਾਰ ਪੈਦਾ ਹੋ ਚੁੱਕਾ ਹੈ ਜਿਸ ਕਾਰਨ ਤਰਕਸ਼ੀਲ ਸੋਚ ਦੇ ਧਾਰਨੀਆਂ ਲਈ ਜਗ੍ਹਾ ਲਗਾਤਾਰ ਸੁੰਗੜਦੀ ਜਾ ਰਹੀ ਹੈ।

ਪਿਛਲੇ ਕੁਝ ਹਫ਼ਤਿਆਂ ਤੋਂ ਇਹ ਨਜ਼ਰ ਆ ਰਿਹਾ ਹੈ ਕਿ ਸਰਕਾਰ, ਨਿਆਂਪਾਲਿਕਾ ਤੇ ਮੀਡੀਆ ਦੇ ਇੱਕ ਹਿੱਸੇ ਨੇ ਸੋਸ਼ਲ ਮੀਡੀਆ ਉੱਪਰ ਕੁਫ਼ਰ-ਵਿਰੋਧੀ ਕਾਨੂੰਨ ਦੀਆਂ ਉਲੰਘਣਾਵਾਂ ਨੂੰ ਲੈ ਕੇ ਲੋਕਾਂ ਦੀਆਂ ਭਾਵਨਾਵਾਂ ਭੜਕਾਉਣ ਦੀ ਗਿਣ-ਮਿਥ ਕੇ ਮੁਹਿੰਮ ਵਿੱਢੀ ਹੋਈ ਹੈ। ਅਗਾਂਹਵਧੂ ਵਿਚਾਰਾਂ ਵਾਲੇ ਬਲੌਗਰਾਂ ਦਾ ਕੁਫ਼ਰ-ਵਿਰੋਧੀ ਕਾਨੂੰਨ ਦੀਆਂ ਉਲੰਘਣਾਵਾਂ ਵਿੱਚ ਸ਼ਾਮਲ ਹੋਣ ਦੇ ਸਬੂਤਾਂ ਬਗ਼ੈਰ ਪਿੱਛਾ ਕੀਤਾ ਜਾਂਦਾ ਹੈ ਅਤੇ ਹਿਰਾਸਤ ਵਿੱਚ ਲੈ ਲਿਆ ਜਾਂਦਾ ਹੈ। ਅਜਿਹਾ ਕਰਕੇ ਸਮਾਜ ਦੇ ਕੱਟੜਵਾਦੀ ਵਰਗ ਦੇ ਹੱਥ ਹੋਰ ਮਜ਼ਬੂਤ ਕੀਤੇ ਜਾ ਰਹੇ ਹਨ। ਜਿਹੜਾ ਵੀ ਧਰਮ ਦੀ ਲੀਕ ਤੋਂ ਹਟ ਕੇ ਵਿਆਖਿਆ ਕਰਨ ਦੀ ਕੋਸ਼ਿਸ਼ ਕਰਦਾ ਹੈ, ਉਸ ਉੱਪਰ ਕੱਟੜ ਮੁਲਾਣੇ ਸਵਾਲ ਉਠਾਉਣ ਲੱਗਦੇ ਹਨ।

ਇੱਥੋਂ ਤਕ ਕਿ ਹਿੰਦੂਆਂ ਵੱਲੋਂ ਦੀਵਾਲੀ ਮਨਾਉਣ ਮੌਕੇ ਜਾਰੀ ਕੀਤੇ ਗਏ ਇੱਕ ਸੰਦੇਸ਼ ਬਦਲੇ ਵੀ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਉੱਪਰ ਕੁਫ਼ਰ ਤੋਲਣ ਦੀਆਂ ਟਿੱਪਣੀਆਂ ਕੀਤੀਆਂ ਗਈਆਂ ਅਤੇ ਉਨ੍ਹਾਂ ਨੂੰ ਵੀ ਬਖ਼ਸ਼ਿਆ ਨਹੀਂ ਗਿਆ। ਅਜਿਹਾ ਕੱਟੜ ਮੁਲਾਣੇ ਹੀ ਨਹੀਂ ਕਰ ਰਹੇ, ਕੁਝ ਅਖੌਤੀ ਟੀਵੀ ਕੁਮੈਂਟੇਟਰ ਵੀ ਇਸ ਮੁਹਿੰਮ ਦਾ ਹਿੱਸਾ ਬਣੇ ਹੋਏ ਹਨ। ਇਨ੍ਹਾਂ ਵਿੱਚ ਹਵਾਈ ਸੈਨਾ ਦਾ ਸੇਵਾਮੁਕਤ ਸੀਨੀਅਰ ਅਧਿਕਾਰੀ, ਜੋ ਚੈਨਲਾਂ 'ਤੇ ਰੱਖਿਆ ਮਾਹਰ ਵਜੋਂ ਵਿਚਰਦਾ ਹੈ, ਵੀ ਸ਼ਾਮਲ ਹੈ। ਅਜਿਹੇ ਮਾਹੌਲ ਨੇ ਮੱਧ ਯੁੱਗ ਦੌਰਾਨ ਯੂਰੋਪ ਵਿੱਚ ਵਾਪਰਦੀਆਂ ਅਜਿਹੀਆਂ ਘਟਨਾਵਾਂ ਨੂੰ ਯਾਦ ਕਰਾ ਦਿੱਤਾ ਹੈ ਜਦੋਂ ਕੁਫ਼ਰ ਤੋਲਣ ਦਾ ਦੋਸ਼ ਲਾ ਕੇ ਲੋਕਾਂ ਨੂੰ ਸਲੀਬਾਂ ਨਾਲ ਬੰਨ੍ਹ ਕੇ ਅੱਗ ਲਾ ਦਿੱਤੀ ਜਾਂਦੀ ਸੀ। ਲਹਿੰਦੇ ਪੰਜਾਬ ਦੇ ਸਾਬਕਾ ਗਵਰਨਰ ਸਲਮਾਨ ਤਾਸੀਰ ਦੀ ਹੱਤਿਆ ਕਰਨ ਵਾਲੇ ਮੁਮਤਾਜ ਕਾਦਰੀ ਦੀ ਇਸਲਾਮਾਬਾਦ ਦੇ ਬਾਹਰਵਾਰ ਬਣਾਈ ਯਾਦਗਾਰ ਨੂੰ ਇੱਕ ਉਦਾਹਰਣ ਵਜੋਂ ਵੇਖਿਆ ਜਾ ਸਕਦਾ ਹੈ। ਉਸ ਨੂੰ ਸ਼ਹੀਦ ਦਾ ਰੁਤਬਾ ਦਿੱਤਾ ਗਿਆ ਤੇ ਹਜ਼ਾਰਾਂ ਸ਼ਰਧਾਲੂ ਸਿਜਦਾ ਕਰਨ ਆਉਂਦੇ ਹਨ ਜਿਨ੍ਹਾਂ ਵਿੱਚ ਸਾਬਕਾ ਜੱਜ ਤੇ ਸਿਆਸਤਦਾਨ ਵੀ ਸ਼ਾਮਲ ਹਨ। ਪ੍ਰਸ਼ਾਸਨ ਬੇਵੱਸ ਨਜ਼ਰ ਆ ਰਿਹਾ ਹੈ। ਸਰਕਾਰਾਂ ਦੀ ਇਹ ਕਮਜ਼ੋਰੀ ਮਰਦਾਨ ਘਟਨਾ ਵਰਗੀਆਂ ਕਈ ਘਟਨਾਵਾਂ ਵਾਪਰਨ ਦਾ ਵੱਡਾ ਕਾਰਨ ਬਣ ਰਹੀ ਹੈ। ਬਿਨਾਂ ਸ਼ੱਕ ਮਸ਼ਾਲ ਦੇ ਬਹੁਤੇ ਹਤਿਆਰੇ ਗ੍ਰਿਫ਼ਤਾਰ ਕੀਤੇ ਜਾਣਗੇ ਤੇ ਉਨ੍ਹਾਂ ਉੱਪਰ ਮੁਕੱਦਮਾ ਚਲਾਏ ਜਾਣ ਦੀ ਵੀ ਸੰਭਾਵਨਾ ਹੈ। ਪਰ ਇਹ ਗੱਲ ਕੇਵਲ ਇੱਕ ਘਟਨਾ ਬਾਰੇ ਨਹੀਂ ਬਲਕਿ ਕੁਫ਼ਰ-ਵਿਰੋਧੀ ਕਾਨੂੰਨ ਦੀ ਉਲੰਘਣਾ ਦੇ ਦੋਸ਼ ਹੇਠ ਹੋ ਰਹੀਆਂ ਹੱਤਿਆਵਾਂ ਨੂੰ ਜਾਇਜ਼ ਠਹਿਰਾਉਣ ਸਬੰਧੀ ਹੈ। ਲੋਕ ਰੋਹ ਦੇ ਬਾਵਜੂਦ ਬਹੁਤੇ ਮੁਲਾਣੇ ਤੇ ਇਸਲਾਮੀ ਪਾਰਟੀਆਂ ਦੇ ਮੈਂਬਰ ਪਿਛਲੇ ਹਫ਼ਤੇ ਵਾਪਰੀ ਇਸ ਘਟਨਾ ਨੂੰ ਨਿੰਦਣਗੇ ਨਹੀਂ। ਮੀਡੀਆ ਵੱਲੋਂ ਮਰਦਾਨ ਯੂਨੀਵਰਸਿਟੀ ਘਟਨਾ ਨੂੰ ਉਭਾਰੇ ਜਾਣ ਬਾਅਦ ਕੁਝ ਮੁੱਖ ਧਾਰਾ ਵਾਲੀਆਂ ਸਿਆਸੀ ਪਾਰਟੀਆਂ ਨੇ ਇਸ ਘਿਨਾਉਣੇ ਕਾਰੇ ਖ਼ਿਲਾਫ਼ ਆਵਾਜ਼ ਉਠਾਈ ਹੈ ਹਾਲਾਂਕਿ ਪਹਿਲਾਂ ਉਹ ਖ਼ਾਮੋਸ਼ ਸਨ। ਇਸ ਹੱਤਿਆ ਕਾਰਨ ਦੇਸ਼ ਅੰਦਰ ਰੋਸ ਦੀ ਲਹਿਰ ਹੈ, ਪਰ ਅਤੀਤ ਵੱਲ ਵੇਖਿਆਂ ਲੱਗਦਾ ਹੈ ਕਿ ਲੋਕ ਇਸ ਘਟਨਾ ਨੂੰ ਵੀ ਸਮਾਂ ਬੀਤਣ ਨਾਲ ਭੁੱਲ ਜਾਣਗੇ। ਦਹਿਸ਼ਤੀ ਕਾਰੇ ਨੂੰ ਸਿਰਫ਼ ਨਿੰਦਣ ਨਾਲ ਕੁਝ ਨਹੀਂ ਬਣਨਾ, ਦੇਸ਼ ਅੰਦਰ ਵਧ ਰਹੇ ਧਾਰਮਿਕ ਅਤਿਵਾਦ ਨੂੰ ਰੋਕਣ ਲਈ ਠੋਸ ਕਦਮ ਚੁੱਕਣ ਦੀ ਲੋੜ ਹੈ।

ਤਾਜ਼ਾ ਤ੍ਰਾਸਦੀ ਨੇ ਸਿਆਸੀ ਲੀਡਰਸ਼ਿਪ ਨੂੰ ਮੌਕਾ ਦਿੱਤਾ ਹੈ ਕਿ ਉਹ ਕੁਫ਼ਰ-ਵਿਰੋਧੀ ਕਾਨੂੰਨ ਨੂੰ ਸੋਧਣ ਲਈ ਕਦਮ ਉਠਾਏ ਤਾਂ ਜੋ ਇਸ ਦੀ ਦੁਰਵਰਤੋਂ ਕਰਕੇ ਮਰਦਾਨ ਵਰਗੀ ਘਟਨਾ ਨੂੰ ਫਿਰ ਨਾ ਦੁਹਰਾਇਆ ਜਾ ਸਕੇ। ਲੋਕਾਂ ਦੀ ਸਹਿਮਤੀ ਬਣਾ ਕੇ ਕੁਝ ਦਲੇਰਾਨਾ ਕਦਮ ਚੁੱਕਣ ਦੀ ਲੋੜ ਹੈ। ਮਸ਼ਾਲ ਨੂੰ ਹਮੇਸ਼ਾਂ ਲਈ ਖ਼ਾਮੋਸ਼ ਕਰਕੇ ਅਤਿਵਾਦੀਆਂ ਨੇ ਆਪਣਾ ਸਪਸ਼ਟ ਸੰਦੇਸ਼ ਦੇ ਦਿੱਤਾ ਹੈ। ਕੀ ਹੁਣ ਸਿਆਸੀ ਲੀਡਰਸ਼ਿਪ ਇਸ ਦਾ ਮੋੜਵਾਂ ਜਵਾਬ ਦੇਣ ਲਈ ਹੌਸਲਾ ਜੁਟਾ ਪਾਏਗੀ, ਇਸ ਉੱਪਰ ਲੋਕਾਂ ਦੀਆਂ ਨਜ਼ਰਾਂ ਲੱਗੀਆਂ ਹੋਈਆਂ ਹਨ।

(ਲੇਖਕ ਉੱਘਾ ਪਾਕਿਸਤਾਨੀ ਕਾਲਮਨਵੀਸ ਤੇ ਨਿਬੰਧਕਾਰ ਹੈ)

## ਬਾਬਾ ਗੁਰਵਿੰਦਰ ਸਿੰਘ ਨੇ ਹਥਿਆਰਾਂ ਤੇ ਸਿਆਸੀ ਰਸੂਖ ਨਾਲ ਗੁਰਦੁਆਰਾ ਓਮਰਾਨਾ ਸਾਹਿਬ ਦਾ ਕਬਜ਼ਾ ਲਿਆ

ਇਕ ਲੜਕੀ ਨਾਲ ਵਿਆਹ ਕਰਾ ਲਿਆ ਤਾਂ ਪਿੰਡ ਦੇ ਲੋਕਾਂ ਨੇ ਕਮੇਟੀ ਬਣਾ ਕੇ ਉਸ ਨੂੰ ਇੱਥੋਂ ਚਲੇ ਜਾਣ ਲਈ ਮਜਬੂਰ ਕਰ ਦਿੱਤਾ। ਬਾਬਾ ਗੁਰਵਿੰਦਰ ਸਿੰਘ ਇਸ ਸ਼ਾਦੀ ਨੂੰ ਦੋਹਾਂ ਪਰਿਵਾਰਾਂ ਦੀ ਆਪਸੀ ਸਹਿਮਤੀ ਆਖਦਾ ਸੀ ਪਰ ਲੋਕ ਉਸ ਦੀ ਇਹ ਦਲੀਲ ਮੰਨਣ ਨੂੰ ਤਿਆਰ ਨਾ ਹੋਏ। ਉਸ ਨੇ 2012 ਦੀ ਚੋਣ ਵੇਲੇ ਕਾਂਗਰਸ ਪਾਰਟੀ ਦੇ ਉਮੀਦਵਾਰ ਰਮਨਜੀਤ ਸਿੰਘ ਸਿੱਕੀ ਦੀ ਮਦਦ ਕੀਤੀ ਸੀ ਅਤੇ ਇਸ ਵਾਰ ਫਿਰ ਤੋਂ ਉਨ੍ਹਾਂ ਸ੍ਰੀ ਸਿੱਕੀ ਨੂੰ ਹਮਾਇਤ ਦਿੱਤੀ ਸੀ।

ਜਿਵੇਂ ਹੀ ਪੱਤਰਕਾਰਾਂ ਦੀ ਟੀਮ ਗੁਰਦੁਆਰੇ ਗਈ ਤਾਂ ਉੱਥੇ ਬਾਬਾ ਗੁਰਵਿੰਦਰ ਸਿੰਘ ਅਤੇ ਬਾਬਾ ਸੁਖਦੇਵ ਸਿੰਘ ਆਪਣੇ ਕਈ ਸਮਰਥਕਾਂ ਨਾਲ ਖੁਸ਼ੀਆਂ ਸਾਂਝੀਆਂ ਕਰ ਰਹੇ ਸਨ। ਗੁਰਦੁਆਰੇ ਦੀ ਆਪਣੀ ਕੋਈ ਛੇ ਏਕੜ ਜ਼ਮੀਨ ਹੈ ਅਤੇ ਇੱਥੇ ਬਾਬਾ ਗੁਰਵਿੰਦਰ ਸਿੰਘ ਨੇ ਵੀ ਆਪਣੀ ਦੋ ਏਕੜ ਜ਼ਮੀਨ ਖਰੀਦੀ ਹੋਈ ਹੈ। ਗੁਰਦਆਰੇ ਦੇ ਨਾਂ 'ਤੇ ਪਿੰਡ ਵਿੱਚ ਇਕ ਪਬਲਿਕ ਸਕੂਲ ਵੀ ਚਲਦਾ ਹੈ। ਥਾਣਾ ਸਦਰ ਦੇ ਐਸ.ਐਚ.ਓ. ਇੰਸਪੈਕਟਰ ਮਨੋਜ ਕੁਮਾਰ ਨੇ ਕਿਹਾ ਕਿ ਇਸ ਸਬੰਧੀ ਕਿਸੇ ਤਰ੍ਹਾਂ ਦਾ ਕੋਈ ਕੇਸ ਦਰਜ ਕਰਨ ਦੀ ਲੋੜ ਨਹੀਂ ਹੈ। ਗੁਰਦੁਆਰੇ ਦੇ ਬਾਹਰਵਾਰ ਪਿੰਡ ਵਿੱਚ ਪੁਲੀਸ ਫੋਰਸ ਤਾਇਨਾਤ ਕੀਤੀ ਹੋਈ ਹੈ।

## ਪੰਥਕ ਧਿਰਾਂ ਨੇ ਬਾਦਲਾਂ ਨੂੰ ਧਾਰਮਿਕ ਖੇਤਰ 'ਚੋਂ ਵੀ ਬਾਹਰ ਕਰਨ ਦੀ ਘੜੀ ਰਣਨੀਤੀ

ਪੰਜਾਬ ਨਹੀਂ ਸਗੋਂ ਸੱਤਾ ਪਿਆਰੀ ਹੈ। ਇਸ ਕਾਰਨ ਹੁਣ ਬਾਦਲਾਂ ਨੂੰ ਸਿਆਸੀ ਪਿੜ ਤੋਂ ਬਾਅਦ ਧਾਰਮਿਕ ਪਿੜ ਵਿਚੋਂ ਵੀ ਨਿਕਾਲਾ ਦੇਣਾ ਜ਼ਰੂਰੀ ਹੈ। ਪਾਰਟੀ ਨੇ ਇਸ ਵਾਰ ਪੂਰੀ ਤਿਆਰੀ ਕਰਕੇ ਐਸਜੀਪੀਸੀ ਦੀਆਂ ਚੋਣਾਂ ਲੜਨ ਦਾ ਫੈਸਲਾ ਕੀਤਾ ਹੈ। ਉਨ੍ਹਾਂ ਕਿਹਾ ਕਿ ਐਸਜੀਪੀਸੀ ਇਸ ਵੇਲੇ ਪੂਰੀ ਤਰ੍ਹਾਂ ਬਾਦਲਾਂ ਦੀ ਕਠਪੁਤਲੀ ਬਣ ਚੁੱਕੀ ਹੈ ਅਤੇ ਜਿਹੜਾ ਵੀ ਬਾਦਲਾਂ ਵਿਰੁੱਧ ਬੋਲਦਾ ਹੈ ਉਸ ਨੂੰ ਐਸਜੀਪੀਸੀ ਵੱਲੋਂ ਛਾਂਗਿਆ ਜਾ ਰਿਹਾ ਹੈ। ਉਨ੍ਹਾਂ ਇਸ ਵਾਰ ਨਿਗਮ ਚੋਣਾਂ ਲੜਨ ਦਾ ਐਲਾਨ ਕੀਤਾ। ਤਿੰਨਾਂ ਆਗੂਆਂ ਨੇ ਦੱਸਿਆ ਕਿ ਅਗਲੇ ਦਿਨੀਂ ਪਾਰਟੀ ਵੱਲੋਂ ਵੱਡਾ ਇਕੱਠ ਕਰਕੇ ਜਿਥੇ ਜਥੇਬੰਦੀ ਨੂੰ ਨਵਾਂ ਰੂਪ ਦਿੱਤਾ ਜਾਵੇਗਾ, ਉਥੇ ਐਸਜੀਪੀਸੀ ਉਪਰ ਬਾਦਲਾਂ ਦੇ ਗਲਬੇ ਨੂੰ ਖ਼ਤਮ ਕਰਨ ਲਈ ਰਣਨੀਤੀ ਦਾ ਐਲਾਨ ਵੀ ਕੀਤਾ ਜਾਵੇਗਾ। ਇਸ ਮੌਕੇ ਕੈਪਟਨ ਸਿੱਧੂ ਨੇ ਕਿਹਾ ਕਿ ਉਨ੍ਹਾਂ ਨੇ ਵਿਧਾਨ ਸਭਾ ਚੋਣਾਂ ਦੌਰਾਨ ਐਕਸ ਸਰਵਿਸਮੈਨ ਫਰੰਟ ਵੱਲੋਂ ਕੈਪਟਨ ਅਮਰਿੰਦਰ ਸਿੰਘ ਦੀ ਡੱਟ ਕੇ ਹਮਾਇਤ ਕੀਤੀ ਸੀ ਪਰ ਉਨ੍ਹਾਂ ਨੇ ਕੈਨੇਡਾ ਦੇ ਰੱਖਿਆ ਮੰਤਰੀ ਹਰਜੀਤ ਸਿੰਘ ਸੱਜਣ ਨੂੰ ਖਾਲਿਸਤਾਨੀਆਂ ਦਾ ਹਮਾਇਤੀ ਕਹਿ ਕੇ ਦੁਨੀਆਂ ਭਰ ਦੇ ਸਿੱਖਾਂ ਨੂੰ ਭਾਰੀ ਠੇਸ ਅਤੇ ਢਾਹ ਲਾਈ ਹੈ। ਸੂਤਰਾਂ ਅਨੁਸਾਰ ਯੂਨਾਈਟਿਡ ਅਕਾਲੀ ਦਲ ਵੱਲੋਂ ਆਪਣੇ ਨਵੇਂ ਢਾਂਚੇ ਨੂੰ ਬਣਾਉਣ ਵੇਲੇ ਕਈ ਸੀਨੀਅਰ ਆਗੂਆਂ ਦੀ ਛਾਂਟੀ ਕੀਤੀ ਜਾ ਸਕਦੀ ਹੈ।

# ਕੰਨ੍ਹੇੜੀ ਚੜ੍ਹੇ ਵਰ੍ਹੇ

**ਸਵੈ ਜੀਵਨੀ 'ਕੰਨ੍ਹੇੜੀ ਚੜ੍ਹੇ ਵਰ੍ਹੇ' ਰਜਿੰਦਰ ਕੌਰ ਦੀ ਜ਼ਿੰਦਗੀ ਨਾਲ ਰੂ-ਬ-ਰੂ ਕਰਵਾਉਂਦੀ ਹੈ। ਰਾਜਿੰਦਰ ਕੌਰ ਉਨ੍ਹਾਂ ਲੇਖਕਾਵਾਂ ਵਿਚੋਂ ਹੈ, ਜਿਨ੍ਹਾਂ ਨੇ ਜੀਵਨ ਆਪਣੀਆਂ ਸ਼ਰਤਾਂ 'ਤੇ ਜੀਵਿਆ ਹੈ। ਰਾਸ਼ਟਰਪਤੀ ਪੁਰਸਕਾਰ ਸਰਵੋਤਮ ਅਧਿਆਪਕਾ, ਸਟੇਟ ਐਵਾਰਡੀ, ਸਰਵੋਤਮ ਬਾਲ ਸਾਹਿਤ ਲੇਖਕਾ ਵਰਗੇ ਇਨਾਮ-ਸਨਮਾਨ ਰਜਿੰਦਰ ਕੌਰ ਦੀ ਝੋਲੀ ਪਏ ਹਨ ਪਰ ਉਨ੍ਹਾਂ ਨੇ ਇਹ ਬਾਲ ਮਨ ਦੇ ਸੁੱਚੇ ਸੁਪਨਿਆਂ ਨੂੰ ਸ਼ਬਦਾਂ ਵਿਚ ਪਰੋਅ ਕੇ ਪਾਠਕਾਂ ਦੀ ਝੋਲੀ ਖ਼ੂਬਸੂਰਤ ਬਚਪਨ ਪਾਇਆ ਹੈ। ਪੁਸਤਕ ਪੜ੍ਹਦਿਆਂ ਪਾਠਕਾਂ ਨੂੰ ਇਉਂ ਮਹਿਸੂਸ ਹੁੰਦਾ ਹੈ ਜਿਵੇਂ ਉਹ ਚੰਨ, ਸੂਰਜ, ਤਾਰਿਆਂ ਦੀ ਕੰਨ੍ਹੇੜੀ ਚੜ੍ਹ ਮੁੜ ਆਪਣਾ ਬਚਪਨ ਤੱਕ ਰਹੇ ਹੋਣ। ਮਾਂ ਦੀਆਂ ਮਿੱਠੀਆਂ ਝਿੜਕਾਂ, ਨਾਨੀ-ਦਾਦੀ ਦੇ ਲਾਡ ਨਾਲ ਭਿੱਜੀ ਇਸ ਪੁਸਤਕ ਦਾ ਆਨੰਦ ਤੁਸੀਂ ਵੀ ਮਾਣੋ। । ਇਹ ਕਿਤਾਬ ਕਿਉਂ ਲਿਖੀ, ਇਸ ਬਾਰੇ ਰਜਿੰਦਰ ਕੌਰ ਦੇ ਹੀ ਲਫ਼ਜ਼ਾਂ ਨੂੰ ਵੀ ਫੜਦੇ ਹਾਂ।**



**ਰਜਿੰਦਰ ਕੌਰ**
ਫ਼ੋਨ: 98889-02339, 84271-12339

### ਤੇ ਬਸ...

ਉਹ ਚੇਤੇ ਜੋ ਅੱਚਣਚੇਤੇ –
ਕਣਤਾਉਂਦੇ ਸਤਾਉਂਦੇ ਤੇ ਤੜਪਾਉਂਦੇ ਰਹੇ ਮੈਨੂੰ ਸਦਾ –
ਜਾਣੇ ਅਣਜਾਣੇ, ਉੱਠਦੇ ਬੈਠਦੇ, ਸੌਂਦੇ-ਜਾਗਦੇ –
ਖ਼ਾਸ ਕਰ ਮੇਰੇ ਵਿਹਲੇ ਪਲਾਂ ਵਿਚ- ਆ ਖੜਦੇ ਮੇਰੇ ਸਿਰਾਣੇ-
-ਤੇ ਕਦੀ ਰਿਹਾੜ ਕਰੀ ਜਾਂਦੇ – ਚਾਮ੍ਹਲੇ ਨਿਆਣਿਆਂ ਵਾਂਗ ਕਰੀ ਜਾਂਦੇ, ਮੇਰੀ ਧੂ-ਘੜੀਸ – ਤੇ ਲੈ ਜਾਂਦੇ ਮੈਨੂੰ ਅਤੀਤ ਦੀਆਂ ਬਰੂਹਾਂ 'ਤੇ
ਜਿੱਥੇ ਪੁੱਜ ਮੈਂ ਅੰਤਾਂ ਦੀ ਉਦਾਸ ਹੋ ਜਾਂਦੀ ਤੇ ਬੇਚੈਨ ਵੀ – ਉਨ੍ਹਾਂ ਪਲਾਂ ਨੂੰ ਫੜਦੀ ਫੜਦੀ, ਉਨ੍ਹਾਂ ਮਗਰ ਦੌੜਦੀ ਦੌੜਦੀ ਕਦ ਪੁੱਜ ਗਈ ਮੈਂ
ਇੱਥੇ ਉਨ੍ਹਾਂ ਨੂੰ ਸਾਂਭਣ ਲਈ ਸੰਜੋਣ ਲਈ – ਨਹੀਂ ਜਾਣਦੀ ਹਾਂ ਮੈਂ –
ਉਂਜ ਜਿੰਨੀ ਕੋਸ਼ਿਸ਼ ਕਰਦੀ – ਉਹ ਘੜੀਆ, ਉਹ ਪਲ, ਹੋਰ ਪਰ੍ਹਾਂ ਨੂੰ ਹੋਰ ਪਰ੍ਹਾਂ ਨੂੰ ਤਿਲਕਦੇ ਹੀ ਚਲੇ ਜਾਂਦੇ- ਕਲ੍ਹ ਕਲ੍ਹ ਕਰਦੇ ਪਾਣੀਆਂ ਵਾਂਗ ਮੈਂ ਉਨ੍ਹਾਂ ਨੂੰ ਤਲੀਆਂ 'ਤੇ ਬੋਚਦੀ – ਮੁੱਠੀਆਂ ਵਿਚ ਭਰਨ ਦੀ ਕੋਸ਼ਿਸ਼ ਕਰਦੀ ਤਾਂ ਐਂ ਲਗਦਾ – ਜੋ ਹੱਥ ਆ ਰਿਹਾ ਹੈ ਉਹ ਤਾਂ ਨਿਰਾ 'ਕਲਬੂਤ' ਹੈ ਉਨ੍ਹਾਂ ਪਲਾਂ ਦਾ – ਰੂਹ ਤਾਂ ਅਜੇ
ਵੀ ਕਿਤੇ ਦੂਰ ਖੜੀ ਹੈ, ਬਹੁਤ ਦੂਰ – ਖ਼ਬਰੇ ਕਿਤੇ ਮੇਰੀ ਪਹੁੰਚ ਤੋਂ ਬਾਹਰ।
ਕਦੇ ਕਦੇ ਇੰਜ ਲੱਗਣ ਲੱਗਦਾ ਐਡਾ ਬੋਝ ਲੈ ਕੇ ਕੀਕਣ ਮਰ ਸਕਾਂਗੀ ਮੈਂ
ਮੈਂ ਤਾਂ ਚੱਜ ਨਾਲ ਜੀਉ ਵੀ ਨਹੀਂ ਰਹੀ ਹਾਂ – ਬਸ ਉਨ੍ਹਾਂ ਪਲਾਂ ਨੂੰ ਜਾਣੇ
ਅਣਜਾਣੇ ਕੰਨ੍ਹੇੜੀ ਚੁੱਕ ਮੈਂ ਆਪਣੇ ਮਨ ਦਾ ਬੋਝ ਹਲਕਾ ਕਰ ਰਹੀ ਹਾਂ, ਅੱਜ – ਇਹ ਇਕ ਨਿੱਕਾ ਜਿਹਾ ਉਪਰਾਲਾ – ਤੇ ਬਸ।

ਜੋ ਲਿਖਿਆ ਹੈ – ਜਾਣੇ ਆਣਜਾਣੇ – ਆਪ ਮੁਹਾਰੇ ਉਤਰਦਾ ਗਿਆ ਇਨ੍ਹਾਂ ਪੰਨਿਆਂ 'ਤੇ – ਐਨ ਬਚਪਨ ਵਿਚ ਕੱਚੀ ਮਿੱਟੀ 'ਤੇ ਪਾਏ – ਘੁੱਗੂ ਘਾਂਗੜਿਆਂ ਵਾਂਗ –
ਪਾਠਕ ਕਿਵੇਂ ਲੈਣਗੇ ਕਿਵੇਂ ਸੋਚਣਗੇ – ਨਹੀਂ ਜਾਣਦੀ ਹਾਂ ਮੈਂ – ਉਂਜ ਇਹ ਸੋਚਕੇ ਤਾਂ ਲਿਖਿਆ ਹੀ ਨਹੀਂ ਹੈ – ਇਹ ਸੋਚ ਕੇ ਤਾਂ ਲਿਖਿਆ ਹੀ ਨਹੀਂ ਸੀ ਜਾਣਾ ਇਕ ਅੱਖਰ ਵੀ ਨਹੀਂ – ਤੇ ਜਦ ਲਿਖਣ ਬੈਠ ਗਈ – ਫੇਰ ਕੀ – ਫੇਰ ਤਾਂ ਸੋਚਾਂ ਦਾ ਪਟਾਰਾ ਖੁੱਲ੍ਹ ਕੇ ਸਾਰੇ ਦਾ ਸਾਰਾ – ਖਿੰਡ ਪੁੰਡ ਗਿਆ – ਮੇਰੇ ਦੁਆਲੇ – ਜੋ ਕਿਸੇ ਤਰ੍ਹਾਂ ਸਿਮਟਣ ਵਿਚ ਹੀ ਨਾ ਆਏ –
ਸੋਚਾਂ – ਐਡਾ ਉਲ-ਜਲੂਲ – ਕੌਣ ਪੜ੍ਹੇਗਾ – ਕੋਈ ਪੜ੍ਹੇਗਾ ਵੀ – ਕਿਸ ਕੋਲ ਹੋਵੇਗੀ – ਐਡੀ ਰੁਝੇਵਿਆਂ ਭਰੀ ਜ਼ਿੰਦਗੀ ਵਿਚ ਵਿਹਲ – ਮੇਰੇ ਲਈ – ਹੁਣ ਕੀ ਤਾਂ ਲਿਖਾਂ ਤੇ ਕੀ ਛੱਡਾਂ, ਸਵਾਲ ਇੱਥੇ ਆ ਕੇ ਖੜ੍ਹ ਗਿਆ – ਮੇਰੇ ਸਹਾਮਣੇ –

ਉਲਝੀ ਨੂੰ ਦੇਖ ਇਕ ਦਿਨ ਅਚਾਨਕ – ਕੋਲ ਬੈਠੀ ਨਿੱਕੀ ਬੱਚੀ – ਕੁਨਮੁਨ (ਅਨਾਹਤ) ਦੋਹਤੀ ਕਹਿਣ ਲੱਗੀ – "ਨਾਨੀ ਮਾਂ – ਆਪ ਸਭ ਲਿਖੋਗੇ – ਕੁਛ ਵੀ ਕਮ ਨਹੀਂ ਕਰੋਗਾ, ਸਮਝੇ! ਮੈਂ ਪੰਜਾਬੀ ਸੀਖ ਰਹਾ ਹੂੰ – ਜਬ ਤੱਕ ਆਪ ਕੀ ਬੁੱਕ (ਪੁਸਤਕ) ਤਿਆਰ ਹੋਗੀ – ਮੈਂ ਅੱਛੀ ਤਰ੍ਹਾਂ ਪੰਜਾਬੀ ਪੜ੍ਹਨਾ ਸੀਖ ਲੂੰਗਾ – ਕੋਈ ਨਹੀਂ ਪੜ੍ਹੇਗਾ – ਨਾ ਸਹੀ, ਮੈਂ ਪੜੂੰਗਾ, ਆਪ ਕੀ ਸਾਰੀ ਬੁੱਕ – ਠੀਕ।"
ਉਹ ਬੱਚੀ ਜੋ ਅਜੇ 'ਗਾ' 'ਗੀ' ਵਿਚ ਹੀ ਉਲਝੀ ਹੋਈ ਹੈ – ਮੇਰੀ ਪ੍ਰੇਰਣਾ ਬਨਦੀ ਹੈ ਮੇਰਾ ਸੱਚਾ ਸੁੱਚਾ – ਪਹਿਲਾ ਸੁਹਿਦਰ ਪਾਠਕ ਜੋ – ਨਿੱਕਾ ਨਿੱਕਾ ਪਰੀ ਕਹਾਣੀਆਂ ਵਰਗਾ ਸੁਣਦੀ ਰਹਿੰਦੀ ਹੈ ਤੇ ਮੰਤਰ-ਮੁਗਧ ਹੁੰਦੀ ਰਹਿੰਦੀ ਹੈ – ਮੈਨੂੰ ਮੇਰਾ ਅਜਿਹਾ ਇਕ ਪਾਠਕ ਹੀ ਮੇਰੇ ਸਿਰ ਮੱਥੇ –
"ਨਾਨੀ ਜੀ –ਤੁਹਾਡੀ 'ਭੂਆ ਲੇਡਣ ਦਾ ਵਿਹੜਾ' ਤਾਂ ਅਸੀਂ ਔਖੇ ਸੌਖੇ ਪੜ੍ਹ ਗਏ ਪਰ ਜੇ ਅੱਗੋਂ ਬੱਚਿਆਂ ਨੂੰ ਇਹ ਕਿਤਾਬ ਪੜ੍ਹਨੀ ਪੈ ਗਈ – ਐਨੀ ਔਖੀ ਪੰਜਾਬੀ – ਉਹ ਸਾਰੇ ਬੱਚੇ, ਪੰਜਾਬ ਬੋਰਡ ਛੱਡ ਕੇ ਸੀ ਬੀ ਐਸ ਸੀ ਵੱਲ ਚਲੇ ਜਾਣਗੇ। ਇਹ ਬੋਲ ਮੇਰੇ ਸੁਹਿਰਦ ਸਰੋਤੇ-ਦੋਹਤੇ ਸਿਕੰਦਰ ਦੇ ਹਨ-ਜੋ ਸੁਣ ਕੇ ਸਮਝਕੇ ਤਾਂ ਅਨੰਦ ਮਾਣ ਰਿਹਾ ਹੈ ਪਰ ਪੜ੍ਹਨ ਤੋਂ, ਖ਼ਾਸ ਕਰ ਪੰਜਾਬੀ – ਅੰਤਾਂ ਦਾ




ਕੰਨੀ ਕਤਰਾਉਂਦਾ ਹੈ – ਪੰਜਾਬੀ ਨਾਲੋਂ ਤੇ ਆਪਣੇ ਵਿਰਸੇ ਨਾਲੋਂ ਟੁੱਟਣਾ – ਬੱਚਿਆਂ ਦੇ ਇਨ੍ਹਾਂ ਤੌਖਲਿਆਂ ਨੇ ਮੈਨੂੰ ਨਹੀਂ ਸਾਨੂੰ ਸਾਰਿਆਂ ਨੂੰ ਹੀ ਅੰਦਰੋਂ ਹਲੂਣ ਕੇ ਰੱਖ ਦਿੱਤਾ ਹੈ – ਮੇਰੇ ਇਹ ਬੋਲ, ਇਹ ਸ਼ਬਦ ਉਨ੍ਹਾਂ ਨੂੰ ਜਾਣੇ ਅਣਜਾਣੇ ਕੁਝ ਦੇ ਜਾਣਗੇ ਮੈਨੂੰ ਅੰਤਾਂ ਦੀ ਖ਼ੁਸ਼ੀ ਹੋਵੇਗੀ।
ਇੱਥੇ ਵਿਚ ਵਿਚ ਵਰਤੀ ਸ਼ਬਦਾਵਲੀ – ਸ਼ਾਇਦ ਮੇਰੇ ਸੁਹਿਰਦ ਪਾਠਕਾਂ ਨੂੰ ਅੱਖੜੇ ਵੀ ਕਿਤੇ – ਜਿਹਾ ਮੈਂ ਸੋਚਦੀ ਵੀ ਹਾਂ ਤੇ ਜਾਣਦੀ ਵੀ ਹਾਂ – ਪਰ ਕੀ ਕਰਾਂ ਮੈਂ – ਇਹ ਮੇਰੀ ਮਜਬੂਰੀ ਹੈ – ਜਿਹਾ ਸੋਚਦੀ ਹਾਂ ਸੁਣਦੀ ਹਾਂ ਬੋਲਦੀ ਹਾਂ ਮੈਨੂੰ ਉਹੋ ਕਹਿਣਾ ਸੁਨਣਾ ਬੋਲਣਾ ਲਿਖਣਾ ਚੰਗਾ ਲਗਦਾ ਹੈ, ਸੱਚਾ ਸੱਚਾ, ਸੁੱਚਾ ਸੁੱਚਾ ਜੋ ਮੇਰੇ ਸੁਭਾਓ ਵਿਚ ਹੀ ਹੈ – ਨਿੱਖੜ ਹੀ ਨਹੀਂ ਸਕਦਾ ਕਿਸੇ ਤਰ੍ਹਾਂ – ਸੋ ਇਸ ਲਈ ਮੈਂ ਪਾਠਕਾਂ ਤੋਂ ਪਹਿਲਾਂ ਹੀ ਖਿਮਾਂ ਦੀ ਜਾਚਕ ਹਾਂ–
ਕੁਝ ਸ਼ਬਦ ਪੁਆਧੀ ਬੋਲੀ ਦੇ ਆਪ-ਮੁਹਾਰੇ ਹੀ ਆ ਜੁੜੇ ਹਨ, ਮੇਰੀ ਲਿਖਤ ਵਿਚ ਹੀਰੇ ਜਵਾਹਰਾਤ ਤੇ ਨਗੀਨਿਆਂ ਵਰਗੇ – ਉਨ੍ਹਾਂ ਨੂੰ ਵਰਤਕੇ ਮੈਂ ਫ਼ਖ਼ਰ ਮਹਿਸੂਸ ਕਰਦੀ ਹਾਂ – ਮੇਰੀ ਮਾਂ ਬੋਲੀ ਜੁ ਹੋਈ।
ਬਹੁਤ ਸੋਚ ਉਪਰੰਤ – ਸਹੂਲਤ ਵਜੋਂ – ਘਟਨਾ ਕਰਮ ਨੂੰ 'ਸਥਾਨ' ਮਤਾਬਿਕ ਕਰ ਦਿੱਤਾ ਗਿਆ ਹੈ – ਪਹਿਲੇ ਨੌਂ ਪਾਠ ਸਧਾਰਨ ਜਾਣਕਾਰੀ ਦੇ ਸਾਂਝੇ ਜਿਹੇ ਹਨ – ਦਸ ਤੋਂ ਤੇਰਾਂ ਤਕ ਮੇਰੇ ਮੁਢਲੇ ਵਰ੍ਹੇ, ਲਹੌਰ ਦੇ ਹਨ – ਚੌਦਾਂ ਤੋਂ ਬਾਈ ਤੱਕ ਮੇਰਾ ਨਾਨਕਾ ਪਿੰਡ ਹੈ, ਤੇਈ ਤੋਂ ਤਰਤਾਲੀ ਤੱਕ 'ਦਾਦਕਾ', ਚੁਤਾਲੀ ਤੋਂ ਤਰਵੰਜਾ ਤੱਕ ਸ਼ਿਮਲਾ।

ਤੇ ਬਾਅਦ ਦਾ ਬਾਕੀ ਸਾਮ – ਮੇਰਾ, ਸੱਤਵੀਂ ਅੱਠਵੀਂ ਜਮਾਤ ਤੱਕ ਦਾ ਚੰਡੀਗੜ੍ਹ ਦਾ ਹੈ।
ਕੁਝ ਸੁਹਿਰਦ ਦੋਸਤ ਮਿੱਤਰਾਂ ਤੇ ਸਾਥੀਆਂ (ਇੱਥੇ ਨਾਂ ਨਹੀਂ ਦੇਵਾਂਗੀ), ਉਹ ਆਪ ਜਾਣਦੇ ਹਨ ਜਿਨ੍ਹਾਂ ਮੈਨੂੰ ਇਸ ਪੁਸਤਕ ਦੇ ਸੰਦਰਭ ਵਿਚ ਸੁਣਿਆ, ਪੜ੍ਹਿਆ, ਜਾਣਿਆਂ ਤੇ ਬਰਦਾਸ਼ਤ ਵੀ ਕੀਤਾ ਹੈ – ਆਪਣੀਆ ਪਲਕਾਂ 'ਤੇ ਬਿਠਾਉਂਦੀ ਮੈਂ ਉਨ੍ਹਾਂ ਦੀ ਤਹਿ ਦਿਲੋਂ ਧੰਨਵਾਦੀ ਹਾਂ।
ਚੇਤਿਆਂ ਦੀ ਪਨੀਰੀ 'ਚ ਜੋ ਪੁੰਗਰਿਆ ਹੈ – ਉਹੋ ਬੀਜਿਆ ਹੈ ਇੱਥੇ, ਉਂਜ ਮਾੜੀ ਮੋਟੀ ਖਾਦ ਵੀ ਪਾਈ ਹੈ – ਕਿਤੇ ਕੁਝ ਅਜਿਹਾ ਉੱਗ ਆਇਆ ਹੋਵੇ ਜੋ ਪਾਠਕਾਂ ਨੂੰ ਅੱਖੜੇ, ਉਹ ਆਪ 'ਗੁਡਾਈ' ਕਰ ਕੱਢ ਸਕਦੇ ਹਨ, ਮੇਰੀ ਇਸ ਨਿੱਕੀ ਨਿੱਕੀ ਫਸਲ 'ਚੋਂ ਮੇਰੇ ਵਲੋਂ ਪੂਰੀ ਖੁਲ੍ਹ ਹੈ – ਉਨ੍ਹਾਂ ਸੁਹਿਰਦ ਪਾਠਕਾਂ ਦੀਆਂ ਕਲਮਾਂ ਮੇਰੇ ਸਿਰ ਮੱਥੇ – ਏਨਾ ਹੀ ਕਹਾਂਗੀ – ਤੇ ਬਸ

### *ਮੋਹ- ਭਿੱਜੀ ਮੁਹਾਰਨੀ*

*ਫੁੱਲਾਂ – ਕਲੀਆਂ*
*ਮਹਿਕਾਂ ਤੇ ਰੰਗਤਾਂ ਭਰੀ –*
*ਬੀਜੀ ਭਾਪਾ ਜੀ ਦੀ –*
*ਅੰਸ਼-ਵੰਸ਼ 'ਫੁਲਵਾੜੀ'---*
*ਸਿੰਦਰ ਮੋਹਣ ਸੋਹਣ ਤਾਰੀ ਬੱਬਲ – 'ਆਰ ਪਰਿਵਾਰ'*
*ਬਾਲ-ਬੱਚੇ ਤੇ ਬਚੜੇ*
*ਰਾਣਾ ਰੋਜ਼ੀ ਮੁੰਨਾ ਨੋਨਾ ਸ਼ਾਨਾ*
*ਜਸਵਿੰਦਰ ਬਿਪਨ ਜੌਹਨ*
*ਸਿਕੰਦਰ ਕੁਨਮੁਨ ਸ਼ੌਨ --ਤੇ---ਤੇ---*
*ਜਿਨ੍ਹਾਂ ਸੰਗ*
*ਹੱਸਦਿਆਂ-ਖੇਡਦਿਆਂ*
*ਗਾਉਂਦਿਆਂ-ਗੁਟਕਦਿਆਂ*
*ਕੁਤਕੁਤਾੜੀਆਂ-ਕੱਢਦਿਆਂ*
*ਚੁੰਮਣ-ਬਰਸਾਉਂਦਿਆਂ*
*ਨਿੱਕੇ ਨਿੱਕੇ ਪਲਾਂ ਦੀ*
*ਮੋਹ-ਭਿੱਜ ਮੁਹਾਰਨੀ –*
*ਕਰਦਿਆਂ-ਕਰਾਉਂਦਿਆਂ*
*ਮੇਰੇ ਇਹ ਬੋਲ--*
*"ਕੰਨ੍ਹੇੜੀ ਚੜ੍ਹੇ..."*
*ਉਨ੍ਹਾਂ ਸਾਰਿਆਂ ਦੀ ਝੋਲ*
***ਰਾਜਿੰਦਰ ਉਰਫ਼ ਜਿੰਦਰ ਉਰਫ਼ ਜਿੰਦਰੂ***

### ਧਰਤੀ ਬਣਾ ਕੇ ਜਿਸ ਨੇ...

"ਧਰਤੀ ਬਣਾ ਕੇ ਜਿਸ ਨੇ ਉਪਰ ਅਕਾਸ਼ ਤਣਿਆ
ਦੋਹਾਂ ਦੇ ਵਿਚ ਸੁਹਣਾ ਸੁੰਦਰ ਜਹਾਨ ਬਣਿਆ
ਇਹ ਚੰਦਰਮਾਂ ਇਹ ਸੂਰਜ, ਇਹ ਜਗਮਗਾਉਂਦੇ ਤਾਰੇ
ਇਹ ਪੌਣ ਅਤੇ ਪਾਣੀ, ਪਰਬਤ ਜੁ ਭਾਰੇ ਭਾਰੇ"
..........
ਕਿਸ ਲੇਖਕ ਦੀਆਂ ਇਹ ਸਤਰਾਂ ਹਨ-
ਨਹੀਂ ਜਾਣਦੀ ਹਾਂ-ਮੈਂ
ਪਰ ਇਹ ਬੋਲ-
ਮੇਰੇ 'ਕੰਨ੍ਹੇੜੀ ਚੜ੍ਹੇ ਵਰ੍ਹਿਆਂ' ਦੀ ਦੇਣ ਹਨ
ਮੇਰੀ ਕਿਸੀ ਪਾਠ ਪੁਸਤਕ ਵਿਚ ਦਰਜ
ਸੁਹਣੇ ਰੱਬ ਦੀ ਸੁਹਣੀ ਕਾਇਨਾਤ ਦਾ ਗੀਤ
ਮੈਨੂੰ ਕੁਦਰਤ ਨਾਲ ਜੋੜਨ ਵਿਚਰਨ
'ਉਨ੍ਹਾਂ' ਜਾਨਣ, ਮਾਨਣ, ਗਾਉਣ ਤੇ ਹੰਢਾਉਣ ਦਾ ਗੀਤ
ਇਹ ਸਤਰਾਂ
ਜ਼ਿਹਨ ਦਾ ਬੂਹਾ ਖੋਲ੍ਹ
ਜਦ ਆਪ ਮੁਹਾਰੇ ਆ
ਬਰਾਜਮਾਨ ਹੁੰਦੀਆਂ ਹਨ ਮੇਰੇ ਸਾਹਵੇਂ
ਤਾਂ ਉਸ 'ਕਾਦਰ' ਮੂਹਰੇ
ਝੁੱਕ ਜਾਂਦਾ ਹੈ ਮੇਰਾ ਸਿਰ
ਤੇ ਉਸ 'ਕਾਦਰ' ਮੂਹਰੇ
ਝੁੱਕ ਜਾਂਦਾ ਹੈ ਮੇਰਾ ਸਿਰ
ਤੇ ਮੈਂ ਧੰਨਵਾਦ ਕਰਦੀ ਨਹੀਂ ਥੱਕਦੀ
'ਉਸ ਦਾ' 'ਉਸ' ਦੀ ਕੁਦਰਤ ਦਾ
'ਉਹਦੀ' ਦੁਨੀਆ ਦਾ
ਦੁਨੀਆ ਵਿਚ ਵਿਚਰਦੇ ਬੰਦਿਆਂ ਦਾ
ਜੋ ਸਦਾ ਮੇਰੇ ਅੰਗ ਸੰਗ ਹਨ
ਮਾਂ ਬਾਪ, ਭੈਣ-ਭਾਈ, ਦੋਸਤ-ਮਿੱਤਰ, ਰਿਸ਼ਤੇਦਾਰ
ਆਂਢ ਗੁਆਂਢ, ਮੇਰਾ ਪਰਿਵਾਰ,
ਤੇ ਖੁਦ ਮੇਰੀ ਆਪਣੀ ਹੋਂਦ ਵੀ
ਜਿਹਨੇ ਮੈਨੂੰ, ਮੇਰੇ ਨਾਉਂ ਨੂੰ
ਥਾਂ ਦਿੱਤੀ ਇਸ ਧਰਤ 'ਤੇ
ਉਨ੍ਹਾਂ ਸਾਰਿਆਂ ਮੂਹਰੇ
'ਨਤਮਸਤਕ' ਹੁੰਦੀ ਹਾਂ-ਮੈਂ
ਮੈਂ- ਰਾਜਿੰਦਰ ਕੌਰ ਉਰਫ਼ ਜਿੰਦਰੂ ਉਰਫ਼ ਜਿੰਦਰ
ਉਰਫ਼ ਮੁੰਨੀ
ਰੱਜੂ, ਰੱਜੋ, ਰਾਜ, ਰਾਜਾ, ਰਾਜੂ, ਰਾਜੋ। ਰਾਜਾਂ, ਰਾਜੀ
ਤੇ ਕਿਸੇ ਸੁਪਨੇ ਨੂੰ ਜੀਉਂਦੀ ਰਜ਼ੀਆ ਵੀ

### ਦਸ ਆਲੀ ਗੱਡੀ

ਸੁੱਖਰਾਮਪੁਰ ਟੱਪਰੀਆਂ
ਨਾਨਕਾ ਪਿੰਡ ਹੈ ਮੇਰਾ
ਰੋਪੜ-ਕਾਲਕਾ, ਰੋਪੜ-ਅੰਬਾਲਾ ਪੱਕੀ ਸੜਕ 'ਤੇ
ਐਨ ਗੁਰਦੁਆਰਾ ਭੱਠਾ ਸਾਹਿਬ ਦੇ ਕੋਲ

ਉੱਨੀ ਸੌ ਚਾਲੀ ਅਕਤੂਬਰ ਦੀ ਤਿੰਨ ਤਾਰੀਖ਼
ਇਸ ਪਿੰਡ ਦੇ ਇਕ ਮੁਹਤਬਰ
ਸ. ਜੀਵਾ ਸਿੰਘ ਦੀ ਧੀ 'ਪਿਆਰੋ' ਉਰਫ਼ ਹਰਬੰਸ ਕੌਰ
ਜਨਮ ਦਿੰਦੀ ਹੈ-ਆਪਣੀ ਜੇਠੀ ਧੀ ਨੂੰ

'ਘੜੀਆਂ' ਆਮ ਨਹੀਂ ਹਨ ਇਨ੍ਹਾਂ ਦਿਨਾਂ ਵਿਚ
ਪਰ ਬੀਜੀ (ਮੇਰੀ ਮਾਂ) ਦਸਦੇ ਹਨ
ਜਦ ਮੈਂ ਜੰਮੀ
ਰਾਤ ਨੂੰ ਗੱਡੀ ਆਈ ਸੀ ਦਸ ਆਲੀ (ਵਾਲੀ)
ਜ਼ਰੂਰ ਆਈ ਹੋਵੇਗੀ ਗੱਡੀ
ਗੱਡੀ ਦਾ ਕੀ ਹੈ
ਦਸ ਵਜੇ ਆਏ ਜਾਂ ਸਾਢੇ ਦਸ ਦਿਨੇ ਜਾਂ ਰਾਤੀਂ
ਕੀ ਫ਼ਰਕ ਪੈਂਦਾ ਹੈ

ਪਰ ਮੈਨੂੰ ਲਗਦਾ ਹੈ
ਆਪਣੀ ਤਲੀ 'ਤੇ ਆਪਣੀ ਰਿਜਕ ਧਰੀ
ਜ਼ਰੂਰ ਆ ਬੈਠੀ ਹੋਵਾਂਗੀ ਮੈਂ
ਉਸ ਰਾਤ
ਆਪਣੀ ਮਾਂ ਦੀ ਗੋਦੀ ਵਿਚ
ਕਿਸੀ ਸਫ਼ਰ ਤੋਂ ਆਉਂਦੀ ਕਿਸੀ ਸਫ਼ਰ ਨੂੰ ਜਾਂਦੀ

ਅੱਜ, ਜਦ ਮੇਰਾ
ਇਕ ਪੈਰ ਧਰਤ 'ਤੇ ਤੇ ਇਕ ਗੱਡੀ ਵਿਚ ਰਹਿੰਦਾ ਹੈ
ਤਾਂ ਮੈਂ ਸੋਚਦੀ ਹਾਂ
ਬਿੱਧ ਮਾਤਾ ਨੇ
ਇਹ ਸਫ਼ਰ ਮੇਰੇ ਪੈਰਾਂ ਨਾਲ ਬੰਨ੍ਹ
ਤੋਰਿਆ ਹੋਵੇਗਾ ਮੈਨੂੰ
ਤੇ ਮੇਰੀ ਜਨਣੀ ਨੇ
ਗੁੜਤੀ ਨਾਲ ਦੇ ਦਿੱਤੇ ਹੋਣਗੇ
ਸਫ਼ਰਾਂ ਦੇ ਢੇਰ ਸਾਰੇ ਸਿਰਨਾਵੇਂ

ਭਾਪਾ ਜੀ (ਕਰਤਾਰ ਸਿੰਘ)
ਇਨ੍ਹੀਂ ਦਿਨੀਂ ਲਾਹੌਰ ਹਨ
ਇਕ ਸਰਕਾਰੀ ਮੁਲਾਜ਼ਮ

ਖ਼ਬਰ ਸੁਣ
ਟੱਪਰੀਆਂ ਆਉਂਦੇ ਹਨ ਦਸਦੇ ਹਨ
ਚਾਵਾਂ ਮੱਤੀ ਮੇਰੀ ਨਾਨੀ (ਅੰਮਾ) ਨੇ
ਸ਼ੱਕਰ ਵੰਡੀ ਸੀ ਪਿੰਡ ਵਿਚ ਓਦਣੇ।

### ਊਆ ਮਰ ਗੀ ਨਿਆਣੀ

ਅੱਜ ਸਵਾ ਕੁ ਮਹੀਨੇ ਦੀ ਹੋ ਗਈ ਹਾਂ ਮੈਂ
ਤੇ ਅਠਾਰਾਂ ਕੁ ਵਰ੍ਹਿਆਂ ਦੀ ਮੇਰੀ ਮਾਂ
ਅਲ੍ਹੜ ਮੁਟਿਆਰ ਚਾਵਾਂ ਮਲ੍ਹਾਰਾਂ ਦੀ ਵਰੇਸ

ਮੈਂ ਚੁਬਾਰੇ ਦੇ ਵਰਾਂਡੇ 'ਚ
ਮੰਜੀ 'ਤੇ ਪਈ ਹਾਂ
ਕਿਸੀ ਦੂਸਰੀ ਮੰਜੀ ਦੀ ਓਟ ਵਿਚ
"ਉਂਜ ਖੇਤ ਅਤੇ ਘਰ ਦੀ ਕੰਧ ਸਾਂਝੀ ਹੈ
ਪਰ ਚੁਬਾਰੇ ਦੇ ਵਰਾਂਡੇ ਵਾਲਾ ਪਾਸਾ ਖੇਤ ਵੱਲੋਂ ਲੁੱਗਾ ਹੈ"
ਤਿੰਨ ਚਾਰ ਘਰ ਛੱਡ
ਕੋਠਿਓ ਕੋਠੀ ਬੀਜੀ,
ਕਿਸੀ ਸਹੇਲੀ ਦਾ 'ਦਿਖਾਵਾ' ਦੇਖਣ ਚਲੀ ਜਾਂਦੀ ਹੈ

ਅਚਨਚੇਤ ਹਵਾ ਨਹੀਂ ਤੇਜ਼ ਹਨੇਰੀ ਆ ਜਾਂਦੀ ਹੈ
ਖੜ੍ਹੀ ਮੰਜੀ ਪਿਛਾਂਹ ਨੂੰ ਡਿੱਗਦੀ ਹੈ ਖੇਤ ਵਿਚ'
ਤੇ ਨਾਲ ਹੀ ਉਹਦੇ ਪਾਵਿਆਂ ਨਾਲ
ਮੇਰੀ ਪੰਘੂੜੀ ਨੁਮਾ ਮੰਜੀ ਵੀ
"ਧੜਾ....ਮ...."
ਅਵਾਜ਼ ਸੁਣ
ਹੇਠਾਂ ਵਿਹੜੇ 'ਚੋਂ
ਕੋਠੇ ਵਲ ਨੂੰ ਦੌੜਦੀ ਹੈ ਅੰਮਾ
ਅੱਧੀਆਂ ਪੌੜੀਆਂ ਚੜ੍ਹ
ਕੰਧ ਤੋਂ ਦੀ ਹੇਠਾਂ ਖੇਤ ਵੱਲ ਦੇਖਦੇ ਸਾਰ
ਛਾਲ ਮਾਰ ਦਿੰਦੀ ਹੈ
"ਊਆ ਮਰ ਗੀ ਨਿਆਣੀ"

ਧੱਕ ਧੱਕ ਕਰਦੇ ਕਾਲਜੇ ਨਾਲ
ਮੰਜੀ ਚੁੱਕ
ਬਾਹਾਂ 'ਚ ਭਰ ਲੈਂਦੀ ਹੈ ਮੈਨੂੰ
ਜੀਊਂਦੀ ਜਾਗਦੀ ਨੂੰ
ਮੂੰਹ ਚੁੰਮ
ਮੱਥਾ ਚੁੰਮ
ਵਾਰੇ ਵਾਰੇ ਜਾਂਦੀ ਹੈ
ਰੱਬ ਦਾ ਲੱਖ ਲੱਖ ਸ਼ੁਕਰ ਮਨਾਉਂਦੀ ਹੈ।

## ਚਾਹ ਪਈ ਹੈ

ਅਸੀਂ ਲਾਹੌਰ ਰਹਿੰਦੇ ਹਾਂ
ਅਕਸਰ ਕੋਈ ਨਾ ਕੋਈ ਰਿਸ਼ਤੇਦਾਰ
ਮਿਲਣ ਆਉਂਦਾ ਰਹਿੰਦਾ ਹੈ ਇੱਥੇ
ਨਾਨਕਿਓਂ ਦਾਦਕਿਓਂ

ਇੰਦਰੋ ਮਾਸੀ ਆਈ ਹੋਈ ਹੈ ਕਈ ਦਿਨਾਂ ਤੋਂ
ਅੱਜ ਸਵੇਰੇ ਸਵੇਰੇ ਬੀਜੀ ਭਾਪਾ ਜੀ
ਗੱਡੀ ਚੜ੍ਹਾਉਣ ਜਾਂਦੇ ਹਨ ਉਸ ਨੂੰ
ਘਰ ਵਿਚ ਮੈਂ ਤੇ ਸਿੰਦਰ (ਨੰਨ੍ਹਾ) ਹੀ ਹਾਂ
ਸਿੰਦਰ ਮਸਾਂ ਚਾਰ ਕੁ ਸਾਲ ਦੀ ਹੈ ਤੇ ਮੈਂ ਪੰਜ ਦੇ ਆਸ ਪਾਸ
(ਸਾਡੀ ਦੋਹਾਂ ਦੀ ਸਾਲ ਡੇਢ ਕੁ ਦੀ ਹੀ ਛੋਟ ਵਡਿਆਈ ਹੈ)

"ਗਲਾਸ ਵਿਚ ਚਾਹ ਪਈ ਹੈ ਪੀ ਲੈਣਾ" ਆਖ
ਬੀਜੀ ਹੋਰੀਂ ਚਲੇ ਜਾਂਦੇ ਹਨ
ਖੇਡ ਲੱਗੀਆਂ ਨੂੰ ਚਾਹ ਦਾ ਚੇਤਾ ਆਉਂਦਾ ਹੈ
ਮੈਂ ਗਲਾਸ ਵਿਚ ਉਂਗਲੀ ਡਬੋ ਕੇ ਦੇਖਦੀ ਹਾਂ
ਚਾਹ ਤੇ ਠੰਢੀ ਪਈ ਹੈ
ਗਰਮ ਕਰਨ ਲਈ
ਚਾਹ ਵਾਲਾ ਕੱਚ ਦਾ ਗਲਾਸ ਚੁੱਕ
ਅੱਧ ਬੁਝੀ ਅੰਗੀਠੀ 'ਤੇ ਧਰ ਦਿੰਦੀ ਹਾਂ
"ਠਾ... ਅ" ਧਮਾਕਾ
ਗਲਾਸ ਟੁੱਟ ਜਾਂਦਾ ਹੈ ਤੇ ਨਾਲੇ ਹੁਣ ਚਾਹ ਵੀ
ਧੂਆਂ ਧਾਰ
ਗਲਾਸ, ਚਾਹ, ਮਾਰ
ਕਿੰਨੇ ਸਾਰੇ ਡਰ
ਰੋ ਰਹੀਆਂ ਹਾਂ ਦੋਵੇਂ ਹੀ ਅਸੀਂ
ਤੇ ਇਕ ਦੂਜੀ ਨੂੰ ਦੇਖ ਵੀ ਰਹੀਆਂ ਹਾਂ
ਡੈਂਬਰਿਆਂ ਵਾਂਗ

## ਚੱਲੀਏ ਚੜ੍ਹੇ ਚੜ੍ਹਾਏ

ਨਾਨਕੇ ਪਿੰਡ ਰਹਿੰਦੀ ਹਾਂ ਮੈਂ
ਦੂਜੀ ਜਮਾਤ ਵਿਚ ਪੜ੍ਹਦੀ ਹਾਂ ਇੱਥੇ ਰੋਪੜ
ਕਲਗੀਧਰ ਕੰਨਿਆ ਪਾਠਸ਼ਾਲਾ ਵਿਚ
ਰੋਜ਼ ਪੈਦਲ ਹੀ ਆਉਂਦੀ ਜਾਂਦੀ ਹਾਂ ਆਪਣੀਆਂ ਸਹੇਲੀਆਂ...
ਅਜਮੇਰੋ ਲਾਭੋ ਤੇ ਜੀਤੋ ਹੋਰਾਂ ਨਾਲ

ਇਕ ਸਵੇਰ ਮਿੰਦਰ 'ਬਾਈ' (ਤਾਇਆ ਜੀ ਦਾ ਮੁੰਡਾ)
ਮਿਲ ਜਾਂਦਾ ਹੈ ਕਾਲਜ ਵਿਚ ਪੜ੍ਹਦਾ ਹੈ ਉਹ ਇੱਥੇ
"ਚਲਣਾ ਹੈ ਅੱਜ ਪਿੰਡ ਨੂੰ" ਪੁੱਛਦਾ ਹੈ।
(ਦਾਦਕੇ ਪਿੰਡ ਜਟਾਣੇ/ਜਤਾਣੇ ਚਮਕੌਰ ਸਾਹਿਬ ਦੇ ਕੋਲ)
"ਹਾਂ ਬਾਈ"
"ਚੰਗਾ ਦੁਪਹਿਰ ਨੂੰ ਲੈ ਜਾਊਂ ਜਾਣ ਲੱਗਿਆ"
"ਨਹੀਂ ਫੇਰ ਨੀ ਤੂੰ ਆਉਣਾ, ਮੈਂ ਤਾਂ ਹੁਣੇ ਚੱਲੂੰ ਤੇਰੇ ਨਾਲ"
ਜ਼ਿਦ ਕਰਦੀ ਹਾਂ।
ਉਹ ਮੈਨੂੰ ਹੋਸਟਲ ਵਿਚ ਛੱਡ ਕੁੰਡਾ ਮਾਰ ਕਾਲਜ ਚਲਾ ਜਾਂਦਾ ਹੈ।
ਬਾਅਦ ਦੁਪਹਿਰ ਮੁੜਦਾ ਹੈ।
ਹੁਣ ਅਸੀਂ ਸਾਈਕਲ 'ਤੇ ਹੀ ਜਾਂਦੇ ਹਾਂ ਪਿੰਡ ਨੂੰ
ਨਹਿਰ ਸਰਹੰਦ ਦੇ ਕੰਢੇ ਕੰਢੇ ਦਰੇਸੀ ਓ ਦਰੇਸੀ
ਰਾਹ ਵਿਚ ਨਾਨਕਾ ਪਿੰਡ ਲੰਘਣਾ ਹੈ



ਕਾਕੀ ਰਾਜਿੰਦਰ ਕੌਰ, ਸ. ਲਛਮਣ ਸਿੰਘ, ਸ. ਕਰਤਾਰ ਸਿੰਘ (9-12-1940 ਲਾਹੌਰ)

(ਡਰਦੀ ਹਾਂ ਕੋਈ ਵੇਖ ਨਾ ਲਏ)
ਸੰਝਾਂ ਨੂੰ ਨਾਨਾ ਜੀ ਅਕਸਰ ਆਉਂਦੇ ਹਨ ਨਹਿਰ 'ਤੇ ਨਹਾਉਣ
ਕਮੀਜ਼ ਦੇ ਪੱਲੇ ਨਾਲ ਮੂੰਹ ਢੱਕ ਲੈਂਦੀ ਹਾਂ
ਸ਼ੁਕਰ ਸ਼ੁਕਰ ਕਰ ਪਿੰਡ ਲੰਘ ਜਾਂਦੇ ਹਾਂ

ਰੈਲੋਂ ਵਾਲੀ ਨਦੀ ਤੇ ਫੇਰ ਭੋਜੇ ਮਾਜਰੇ ਦੀ ਲੰਘ
ਅੱਗੇ ਕਿਸ਼ਤੀ ਪੈਂਦੀ ਹੈ ਭਰੋ ਮਾਜਰੇ ਪਿੰਡ ਨੂੰ
ਨਹਿਰ ਪਾਰ ਜਾਣ ਲਈ
ਤੇ ਭਰੋ ਮਾਜਰਾ ਲੰਘ ਅੱਗੇ ਆਉਂਦਾ ਹੈ 'ਜਟਾਣਾ'
ਸੜਕ ਤੇ ਨਹਿਰ ਵਿਚਕਾਰ ਬਹੁਤ ਢਲਾਨ ਹੈ
ਉਂਜ ਪਗਡੰਡੀ ਜਿਹੀ ਬਣੀ ਹੋਈ ਹੈ ਹੇਠਾਂ ਉਤਰਨ ਨੂੰ
ਕਿਸ਼ਤੀ ਤਾਂ ਹਾਲੇ ਅੱਧ ਵਿਚਕਾਰ ਆ ਰਹੀ ਹੈ
ਮੁਸਾਫ਼ਰਾਂ ਸਣੇ

"ਚਲੀਏ ਚੜ੍ਹੇ ਚੜ੍ਹਾਏ ਹੀ ਕਿਸ਼ਤੀ 'ਤੇ" ਬਾਈ ਪੁੱਛਦਾ ਹੈ
"ਹਾਂ ਬਾਈ" ਆਖ ਮੈਂ ਉਸ ਨੂੰ ਘੁੱਟ ਕੇ ਫੜ ਲੈਂਦੀ ਹਾਂ

ਅੱਖ ਝਪਕਦੇ ਸਾਈਕਲ ਤਾਂ ਹੇਠਾਂ ਪੁੱਜ ਜਾਂਦਾ ਹੈ
ਫੱਟੇ ਨੁਮਾ ਪੁਲੀ 'ਤੇ
ਜਿੱਥੇ ਪਹਿਲਾਂ ਤੋਂ ਹੀ ਕਿਸ਼ਤੀ ਉਡੀਕਦਾ ਪਿੰਡ ਦਾ 'ਜਗੀਰਾ'
ਬੈਠਾ ਕੇਸ ਵਾਹ ਰਿਹਾ ਹੈ
"ਫੜੀਂ ਜਗੀਰੇ ਮਰ ਚੱਲੇ" ਬਾਈ ਚੀਖਦਾ ਹੈ
ਸਾਈਕਲ ਦਾ ਮੂਹਰਲਾ ਪਹੀਆ ਤਾਂ ਪਾਣੀ ਵਿਚ
ਜਾ ਪੈਂਦਾ ਹੈ
ਕੇਸਾਂ ਵਿਚ ਉਲਝਿਆ ਜਗੀਰਾ ਜੋ ਪਹਿਲਾਂ ਤੋਂ ਹੀ ਦੇਖ ਲੈਂਦਾ ਹੈ
ਮੂਹਰਿਓਂ ਹੈਂਡਲ ਦਬੋਚ ਲੈਂਦਾ ਹੈ
ਪਹੀਏ ਨੂੰ ਕੜਿੱਕੀ ਮਾਰ
ਦੋਹੇ ਬਚ ਜਾਂਦੇ ਹਾਂ ਖ਼ਬਰੇ ਕਿਵੇਂ ਰੱਬ ਦੀ ਜਾਣੇ
ਪਲ ਵਿਚ ਹੀ ਤਾਂ ਸਭ ਕੁਝ ਹੋ ਜਾਂਦਾ ਹੈ
ਕਿਸ਼ਤੀ ਕੰਢੇ ਪੁੱਜ ਜਾਂਦੀ ਹੈ
ਮੁਸਾਫ਼ਰ ਆਪਣੀ ਆਪਣੀ ਬੋਲੀ ਬੋਲ ਰਹੇ ਹਨ ਮਲਾਹ ਸਣੇ
'ਬਚਾ ਹੋ ਗਿਆ ਬਸ'
ਸਭ ਸ਼ੁਕਰ ਕਰਦੇ ਹਨ।
ਭਰੋਮਾਜਰਾ ਲੰਘ ਹੁਣ ਗੰਨਿਆਂ ਦੇ ਖੇਤਾਂ ਵਿਚੋਂ ਜਾ ਰਹੇ ਹਾਂ ਪੈਦਲ
ਹਨੇਰਾ ਹੋ ਰਿਹਾ ਹੈ
'ਬਾਈ' ਮੈਨੂੰ ਸਾਇਕਲ 'ਤੇ ਬੈਠਣ ਨੂੰ ਕਹਿੰਦਾ ਹੈ
ਪਰ ਮੈਂ ਤਾਂ ਬਹੁਤ ਡਰੀ ਹੋਈ ਹਾਂ ਕੰਬੀ ਵੀ ਜਾ ਰਹੀ ਹਾਂ
ਹੁਣ ਘੜੀ ਕੁ ਪਹਿਲਾਂ ਕੀ ਹੋ ਜਾਣਾ ਸੀ
ਸੋਚ ਸੋਚ ਕੇ
ਘਰ ਪੁੱਜਦੇ ਹਾਂ ਸਾਰੀ ਕਹਾਣੀ ਦਸਦੇ ਹਾਂ
ਘਰਦਿਆਂ ਨੂੰ
ਬੀਜੀ ਤਾਂ ਹੈਰਾਨ ਹੋਏ ਪਏ ਹਨ ਪਹਿਲਾਂ ਮੈਨੂੰ ਦੇਖਕੇ
ਫੇਰ ਗੱਲਾਂ ਸੁਣ ਸੁਣ ਕੇ
ਬਾਈ ਹੱਸ ਹੱਸ ਗੱਲਾਂ ਸੁਣਾ ਰਿਹਾ ਹੈ ਸਾਰੀਆਂ
ਸ਼ੁਰੂ ਤੋਂ ਅੰਤ ਤੱਕ
ਪਤਾ ਨਹੀਂ ਉਹਦੇ ਹਾਸਿਆਂ 'ਚ ਕੀ ਕੀ ਲੁਕਿਆ ਪਿਆ ਹੈ
ਇਹ ਤਾਂ ਉਹੀ ਜਾਣਦਾ ਹੈ
ਸਾਰਿਆਂ ਦੇ ਸੁਆਲਾਂ ਦਾ ਜੁਆਬ ਬਣਿਆ 'ਬਾਈ'
ਪਤਾ ਨਹੀਂ ਉਸ 'ਤੇ ਕੀ ਗੁਜ਼ਰਦੀ ਹੋਵੇਗੀ
ਖ਼ਬਰਨੀ ਮੈਂ ਸੋਚਦੀ ਹਾਂ ਜਾਂ ਨਹੀਂ ਪਰ
ਸਭ ਕਾਸੇ ਵਿਚ ਮੈਂ ਵੀ ਤਾਂ ਸ਼ਾਮਲ ਹਾਂ ਕਿਤੇ

ਅੱਧੀ ਰਾਤ ਹੋਣ ਨੂੰ ਆਉਂਦੀ ਹੈ

ਸੱਤ ਅੱਠ ਕੋਹ ਦਾ ਪੈਂਡਾ ਪੈਦਲ ਕਰ
'ਪਿਆਰਾ' ਮਾਮਾ ਜੀ ਪੁੱਜਦੇ ਹਨ ਘਰ
ਅੰਤਾਂ ਦੇ ਫ਼ਿਕਰਮੰਦ'
ਪਹਿਲਾਂ ਮੇਰੇ ਘਰ ਨਾ ਪੁੱਜਣ ਕਰਕੇ
ਤੇ ਹੁਣ ਉੱਤੋਂ ਸਾਰੀ ਰਾਮ ਕਹਾਣੀ ਸੁਣ ਕੇ
"ਸ਼ੁਕਰ ਹੈ ਬਚਗੇ ਦੋਹੇ ਜਣੇ ਨਹੀਂ ਤਾਂ
ਆਹ ਲੈ ਹੋ ਜਾਣੀ ਸੀ" ਜਿਹੜਾ ਸੁਣਦਾ
ਇਹੋ ਜਿਹਾ ਹੀ ਕੁਝ ਕਹੀ ਜਾਂਦਾ ਹੈ
ਪਰ ਬਾਈ ਤੇ ਮੈਂ
ਖ਼ਬਰੇ ਡਰੇ ਹੋਏ ਹਾਂ
ਖ਼ਬਰੇ ਪਛਤਾ ਰਹੇ ਹਾਂ
ਖ਼ਬਰੇ ਕੁਝ ਵੀ ਨਹੀਂ ਜਾਂ
ਬਹੁਤ ਕੁਝ ਵੀ ਜੋ ਸੋਚਦੇ ਹੋਈਏ
ਜਾਂ ਸੋਚੀ ਹੀ ਜਾ ਰਹੇ ਹੋਈਏ
ਪਤਾ ਨੀਂ ਕਦ ਤੱਕ
ਖ਼ਬਰੇ ਅੱਜ ਤੱਕ ---

## ਤਾ...ਅ...ੜ

ਹੁਣ ਅਸੀਂ ਸ਼ਿਮਲੇ ਹਾਂ ਛੋਟੇ ਸ਼ਿਮਲੇ
ਅੱਜ ਸਾਰੇ ਸ਼ਾਮ ਨੂੰ ਸੰਜੌਲੀ ਜਾਂਦੇ ਹਾਂ
ਭਾਪਾ ਜੀ ਦੇ ਕਿਸੇ ਨਿੱਘੇ ਮਿੱਤਰ ਦੇ ਘਰ
ਆਉਣ ਜਾਣ ਦਾ ਕੋਈ ਸਾਧਨ ਨਹੀਂ ਹੈ
ਜਿੱਥੇ ਜਾਣਾ ਹੁੰਦਾ ਪੈਦਲ ਹੀ ਜਾਣਾ ਪੈਂਦਾ ਹੈ
ਰਾਤ ਪਈ ਮੁੜਦੇ ਹਾਂ
ਉਂਜ ਰਾਤ ਦੀ ਰੋਟੀ ਵੀ ਉਨ੍ਹਾਂ ਦੇ ਹੀ ਘਰ ਹੈ
ਪਰ ਅਸੀਂ ਨਿਆਣਿਆਂ ਨੇ ਤਾਂ ਚੱਜ ਨਾਲ
ਕੁਝ ਖਾਧਾ ਵੀ ਨਹੀਂ ਹੈ
ਖ਼ਬਰੇ ਖੇਡਾਂ ਵਿਚ ਮਸਤ
ਖ਼ਬਰੇ ਬਹੁਤੀਆਂ ਮਿਰਚਾਂ ਵਾਲੀ ਦਾਲ ਭਾਜੀ
ਖ਼ਬਰੇ ਇਹ ਵੀ ਕਿਤੇ ਦਿਮਾਗ ਵਿਚ ਹੈ ਕਿ
ਕਿਸ ਦੇ ਘਰੋਂ ਜਾਂ ਕਿਸੀ ਤੋਂ ਲੈ ਕੇ ਕੁਝ ਨਹੀਂ ਖਾਣਾ
ਘਰਦਿਆਂ ਦੇ ਸਿਖਾਏ ਪਕਾਏ
ਸੋ ਕੁਝ ਨਹੀਂ ਖਾਧਾ ਭਾਵੇਂ ਚਾਮ੍ਹਲਕੇ ਹੀ ਸਮਝ ਲਓ

ਅੱਧੇ ਰਸਤੇ ਜਿੱਥੇ ਕੁ 'ਚੁੜੇਲ ਬਾਉਲੀ' ਆਉਂਦੀ ਹੈ
ਮੈਂ ਰੋਂਦੀ ਹਾਂ "ਭੁੱਖ ਲੱਗੀ ਹੈ"
ਤੇ ਮਗਰ ਸਿੰਦਰ ਮੋਹਣ ਵੀ
ਸਾਰੇ ਹੀ ਰੌਲਾ ਪਾਉਣ ਲੱਗਦੇ ਹਾਂ
"ਤਾ-ਅ-ੜ"
ਥੱਪੜ ਪੈਂਦਾ ਹੈ ਮੂੰਹ 'ਤੇ ਮੇਰੇ ਕਰਾਰਾ ਜਿਹਾ
"ਮੱਥਾ ਸੜੀ ਉੱਥੇ ਰੋਟੀ ਕਿਉਂ ਨਹੀਂ ਖਾਧੀ" ਭਾਪਾ ਜੀ
"ਖੇਡਣ ਤੋਂ ਵਿਹਲ ਮਿਲੇ ਤਾਂ ਨਾ" ਬੀਜੀ
ਪਰ ਮੈਂ ਹੈਰਾਨ ਇਹ ਕੀ ਹੋ ਗਿਆ ਅਜਿਹੇ ਕੁਝ ਦੀ ਤਾਂ ਮੈਨੂੰ
ਸੁਪਨੇ ਵਿਚ ਵੀ ਆਸ ਨਹੀਂ ਸੀ
ਆਪ ਹੀ ਤਾਂ ਮਨ੍ਹਾ ਕਰਦੇ ਹਨ ਕਿਸੇ ਤੋਂ ਕੁਝ ਲੈ ਕੇ ਖਾਣ ਤੋਂ
ਤੇ ਆਪ ਹੀ
ਹੁਣ ਕੀ ਹੋ ਸਕਦਾ ਸੀ
ਘਰ ਆ ਅੰਗੀਠੀ ਵਿਚ 'ਛੌਡੇ' (ਲੱਕੜੀ ਦੇ ਛੋਟੇ ਛੋਟੇ ਟੁਕੜੇ) ਬਾਲ
ਖਿੱਝਦੇ ਕੁੜਦੇ ਬੀਜੀ ਰੋਟੀ ਬਣਾ ਕੇ ਦਿੰਦੇ ਹਨ ਸਾਨੂੰ
ਉਹ ਵੀ ਘੀ ਸ਼ੱਕਰ ਨਾਲ।

ਥੋੜ੍ਹੇ ਹੀ ਦਿਨਾਂ ਬਾਦ
ਵੱਡੇ ਸ਼ਿਮਲੇ ਕਿਤੇ ਚਾਹ ਪਾਰਟੀ ਹੈ
ਅਸੀਂ ਸਭ ਵੀ ਹਾਂ ਨਾਲ
ਮੇਜ਼ ਭਾਂਤ ਸੁਭਾਂਤੀਆਂ ਮਠਿਆਈਆਂ ਨਾਲ ਸਜੇ ਪਏ ਹਨ
ਹੁਣ ਖਾਣ ਪੀਣ ਦਾ ਵੇਲਾ ਉਡੀਕਦੇ ਹਾਂ ਆ ਜਾਂਦਾ ਹੈ

ਉੱਦਣ ਵਾਲਾ ਥੱਪੜ ਵੀ ਬਾਖ਼ੂਬ ਯਾਦ ਹੈ ਮੈਨੂੰ
ਅਸੀਂ ਸਾਰੇ ਭੈਣ ਭਰਾ ਟੁੱਟ ਪੈਂਦੇ ਹਾਂ ਮੇਜ਼ਾਂ 'ਤੇ
ਮੈਂ ਤਾਂ ਉੱਥੇ ਖੇਡਦੇ ਹੋਰ ਨਿਆਣਿਆਂ ਨੂੰ ਵੀ
ਮਗਰ ਲਾਇਆ ਹੋਇਆ ਹੈ

ਹੁਣ ਚਾਮ੍ਹਲ ਚਾਮ੍ਹਲ ਕੇ ਖਾਂਦੇ ਹਾਂ
'ਮੱਛਰ ਮੱਛਰ' ਦੇ ਦਿਖਾਉਂਦੇ ਹਾਂ
ਜਿਵੇਂ ਮੈਂ ਦਸਣਾ ਚਾਹੁੰਦੀ ਹੋਵਾਂ
'ਦੇਖ ਲਓ ਅੱਜ ਤਾਂ ਖਾ ਰਹੇ ਹਾਂ ਨਾ'
ਬੀਜੀ ਘੂਰੀ ਜਾ ਰਹੇ ਹਨ
ਪਰ ਅੱਜ ਕਿਹੜੀ, ਕਿਸੀ ਟੁੰਡੀ ਲਾਟ ਦੀ ਪਰਵਾਹ ਹੈ
"ਹੁਣ ਕਾਹਨੂੰ ਘੂਰੀ ਜਾਂਦੇ ਹੋ ਹੁਣ ਤਾਂ ਖਾ ਰਹੇ ਹਾਂ"
ਜਿਵੇਂ ਮੈਂ ਬਿਨਾਂ ਕਹੇ ਹੀ ਆਪਣਾ ਪੱਖ ਪੂਰ ਰਹੀ ਹੋਵਾਂ।

ਹਨੇਰੇ ਪਏ ਪਰਤਦੇ ਹਾਂ
ਵੱਡੇ 'ਹਵਾ ਘਰ' ਦੇ ਸੱਜੇ ਹੱਥ ਵਾਲੀ ਚੜ੍ਹਾਈ ਚੜ੍ਹੇ ਆ ਰਹੇ ਹਾਂ
(ਜਗ੍ਹਾ ਮੈਨੂੰ ਅੱਜ ਵੀ ਯਾਦ ਹੈ।

## "ਤ-ਅ-ੜ"

ਥੱਪੜ ਕਾਹਦਾ ਅੱਖਾਂ ਮੂਹਰੇ ਤਾਂ ਭੰਬੂ ਤਾਰੇ ਘੁੰਮ ਜਾਂਦੇ ਹਨ
"ਮੱਥਾ ਸੜੀ ਖ਼ਬਰੇ ਇਹਨੂੰ ਕਦ ਅਕਲ ਆਉਣੀ ਹੈ"
"ਦੇਖ ਲਓ ਇਹਨੂੰ ਬੁੱਢ ਬਲੋਕ ਨੂੰ"
"ਇਹ ਕੀ ਕਲਾ ਦੀ ਜੜ੍ਹ ਆਂ ਬੇਜ਼ਤੀ ਕਰਾ ਕੇ ਰੱਖ ਤੀ ਸਾਰਿਆਂ ਮੂਹਰੇ"
"ਮੈਂ ਘੂਰੀ ਵੀ ਜਾਵਾਂ ਫੇਰ ਨਾ ਸਮਝੇ"
"ਆਹ ਡੰਗਰ ਵੀ ਮਗਰੇ ਲਗ ਜਾਂਦੇ ਈਹਦੇ"
ਬੀਜੀ ਮਗਰੋਂ ਭਾਪਾ ਜੀ
ਭਾਪਾ ਜੀ ਮਗਰੋਂ ਬੀਜੀ ਭਰੇ ਪੀਤੇ ਬਰਸ ਰਹੇ ਹਨ ਸਾਡੇ 'ਤੇ
ਥੱਪੜ, 'ਗੁੱਤਾਂ ਖਿੱਚ', ਘਸੁੰਨ ਫੇਰ
ਦੇਹ ਤੇਰੇ ਦੀ ਦੇਹ ਤੇਰੇ ਦੀ ਜਿਵੇਂ ਬੰਬ ਫੱਟ ਰਹੇ ਹੋਣ
ਕਰਤੀ ਦੁਰਗਤੀ ਸਾਡੀ ਸਾਰਿਆਂ ਦੀ
ਸੜਕ 'ਤੇ ਹੀ

ਪਰ ਮੈਂ ਸ਼ੁਕਰ ਮਨਾਵਾਂ ਹਨੇਰਾ ਹੈ ਇੱਥੇ
ਕੋਈ ਦੇਖਦਾ ਨੀ ਐ ਉਂਜ ਜਮਾ ਹੀ ਚੁੱਪ ਅਸੀਂ ਤਿੰਨੇ
ਕੀ ਮਜਾਲ ਹੈ ਜੇ ਸਾਹ ਵੀ ਕੱਢ ਜਾਈਏ
ਸੁਸਰੀ ਵਾਂਗ ਸੌਂ ਗਏ ਹੋਈ ਏ ਜਿਵੇਂ
ਪਰ ਇਕ ਸੋਚ ਜੋ ਖਹਿੜਾ ਨਾ ਛੱਡੇ

'ਜੇ ਖਾਓ ਤਾਂ ਵੀ ਮਾਰ, ਜੇ ਨਾ ਖਾਓ ਤਾਂ ਵੀ ਮਾਰ'
ਕਾਸ਼! ਇਹ ਥੱਪੜ ਉਦੋਂ ਕੁਝ ਮੂੰਹੋਂ ਬੋਲਦੇ
ਕੁਝ ਫੁੱਟਦੇ ਕਾਸ਼।

## ਜੇ ਫੇਰ .ਗਲਤੀਆਂ ਹੋਈਆਂ

ਭਾਪਾ ਜੀ ਇਕ ਸਰਕਾਰੀ ਮੁਲਾਜ਼ਮ ਹਨ
ਕਦੀ ਸ਼ਿਮਲੇ ਕਦੀ ਲਾਹੌਰ (ਸੰਤਾਲੀ ਤੋਂ ਪਹਿਲਾਂ)
ਉਂਜ ਗਰਮੀ ਵਿਚ ਸ਼ਿਮਲੇ ਤੇ ਸਰਦੀਆਂ ਵਿਚ
ਹੇਠਾਂ ਆ ਜਾਂਦੇ ਹਾਂ ਅਸੀਂ
ਨਾਨਕੀਂ ਦਾਦਕੀਂ ਕਿਤੇ ਵੀ ਰਹਿਣਾ ਪੈਂਦਾ ਹੈ ਸਾਨੂੰ
ਪਿੰਡ ਆ 'ਗੁਰਮੁਖੀ' ਪੜ੍ਹਦੇ ਹਾਂ
ਸ਼ਿਮਲੇ 'ਦੇਵ ਨਾਗਰੀ'

ਛੋਟੇ ਸ਼ਿਮਲੇ ਨੇੜੇ ਕਿਸੀ ਸਕੂਲ ਵਿਚ 'ਗੁਰਮੁਖੀ' ਨਹੀਂ ਹੈ
ਵੱਡੇ ਸ਼ਿਮਲੇ ਹੀ ਹੈ ਇਕ ਸਕੂਲ ਗੁਰਦੁਆਰਾ ਸਾਹਿਬ ਵਿਖੇ
"ਸਿੰਘ ਸਭਾ ਹਾਈ ਸਕੂਲ" 'ਗੁਰਮੁਖੀ' ਵਾਸਤੇ ਤੇ ਬਸ
ਛੋਟੇ ਸ਼ਿਮਲੇ ਘਰ ਦੇ ਨੇੜੇ ਹੀ ਇਕ ਪ੍ਰਾਇਮਰੀ ਸਕੂਲ ਹੈ ਕਮੇਟੀ ਦਾ
ਜਿੱਥੇ 'ਦੇਵ ਨਾਗਰੀ' ਹੀ ਪੜ੍ਹਾਈ ਜਾਂਦੀ ਹੈ

ਪਿੰਡੋਂ ਆ ਅੱਜ ਮੇਰਾ ਪਹਿਲਾ ਦਿਨ ਹੈ ਸਕੂਲ ਵਿਚ
ਹੁਣ ਮੈਂ 'ਦੂਜੀ' ਜਮਾਤ ਵਿਚ ਹਾਂ
ਭੈਣ ਜੀ ਜ਼ਬਾਨੀ ਲਿਖਾਈ ਲਿਖਾ ਰਹੀ ਹੈ
ਮੈਨੂੰ 'ਹਿੰਦੀ' ਨਹੀਂ ਆਉਂਦੀ
ਉਹ ਜੋ ਬੋਲ ਰਹੀ ਹੈ ਮੈਂ ਪੰਜਾਬੀ ਵਿਚ ਹੀ
ਲਿਖੀ ਜਾ ਰਹੀ ਹਾਂ ਗ਼ਲਤ ਮਲਤ
ਇਕ ਕੁੜੀ ਹੈ ਸੀਤਾ
ਗੋਰੀ ਚਿੱਟੀ ਛੂਈ ਮੂਈ ਜਿਹੀ ਪਹਾੜਨ ਕੁੜੀ
ਪਰ ਮੈਲੀ ਰਹਿੰਦੀ ਹੈ
ਗੋਰੀ ਗਰਦਨ ਦੇ ਪੋਰਾਂ ਵਿਚ
ਤਿਲਾਂ ਵਾਂਗ ਮੈਲ ਦੇ ਦਾਣੇ ਚਮਕਣੇ ਰਹਿੰਦੇ ਹਨ
(ਉਂਜ ਬਾਅਦ ਵਿਚ ਮੇਰੀ ਪੱਕੀ ਸਹੇਲੀ ਬਣ ਜਾਂਦੀ ਹੈ)
ਸਕੂਲ ਵਿਚ ਜਦ ਰਾਮ ਲੀਲਾ ਕਰਦੀਆਂ ਹਾਂ ਅਸੀਂ ਤਾਂ ਉਹ ਸਦਾ

'ਸੀਤਾ' ਹੀ ਬਣਦੀ ਤੇ ਮੈਂ 'ਰਾਮ')
ਉਸ ਦੀਆਂ ਗਲਤੀਆਂ ਹੁੰਦੀਆਂ ਹਨ ਹੋਰ ਕੁੜੀਆਂ ਵਾਂਗ
ਪਰ ਰਤਾ ਵੱਧ
ਭੈਣ ਜੀ, ਬਿੱਛੂ ਬੂਟੀ ਮਾਰਦੀ ਹੈ ਪਿੱਠਾਂ 'ਤੇ
(ਬਿੱਛੂ ਬੂਟੀ ਪਹਾੜਾਂ ਵਿਚ ਇਕ ਕੰਡੇਦਾਰ ਬੂਟਾ ਹੁੰਦਾ ਹੈ
ਜਿੱਥੇ ਭੌਰਾ ਲੜ ਜਾਏ
ਮੋਟੇ ਮੋਟੇ ਧੱਫੜ ਪੈ ਜਾਂਦੇ ਹਨ ਇਸ ਦੇ ਕੋਲ ਹੀ ਉੱਗੀ ਹੁੰਦੀ
ਹੈ ਜੰਗਲੀ 'ਪਾਲਕ' ਵੀ ਸੋ ਇਸ ਪਾਲਕ ਦੇ ਪੱਤੇ ਨੂੰ ਰਗੜੋ
ਧੱਫੜ ਠੀਕ ਹੋ ਜਾਂਦੇ ਹਨ।)

"ਕੱਲ ਫੇਰ ਗਲਤੀਆਂ ਹੋਈਆਂ ਇਵੇਂ ਹੀ ਮਾਰ ਪਏਗੀ
ਨਾਲ 'ਪਹਿਲੀ' ਵਿਚ ਵੀ ਬਿਠਾ ਦਿਆਂਗੀ"
ਉਹ ਵਾਰੋ ਵਾਰੀ ਮਾਰੀ ਜਾਂਦੀ ਹੈ ਤੇ ਇਹੋ
ਕਹੀ ਵੀ ਜਾਂਦੀ ਹੈ ਬਾਰ ਬਾਰ
ਇੰਜ ਲਗਦਾ ਹੈ ਜਿਵੇਂ ਕਹਿਰ ਵਰਸ ਰਿਹਾ ਹੋਵੇ
(ਉਂਜ ਬਾਦ ਵਿਚ ਇੰਜ ਮਾਰਨ 'ਤੇ ਇਸ ਭੈਣ ਜੀ ਨੂੰ ਇੱਥੋ
ਨੌਕਰੀ ਤੋਂ ਹਟਾ ਵੀ ਦਿੱਤਾ ਜਾਂਦਾ ਹੈ)
ਮੈਂ ਤਾਂ ਬਹੁਤ ਡਰ ਜਾਂਦੀ ਹਾਂ
ਖ਼ਾਸ ਕਰ ਇਹ ਬਿੱਛੂ ਬੂਟੀ ਦੀ ਮਾਰ
ਰਾਤ ਭਰ ਮੇਰੀਆਂ ਅੱਖਾਂ ਮੂਹਰੇ ਘੁੰਮਦਾ ਰਹਿੰਦਾ ਹੈ
ਇਸ ਦ੍ਰਿਸ਼ ਮੇਰਾ ਸਕੂਲ ਦਾ ਇਹ ਪਹਿਲਾ ਦਿਨ
ਅਗਲੀ ਸਵੇਰ
ਮੈਂ ਆਪੀ ਹੀ ਆਪਣਾ ਬਸਤਾ ਲੈ
ਬੈਠ ਜਾਂਦੀ ਹਾਂ ਪਹਿਲੀ ਜਮਾਤ ਵਿਚ
ਤੇ ਸਾਰਾ ਸਾਲ ਫੇਰ ਪੜ੍ਹਦੀ ਹਾਂ ਪਹਿਲੀ ਜਮਾਤ
'ਦੇਵ ਨਾਗਰੀ' ਸਣੇ
ਪਰ ਇਸ ਵਾਰ
ਪਹਿਲੀ ਜਮਾਤ ਦੀ ਮਨੀਟਰ ਬਣ ਕੇ।

### ਚੁੱਪ ਕਰ ਕੁੜੀਏ...

ਆਪਣੇ ਦਾਦਕੇ ਪਿੰਡ ਹਾਂ ਜਟਾਣੇ
ਕੱਤਕ ਦੀ ਪੁੰਨਿਆ ਬਾਬੇ ਨਾਨਕ ਦੀ ਪ੍ਰਕਾਸ਼ ਉਤਸਵ

ਉਤਸਵ ਦੀਆਂ ਤਿਆਰੀਆਂ
ਗੁਰਦੁਆਰੇ ਵਿਚ ਆਖੰਡ ਪਾਠ ਰੱਖਿਆ ਗਿਆ ਹੈ
ਭਾਈ ਜੀ ਅਮਰ ਸਿੰਘ ਤੇ ਉਨ੍ਹਾਂ ਦੇ ਪੜ੍ਹਾਏ ਚੇਲੇ ਚੇਲੀਆਂ
ਬੀੜ ਸਾਹਿਬ ਤੇ ਪਾਠ ਕਰਦੇ ਹਨ ਵਾਰੋ ਵਾਰੀ
ਤੇ ਨਾਲ ਹੀ ਇਕ ਪਾਸੇ
'ਪੰਜ ਗ੍ਰੰਥੀ' ਤੇ ਪਾਠ ਹੋ ਰਿਹਾ ਹੈ 'ਜਪੁਜੀ ਸਾਹਿਬ' ਦਾ
ਮੈਨੂੰ 'ਜਪੁਜੀ ਸਾਹਿਬ' ਦਾ ਪਾਠ ਕਰਨ ਦੀ 'ਵਾਰੀ' ਮਿਲਦੀ ਹੈ



**ਸਰਦਾਰ ਸਵਰਨ ਸਿੰਘ, ਹੋਮ ਮਨਿਸਟਰ, ਪੰਜਾਬ ਸ. ਦਲੀਪ ਸਿੰਘ, ਸ. ਤੇਜਾ ਸਿੰਘ, ਸ. ਕਰਤਾਰ ਸਿੰਘ (ਲਾਹੌਰ-1946)**

'ਬੀੜ ਸਾਹਿਬ' 'ਤੇ ਨਹੀਂ
ਮੈਨੂੰ ਪਾਠ ਨਹੀਂ ਕਰਨਾ ਆਉਂਦਾ ਜਾਂ ਖ਼ਬਰੇ ਮੈਂ ਛੋਟੀ ਹਾਂ
ਜਾਂ ਉਚਾਰਨ ਸ਼ੁਧ ਨਹੀਂ ਹੈ ਪਤਾ ਨਹੀਂ ਕੀ
(ਪਰ ਮੈਂ ਤਾਂ ਆਪਣੇ ਆਪ ਨੂੰ ਕਿਸੇ ਤਰ੍ਹਾਂ ਵੀ
ਅਸਮਰਥ ਨਹੀਂ ਸਮਝਦੀ, ਸਮਝਦੀ ਕੀ ਮੰਨਦੀ ਹੀ ਨਹੀਂ ਹਾਂ
ਚੌਥੀ ਪਾਸ ਕਰਕੇ ਪ੍ਰਾਇਮਰੀ ਹੋ ਜਾਵੇਗੀ)

'ਬੀੜ ਸਾਹਿਬ' 'ਤੇ ਹੁਣ ਮੇਰੇ ਨਾਲ ਬੈਠੇ
ਪਾਠੀ ਦੀ ਵਾਰੀ ਬਦਲ ਜਾਂਦੀ ਹੈ
ਪਰ ਮੈਨੂੰ ਉਠਾਣ ਵਾਲਾ ਅਜੇ ਤੱਕ ਕੋਈ ਨਹੀਂ ਆਇਆ
ਉਡੀਕਦੀ ਹਾਂ ਸਬਰ ਟੁੱਟ ਜਾਂਦਾ ਹੈ
ਹੁਣ ਮੇਰਾ ਧਿਆਨ ਪਾਠ ਵਿਚ ਨਹੀਂ ਹੈ
"ਐਧਰ ਵੀ ਭੇਜੋ ਕਿਸੇ ਨੂੰ" ਪਾਠ ਕਰਦੀ ਕਰਦੀ ਕਹਿੰਦੀ ਹਾਂ

"ਉਧਰ ਤਾਂ ਕਦੋਂ ਦਾ ਪਾਠੀ ਬਦਲ ਗਿਆ ਹੈ"
ਮੈਂ ਆਪਣਾ ਸਹੀ ਪੱਖ ਪੂਰਦੀ ਹਾਂ
"ਚੁੱਪ ਕਰ ਕੁੜੀਏ ਪਾਠ ਕਰਦੇ ਕਰਦੇ ਨਹੀਂ ਬੋਲੀ ਦਾ ਵਿਚ
ਆ ਜਾਂਦਾ ਹੈ ਕੋਈ ਨਾ ਕੋਈ"
ਕੋਲ ਬੈਠਾ ਚੂਹੜ ਸਿਓਂ ਤਾਇਆ ਝਿੜਕ ਦਿੰਦਾ ਹੈ
ਮੈਨੂੰ ਆਪਣੀ ਨਾ ਸਮਝੀ ਤੇ ਸ਼ਰਮਿੰਦਗੀ ਹੁੰਦੀ ਹੈ
ਪਰ ਮੈਂ ਇਹ ਗੱਲ ਕਿਸੀ ਨੂੰ ਨਹੀਂ ਦਸਦੀ ਹਾਂ

ਉਂਜ ਮੈਂ ਬਹੁਤ ਖੁਸ਼ ਹਾਂ
ਦੂਜਿਆਂ ਵਾਂਗ ਮੈਂ ਵੀ ਤਾਂ 'ਪਾਠੀ' ਹਾਂ ਭਾਵੇਂ
ਪੰਜ ਗ੍ਰੰਥੀ ਤੇ ਹੀ ਸਹੀ
ਰਾਤ ਨੂੰ ਵੀ ਵਾਰੀ ਆਉਂਦੀ ਹੈ ਜਾਂ ਇਉਂ ਕਹਿ ਲਓ
ਰਾਤ ਨੂੰ ਤਾਂ ਅਸੀਂ ਜਾਣ ਕੇ ਆਉਂਦੇ ਹਾਂ
ਅਸੀਂ ਕਿਹੜਾ ਕਿਸੀ ਤੋਂ ਘੱਟ ਹਾਂ
ਸਾਰੀ ਰਾਤ ਗੁੜ ਦੀ ਚਾਹ ਦਾ ਲੰਗਰ ਚਲਦਾ ਹੈ
ਪਾਠੀਆਂ ਦੀ ਸੇਵਾ ਹੁੰਦੀ ਹੈ

ਇਧਰ ਲੰਗਰ ਵਾਲੇ ਕੋਠੇ ਵਿਚ ਤਾਂ ਹੋਰ ਵੀ ਮੌਜਾਂ ਹਨ
ਮੇਰੀਆਂ ਸਹੇਲੀਆਂ ਜੁ ਹਨ ਇੱਥੇ ਪਾਠ ਕਰਨ ਵਾਲੀਆਂ
ਤੇ ਖੜਮਸਤੀਆਂ ਵੀ
ਇਧਰ ਕਿਹੜਾ ਕੋਈ ਰੋਕ ਟੋਕ ਹੈ
ਫੇਰ ਚਾਹ ਦੀ ਵੀ ਤਾਂ ਚਾਹ ਹੈ ਕਿਤੇ

### ਹਵਾ ਮੇਂ ਉੜਤਾ ਜਾਏ...

ਤੇ ਅੱਜ ਜਨਮ ਦਿਹਾੜਾ ਹੈ ਦਸਮ ਪਾਤਸ਼ਾਹ ਦਾ
ਪੋਹ ਸੁਦੀ ਸੱਤਵੀਂ
ਪਿੰਡ ਦੇ ਗੁਰਦੁਆਰੇ ਵਿਚ ਹੀ ਰਾਤ ਦਾ ਦੀਵਾਨ ਹੈ
ਕੀਰਤਨ ਤੋਂ ਬਾਅਦ ਕਵਿਤਾ ਪੜ੍ਹਨੀ ਹੈ ਸਿੰਦਰ ਨੇ ਤੇ ਮੈਂ
ਮੈਂ ਇਕਲਿਆਂ ਤੇ ਸਿੰਦਰ ਨਾਲ ਮੋਹਣ ਵੀ ਹੈ

ਉਂਜ ਮੋਹਣ ਛੋਟਾ ਹੈ ਆਪ ਨਹੀਂ ਪੜ੍ਹ ਸਕਦਾ
ਪਰ ਰੀਸ ਨਾਲ ਸਿੰਦਰ ਕੋਲ ਖੜਾ ਹੋ ਜਾਂਦਾ ਹੈ
ਨਾਲ ਨਾਲ ਸੁਣੇ ਸੁਣਾਏ ਰਟੇ ਰਟਾਏ ਸ਼ਬਦ ਬੋਲੀ ਜਾਂਦੀ ਹੈ
ਤੋਤਲੀ ਜ਼ੁਬਾਨ ਵਿਚ ਨਿੱਝਰ, ਭੋਲੂ ਜਿਹਾ ਮੂੰਹ ਬਣਾ ਕੇ
ਉਨ੍ਹਾਂ ਦੀ ਵਾਰੀ ਹੈ
'ਵਾਹਿਦਰੂ ਦੀ ਤਾ ਥਾਲਸਾ
ਵਾਹਿਦਰੂ ਦੀ ਤੀ ਫਤਿਹ"
ਮੁਸਕੜੀਆਂ ਹਸਦੇ ਹਸਦੇ ਥੋੜ੍ਹਾ ਸ਼ਰਮਾਉਂਦੇ ਵੀ
ਸ਼ੁਰੂ ਹੋ ਜਾਂਦੇ ਹਨ ਕਵਿਤਾ ਪੜ੍ਹਨ ਦੋਵੇਂ ਹੀ
ਤੇ ਸਾਰੀ ਸੰਗਤ ਵੀ ਨਾਲ ਹੀ ਜੈਕਾਰਾ ਛਡਦੀ ਹੈ
ਅੱਜ ਕਲ ਸਾਨੂੰ ਫਿਲਮੀ ਤਰਜ਼ਾਂ ਦੀਆਂ
ਦੋ ਦੋ ਚਾਰ ਚਾਰ ਪੈਸੇ ਦੀਆਂ
ਕਾਪੀਆਂ ਮਿਲ ਜਾਂਦੀਆਂ ਹਨ ਕਵਿਤਾਵਾਂ ਦੀਆਂ
ਫਿਲਮੀ ਤਰਜ਼ਾਂ ਗਾ ਗਾ ਕੇ ਕਵਿਤਾ ਤਿਆਰ ਕਰਦੇ ਹਾਂ ਅਸੀਂ
ਤੇ ਹੁਣ ਮੇਰੀ ਵਾਰੀ ਹੈ
"ਵਾਹਿਗੁਰੂ ਜੀ ਕੀ ਫਹਿਤ" ਆਖ
ਕਵਿਤਾ ਸ਼ੁਰੂ ਕਰਦੀ ਹਾਂ ਮੈਂ
ਹਵਾ ਮੇਂ ਉੜਤਾ ਜਾਏ
ਮੇਰਾ ਲਾਲ ਦੁੱਪ...
ਆਦਤ ਮੁਤਾਬਕ ਗੀਤ ਹੀ ਸ਼ੁਰੂ ਕਰ ਦਿੰਦੀ ਹਾਂ
ਇਹ ਕੀ ਹੋ ਗਿਆ
ਦੰਦਾਂ ਵਿਚ ਜੀਭ ਲਈ ਖੜ੍ਹੀ ਬਿਟਰ ਬਿਟਰ
ਝਾਕ ਰਹੀ ਹਾਂ ਆਸੇ ਪਾਸੇ
ਸਹਿਮੀ ਸਹਿਮੀ ਡਰੀ ਡਰੀ
ਸਭ ਮੇਰੇ ਮੂੰਹ ਵਲ ਦੇਖ ਰਹੇ ਹਨ
ਮੈਨੂੰ ਲਗਦਾ ਹੈ
ਮੈਥੋਂ ਜਿਵੇਂ ਬਹੁਤ ਵੱਡਾ ਗੁਨਾਹ ਹੋ ਗਿਆ ਹੋਵੇ

ਮਿੰਟ ਕੁ ਮਗਰੋਂ
ਸੰਗਤ ਵਿਚੋਂ ਅਵਾਜ਼ ਆਉਂਦੀ ਹੈ
'ਕੋਈ ਨਾ ਭਾਈ ਫੇਰ ਸ਼ੁਰੂ ਕਰ ਦੇ'
"ਵਾਹਿਗੁਰੂ ਜੀ ਕਾ ਖਾਲਸਾ..."
ਹੁਣ ਸਾਰੀ ਸੰਗਤ ਮੇਰੇ ਨਾਲ ਹੀ
ਜੈਕਾਰਾ ਛੱਡਦੀ ਹੈ ਬੜੇ ਜੋਸ਼ ਨਾਲ
ਤੇ ਮੈਂ ਵੀ
ਸ਼ੁਰੂ ਕਰਦੀ ਹਾਂ ਫੇਰ
ਹਵਾ ਮੇਂ ਉੜਤਾ ਜਾਏ
ਨੀਲਾ ਘੋੜਾ ਗੁਰੂ ਗੋਬਿੰਦ ਦਾ
ਨੀਲਾ ਘੋੜਾ ਗੁਰੂ ਗੋਬਿੰਦ ਦਾ
ਹੋ ਜੀ ਹੋ ਜੀ...

**(ਬਾਕੀ ਅਗਲੇ ਅੰਕ 'ਚ)**

*ਬਾਕੀ*

## ਕੈਪਟਨ ਦੀ ਅਪੀਲ 'ਤੇ ਰਾਜਨਾਥ ਸਿੱਖਾਂ ਦੀ ਕਾਲੀ ਸੂਚੀ...

ਦੀ ਮੰਗ ਕਰਦੇ ਹੋਏ ਸਰਹੱਦ ਉੱਤੇ ਦੂਜੀ ਕਤਾਰ ਦੀ ਰੱਖਿਆ ਪ੍ਰਣਾਲੀ ਸਥਾਪਤ ਕਰਨ 'ਤੇ ਜ਼ੋਰ ਦਿੱਤਾ। ਕੈਪਟਨ ਅਮਰਿੰਦਰ ਸਿੰਘ ਨੇ ਆਈਆਰਬੀ ਦੀਆਂ ਦੋ ਬਟਾਲੀਅਨਾਂ ਲਈ ਸਾਲਾਨਾ ਖਰਚੇ ਵਾਸਤੇ ਫੰਡ ਮੁਹੱਈਆ ਕਰਾਉਣ ਲਈ ਵੀ ਕੇਂਦਰੀ ਗ੍ਰਹਿ ਮੰਤਰੀ ਨੂੰ ਅਪੀਲ ਕੀਤੀ। ਇਨ੍ਹਾਂ ਲਈ 51.19 ਕਰੋੜ ਰੁਪਏ ਪ੍ਰਵਾਨ ਹੋਏ ਹਨ। ਉਨ੍ਹਾਂ ਕਿਹਾ ਕਿ ਕੇਂਦਰੀ ਏਜੰਸੀਆਂ ਤੋਂ ਪ੍ਰਾਪਤ ਹੋਈਆਂ ਰਿਪੋਰਟਾਂ ਅਤਿਵਾਦੀਆਂ ਵੱਲੋਂ ਆਰਐਸਐਸ ਦੀਆਂ ਸ਼ਾਖਾਵਾਂ, ਡੇਰਾ ਸਿਰਸਾ ਦੇ ਨਾਮ ਚਰਚਾ ਘਰਾਂ, ਧਾਰਮਿਕ ਸਥਾਨਾਂ ਅਤੇ ਮਿਥ ਕੇ ਵਿਅਕਤੀਆਂ ਨੂੰ ਨਿਸ਼ਾਨਾ ਬਣਾਉਣ ਦੀਆਂ ਯੋਜਨਾਵਾਂ ਵੱਲ ਇਸ਼ਾਰਾ ਕਰਦੀਆਂ ਹਨ। ਮੁੱਖ ਮੰਤਰੀ ਨੇ ਸ੍ਰੀ ਰਾਜਨਾਥ ਸਿੰਘ ਨੂੰ ਸੂਬੇ ਦੀਆਂ ਜੇਲ੍ਹਾਂ ਦੀ ਸੁਰੱਖਿਆ ਲਈ ਸੀਆਈਐਸਐਫ/ਸੀਆਰਪੀਐਫ ਬਲ ਮੁਹੱਈਆ ਕਰਵਾਉਣ ਦੀ ਅਪੀਲ ਕੀਤੀ। ਪੁਲੀਸ ਫੋਰਸ ਦੇ ਆਧੁਨਿਕੀਕਰਨ ਲਈ ਪੰਜਾਬ ਨੂੰ ਸ਼੍ਰੇਣੀ-1 ਵਜੋਂ ਨੋਟੀਫਾਈ ਕਰਨ ਦੀ ਮੰਗ ਵੀ ਕੀਤੀ ਗਈ। ਉਨ੍ਹਾਂ ਗ੍ਰਹਿ ਮੰਤਰਾਲੇ ਪਾਸੋਂ ਹੋਮਲੈਂਡ ਸਿਕਿਉਰਿਟੀ ਲਈ ਇਸਰਾਈਲ ਨਾਲ ਸਾਂਝਾ ਵਰਕਿੰਗ ਗਰੁੱਪ ਸਥਾਪਤ ਕਰਨ ਦੀ ਪ੍ਰਵਾਨਗੀ ਦੇਣ ਦੀ ਮੰਗ ਕੀਤੀ।

## ਪਿੰਗਲਵਾੜਾ ਤੇ ਯੂਨੀਕ ਹੋਮ ਦੇ ਬੱਚਿਆਂ ਨਾਲ ਖੇਡੇ...

ਉਹ ਉਦੋਂ ਭਾਵੁਕ ਹੋ ਗਏ ਜਦੋਂ ਉਨ੍ਹਾਂ ਸਾਹਮਣੇ 15 ਦਿਨ ਪਹਿਲਾਂ ਯੂਨੀਕ ਹੋਮ ਵਿੱਚ ਉਸ ਬੱਚੀ ਨੂੰ ਲਿਆਂਦਾ ਗਿਆ, ਜਿਸ ਨੂੰ ਉਸ ਦੇ ਮਾਪਿਆਂ ਨੇ ਖੂਹ ਵਿੱਚ ਸੁੱਟ ਦਿੱਤਾ ਸੀ। ਇਸ ਬੱਚੀ ਬਾਰੇ ਛਪੀਆਂ ਖ਼ਬਰਾਂ ਪੜ੍ਹ ਕੇ ਹੀ ਸ੍ਰੀ ਸੱਜਣ ਨੇ ਇੱਛਾ ਜ਼ਾਹਰ ਕੀਤੀ ਸੀ। ਯੂਨੀਕ ਹੋਮ ਵੱਲੋਂ ਅਨਾਥ ਬੱਚੀਆਂ ਨੂੰ ਦਿੱਤੇ ਜਾ ਰਹੇ ਸਹਾਰੇ ਅਤੇ ਅਦਾਰੇ ਵੱਲੋਂ ਕਰਵਾਈ ਜਾ ਹੀ ਪੜ੍ਹਾਈ ਅਤੇ ਹੋਰ ਪ੍ਰਬੰਧਾਂ ਤੋਂ ਪ੍ਰਭਾਵਤ ਹੋ ਕੇ ਸ੍ਰੀ ਸੱਜਣ ਨੇ ਕਿਹਾ ਕਿ ਉਹ ਇਸ ਬਾਰੇ ਆਪਣੇ ਦੇਸ਼ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਦੱਸਣਗੇ। ਸ੍ਰੀ ਸੱਜਣ ਨੇ ਕਿਹਾ ਕਿ ਹਰ ਕੋਈ ਲੜਕੀਆਂ ਨੂੰ ਬਰਾਬਰ ਦੇ ਅਧਿਕਾਰ ਦੇਣ ਦੀ ਗੱਲ ਤਾਂ ਕਰਦਾ ਹੈ ਪਰ ਆਪਣੀਆਂ ਧੀਆਂ ਅਤੇ ਭੈਣਾਂ ਨੂੰ ਘਰ ਵਿੱਚੋਂ ਹੀ ਬਰਾਬਰ ਦੇ ਅਧਿਕਾਰ ਦੇਣ ਨਾਲ ਇਸ ਦੀ ਸ਼ੁਰੂਆਤ ਕਰਨੀ ਚਾਹੀਦੀ ਹੈ। ਸ੍ਰੀ ਸੱਜਣ ਨੇ ਕਿਹਾ ਕਿ ਸਿੱਖ ਧਰਮ ਵਿੱਚ ਔਰਤ ਨੂੰ ਗੁਰੂ ਸਾਹਿਬਾਨ ਨੇ ਬਰਾਬਰ ਦਾ ਸਤਿਕਾਰ ਦਿੱਤਾ ਹੈ। ਯੂਨੀਕ ਹੋਮ ਵਿਚ ਹਰਜੀਤ ਸਿੰਘ ਸੱਜਣ ਦਾ ਬੱਚੀਆਂ ਨੇ ਗੁਲਾਬ ਦੇ ਫੁੱਲ ਅਤੇ ਹੱਥੀਂ ਬਣਾਏ ਕਾਰਡ ਦੇ ਕੇ ਸਵਾਗਤ ਕੀਤਾ। ਯੂਨੀਕ ਹੋਮ ਵਿਚ ਬਣੇ ਇਕ ਹਾਲ ਵਿਚ ਛੋਟੇ ਬੱਚਿਆਂ ਨੇ ਉਨ੍ਹਾਂ ਸਾਹਮਣੇ ਭਰੂਣ ਹੱਤਿਆ ਨਾਲ ਸਬੰਧਤ ਗੀਤ ਪੇਸ਼ ਕੀਤਾ। ਇਸੇ ਯੂਨੀਕ ਹੋਮ ਦੀ ਛਤਰ ਛਾਇਆ ਹੇਠ ਰਹਿ ਕੇ ਐਮ.ਏ. ਤੱਕ ਦੀ ਵਿੱਦਿਆ ਹਾਸਲ ਕਰਨ ਵਾਲੀ ਲੂਈਜ਼ੀ ਨੇ ਜਦੋਂ ਰੱਖਿਆ ਮੰਤਰੀ ਦਾ ਸਵਾਗਤ ਅੰਗਰੇਜ਼ੀ ਜ਼ੁਬਾਨ ਵਿੱਚ ਕੀਤਾ ਤਾਂ ਉਹ ਦੰਗ ਰਹਿ ਗਏ। ਉਨ੍ਹਾਂ ਲੂਈਜ਼ੀ ਨੂੰ ਕੈਨੇਡਾ ਸਰਕਾਰ ਵੱਲੋਂ ਇੱਕ ਅਜਿਹਾ ਮੈਡਲ ਦੇ ਕੇ ਸਨਮਾਨਿਤ ਕੀਤਾ, ਜਿਸ ਨੂੰ ਦਿਖਾ ਕੇ ਉਹ ਕਦੇ ਵੀ ਕੈਨੇਡਾ ਜਾ ਸਕਦੀ ਹੈ। ਉਨ੍ਹਾਂ ਯੂਨੀਕ ਹੋਮ ਚਲਾ ਰਹੀ ਬੀਬੀ ਪ੍ਰਕਾਸ਼ ਕੌਰ ਨੂੰ ਵੀ ਸਰਕਾਰ ਵੱਲੋਂ ਪ੍ਰਸ਼ੰਸਾ ਪੱਤਰ ਦਿੱਤਾ। ਇਸ ਮੌਕੇ ਸਰਕਾਰ ਵੱਲੋਂ ਵਧੀਕ ਡਿਪਟੀ ਕਮਿਸ਼ਨਰ ਤੇ ਪੁਲੀਸ ਅਧਿਕਾਰੀ ਹਾਜ਼ਰ ਸਨ।

# ਸੁਸ਼ਮਾ ਸਵਰਾਜ ਨੇ ਮਾਮਲਾ ਗ੍ਰਹਿ ਮੰਤਰਾਲੇ ਨਾਲ ਵਿਚਾਰਨ ਦਾ ਦਿੱਤਾ ਸੀ ਭਰੋਸਾ

## *ਨਵਾਂ ਸ਼ਹਿਰ 'ਚ ਵੀ ਬਣੇਗਾ ਪਾਸਪੋਰਟ ਦਫ਼ਤਰ*

ਨਵੀਂ ਦਿੱਲੀ : ਇਸ ਤੋਂ ਇਕ ਦਿਨ ਪਹਿਲਾਂ ਕੈਪਟਨ ਅਮਰਿੰਦਰ ਸਿੰਘ ਨੇ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨਾਲ ਮੁਲਾਕਾਤ ਕਰਕੇ ਵਿਦੇਸ਼ਾਂ ਵਿਚ ਵਸੇ ਸਿੱਖਾਂ ਦੀ ਕਾਲੀ ਸੂਚੀ ਦਾ ਮੁੱਦਾ ਉਠਾਇਆ ਸੀ। ਉਨ੍ਹਾਂ ਕਿਹਾ ਕਿ ਵਿਦੇਸ਼ਾਂ ਵਿਚ ਰਹਿ ਰਹੇ ਕੁਝ ਸਿੱਖਾਂ 'ਤੇ ਕਥਿਤ ਤੌਰ 'ਤੇ ਭਾਰਤ ਵਿਰੋਧੀ ਗਤੀਵਿਧੀਆਂ ਤੇ ਭੰਨ-ਤੋੜ ਦੀ ਕਾਰਵਾਈ ਦਾ ਦੋਸ਼ ਲਗਾ ਕੇ ਕੇਂਦਰ ਸਰਕਾਰ ਦੀ ਕਾਲੀ ਸੂਚੀ ਵਿਚ ਪਾਇਆ ਗਿਆ ਹੈ। ਕੈਪਟਨ ਨੇ ਇਨ੍ਹਾਂ ਸਿੱਖ ਨੌਜਵਾਨਾਂ ਦੇ ਨਾਂ ਇਸ ਕਾਲੀ ਸੂਚੀ ਵਿਚੋਂ ਹਟਾਉਣ 'ਚ ਹੋ ਰਹੀ ਦੇਰੀ 'ਤੇ ਚਿੰਤਾ ਜ਼ਾਹਰ ਕੀਤੀ ਸੀ। ਇਨ੍ਹਾਂ ਸਿੱਖ ਨੌਜਵਾਨਾਂ ਦਾ ਨਾਂ ਕਾਲੀ ਸੂਚੀ ਵਿਚ ਹੋਣ ਕਾਰਨ, ਇਨ੍ਹਾਂ ਦੇ ਭਾਰਤ ਆਉਣ 'ਤੇ ਪਾਬੰਦੀ ਹੈ। ਵਿਦੇਸ਼ ਮੰਤਰੀ ਨੇ ਵਿਦੇਸ਼ੀਂ ਵੱਸੇ ਸਿੱਖਾਂ ਦੀ ਕਾਲੀ ਸੂਚੀ ਦਾ ਮਾਮਲਾ ਗ੍ਰਹਿ ਮੰਤਰਾਲੇ ਨਾਲ ਵਿਚਾਰਨ ਦਾ ਭਰੋਸਾ ਦਿੱਤਾ ਸੀ। ਕੈਪਟਨ ਨੇ ਵਿਦੇਸ਼ਾਂ ਵਿਚ ਰਹਿ ਰਹੇ ਪੰਜਾਬੀਆਂ ਤੇ ਸਿੱਖਾਂ 'ਤੇ ਹੋ ਰਹੇ ਨਸਲੀ ਹਮਲਿਆਂ 'ਤੇ ਵੀ ਵਿਦੇਸ਼ ਮੰਤਰੀ ਨਾਲ ਗੱਲ ਕੀਤੀ। ਮੁੱਖ ਮੰਤਰੀ ਨੇ ਇਸ ਤਰ੍ਹਾਂ ਦੇ ਹਮਲਿਆਂ ਤੋਂ ਬਚਾਉਣ ਲਈ ਕੌਮਾਂਤਰੀ ਪੱਧਰ 'ਤੇ ਮੁੱਦਾ ਚੁੱਕਣ ਦੀ ਅਪੀਲ ਕੀਤੀ। ਇਸ 'ਤੇ ਸੁਸ਼ਮਾ ਸਵਰਾਜ ਨੇ ਕਿਹਾ ਕਿ ਪੰਜਾਬੀਆਂ ਤੇ ਸਿੱਖਾਂ ਦੀ ਸੁਰੱਖਿਆ ਯਕੀਨੀ ਬਣਾਉਣ 'ਤੇ ਉਹ ਜ਼ੋਰ ਦੇ ਰਹੇ ਹਨ। ਇਸ ਤੋਂ ਇਲਾਵਾ ਸੁਸ਼ਮਾ ਸਵਰਾਜ ਨੇ ਕੈਪਟਨ ਦੀ ਮੰਗ ਮੰਨਦਿਆਂ ਸੂਬੇ ਵਿੱਚ ਨਵਾਂਸ਼ਹਿਰ ਵਿਖੇ ਇਕ ਹੋਰ ਪਾਸਪੋਰਟ ਦਫ਼ਤਰ ਖੋਲ੍ਹਣ ਲਈ ਹਾਮੀ ਭਰ ਦਿੱਤੀ ਹੈ। ਇਸ ਨਾਲ ਦੋਆਬੇ ਦੇ ਪਰਵਾਸੀ ਪੰਜਾਬੀ ਭਾਈਚਾਰੇ ਨੂੰ ਫ਼ਾਇਦਾ ਹੋਵੇਗਾ।

ਕੈਪਟਨ ਨੇ ਬੀਬੀ ਸਵਰਾਜ ਦਾ ਹਾਲ-ਚਾਲ ਜਾਨਣ ਲਈ ਉਨ੍ਹਾਂ ਨਾਲ ਮੁਲਾਕਾਤ ਕੀਤੀ, ਜਿਨ੍ਹਾਂ ਦਾ ਹਾਲ ਹੀ ਵਿੱਚ ਗੁਰਦਾ ਬਦਲਿਆ ਗਿਆ ਹੈ। ਇਸ ਸੰਖੇਪ ਸਦਭਾਵਨਾ ਮੀਟਿੰਗ ਦੌਰਾਨ ਬੀਬੀ ਸਵਰਾਜ ਨੇ ਕੈਪਟਨ ਨੂੰ ਵਿਦੇਸ਼ੀਂ ਵੱਸੇ ਪੰਜਾਬੀਆਂ ਤੇ ਸਿੱਖਾਂ ਦੀ ਸਲਾਮਤੀ ਲਈ ਕੇਂਦਰ ਸਰਕਾਰ ਵੱਲੋਂ ਸਭ ਸੰਭਵ ਕਦਮ ਚੁੱਕੇ ਜਾਣ ਦਾ ਵੀ ਭਰੋਸਾ ਦਿੱਤਾ। ਗ਼ੌਰਤਲਬ ਹੈ ਕਿ ਕੇਂਦਰ ਨੇ ਹਾਲ ਹੀ ਵਿੱਚ ਪਟਿਆਲਾ ਵਿੱਚ ਵੀ ਇਕ ਪਾਸਪੋਰਟ ਦਫ਼ਤਰ ਖੋਲ੍ਹਣ ਲਈ ਹਰੀ ਝੰਡੀ ਦਿੱਤੀ ਹੈ, ਜਿਸ ਦਾ ਛੇਤੀ ਹੀ ਆਗ਼ਾਜ਼ ਹੋਣ ਵਾਲਾ ਹੈ। ਕੈਪਟਨ ਨੇ ਆਪਸੀ ਲਾਭ ਲਈ ਪੰਜਾਬ-ਇਸਰਾਈਲ ਵਰਕਿੰਗ ਗਰੁੱਪ ਕਾਇਮ ਕੀਤੇ ਜਾਣ ਦਾ ਮੁੱਦਾ ਵੀ ਉਠਾਇਆ। ਇਸਰਾਈਲ ਦੇ ਰਾਜਦੂਤ ਨੇ ਕੈਪਟਨ ਨਾਲ ਮੀਟਿੰਗ ਦੌਰਾਨ ਇਹ ਤਜਵੀਜ਼ ਰੱਖੀ ਸੀ।

## *ਸਿੱਖਾਂ ਦੀ ਅਖੌਤੀ ਕਾਲੀ ਸੂਚੀ ਦਾ ਮੁੱਦਾ ਕੇਵਲ ਸਿਅਸੀ ਸਟੰਟ : ਯੂਨਾਈਟਿਡ ਖਾਲਸਾ ਦਲ ਯੂ.ਕੇ.*

**ਲੰਡਨ/ਬਿਊਰੋ ਨਿਊਜ਼ :**
ਯੂਨਾਈਟਿਡ ਖਾਲਸਾ ਦਲ ਯੂ.ਕੇ. ਵਲੋਂ ਦਲ ਦੇ ਜਨਰਲ ਸਕੱਤਰ ਸ੍ਰ. ਲਵਸ਼ਿੰਦਰ ਸਿੰਘ ਡੱਲੇਵਾਲ ਨੇ ਸਿੱਖਾਂ ਅਤੇ ਸਿੱਖੀ ਦੀ ਕਾਤਲ ਕਾਂਗਰਸ ਪਾਰਟੀ ਨਾਲ ਸਬੰਧਤ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵਲੋਂ ਵਿਦੇਸ਼ਾਂ ਵਿੱਚ ਵਸਦੇ ਸਿੱਖਾਂ ਦੀ ਹਮਦਰਦੀ ਪ੍ਰਾਪਤ ਕਰਨ ਵਾਸਤੇ ਸਿੱਖਾਂ ਦੀ ਕਾਲੀ ਸੂਚੀ ਨੂੰ ਡਰਾਮਾ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਵੈਸੇ ਇਹ ਵਰਤਾਰਾ ਪਿਛਲੇ 25 ਸਾਲ ਤੋਂ ਲਗਾਤਾਰ ਚੱਲ ਰਿਹਾ ਹੈ। ਅਸਲੀਅਤ ਵਿੱਚ ਕੋਈ ਵੀ ਸੱਚਾ ਸਿੱਖ ਕਾਲੀ ਸੂਚੀ ਵਿੱਚ ਸ਼ਾਮਲ ਨਹੀਂ ਹੈ। ਕਾਲੀ ਸੂਚੀ ਵਿੱਚ ਅਮਰਿੰਦਰ ਵਰਗੇ ਧੋਖੇਬਾਜ਼, ਸਿੱਖ ਜਜ਼ਬਾਤਾਂ ਨਾਲ ਖੇਡਣ ਵਾਲੇ ਅਤੇ ਸਿਆਸੀ ਤੌਰ 'ਤੇ ਕੈਸ਼ ਕਰਨ ਵਾਲੇ ਅਤੇ ਸਿੱਖ ਦੁਸ਼ਮਣ ਸਰਕਾਰਾਂ ਦੇ ਦੁੱਮਛੱਲੇ ਸ਼ਾਮਲ ਹੋ ਸਕਦੇ ਹਨ। ਜਿਨ੍ਹਾਂ ਦੀ ਜ਼ਿੰਦਗੀ ਦਾ ਇੱਕ ਨੁਕਾਤੀ ਪ੍ਰੋਗਰਾਮ ਕੁਰਸੀ ਦੀ ਪ੍ਰਾਪਤੀ ਅਤੇ ਸਲਾਮਤੀ ਹੁੰਦਾ ਹੈ। ਸਰਕਾਰੀ ਦਲਾਲਾਂ ਵਲੋਂ ਸਿੱਖਾਂ ਦੀ ਅਖੌਤੀ ਕਾਲੀ ਸੂਚੀ ਖਤਮ ਕਰਨ ਦੀ ਮੰਗ ਕਰਕੇ ਵਿਦੇਸ਼ੀ ਸਿੱਖਾਂ ਦੀ ਹਮਦਰਦੀ ਹਾਸਲ ਕਰਨ ਲਈ ਵਾਰ ਵਾਰ ਕੋਸ਼ਿਸ਼ ਕੀਤੀ ਜਾਂਦੀ ਰਹੀ ਹੈ। ਜਿਸ ਬਾਰੇ ਕਈ ਵਾਰ ਭਾਰਤ ਸਰਕਾਰ ਫਰਜ਼ੀ ਜਿਹਾ ਐਲਾਨ ਵੀ ਕਰ ਦਿੰਦੀ ਹੈ। ਕਈ ਵਾਰ ਜਿਨ੍ਹਾਂ ਨਾਵਾਂ ਨੂੰ ਵਾਰ ਵਾਰ ਅਖੌਤੀ ਕਾਲੀ ਸੂਚੀ ਵਿੱਚੋਂ ਕੱਢਣ ਦਾ ਐਲਾਨ ਹੁੰਦਾ ਹੈ, ਉਨ੍ਹਾਂ ਵਿੱਚੋਂ ਕਈ ਨਾਮ ਅਜਿਹੇ ਹੁੰਦੇ ਹਨ, ਜਿਨ੍ਹਾਂ ਨੂੰ ਪਹਿਲਾਂ ਵੀ ਕਈ ਵਾਰ ਕੱਢਣ ਬਾਰੇ ਐਲਾਨ ਕੀਤਾ ਜਾ ਚੁੱਕਾ ਹੁੰਦਾ ਹੈ। ਸਰਕਾਰ ਵਲੋਂ ਬਣਾਈ ਗਈ ਅਖੌਤੀ ਕਾਲੀ ਸੂਚੀ ਵਿੱਚ ਉਹ ਸਿੱਖ ਸ਼ਾਮਲ ਕੀਤੇ ਗਏ ਸਨ, ਜਿਨ੍ਹਾਂ ਨੇ ਵਿਦੇਸ਼ਾਂ ਵਿੱਚੋਂ ਪੰਜਾਬ ਵਿੱਚ ਵਸਦੇ ਸਿੱਖਾਂ ਦੇ ਕੌਮੀ, ਹੱਕਾਂ, ਹਿਤਾਂ ਅਤੇ ਕੌਮੀ ਆਜ਼ਾਦੀ ਲਈ ਚੱਲ ਰਹੇ ਸੰਘਰਸ਼ ਦੀ ਹਮਾਇਤ ਕੀਤੀ।

ਯੂਨਾਈਟਿਡ ਖਾਲਸਾ ਦਲ ਯੂ.ਕੇ. ਨੇ ਸਿੱਖ ਕੌਮ ਨੂੰ ਸਰਕਾਰ ਦੀਆਂ ਅਜਿਹੀਆਂ ਚਾਲਾਂ ਤੋਂ ਸੁਚੇਤ ਰਹਿਣ ਦੀ ਅਪੀਲ ਹੈ। ਸਿੱਖਾਂ ਦੇ ਕੌਮੀ ਨਿਸ਼ਾਨੇ ਖਾਲਿਸਤਾਨ ਵਾਸਤੇ ਸੰਘਰਸ਼ ਜਾਰੀ ਰੱਖਿਆ ਰਹੇਗਾ। ਕੈਪਟਨ ਅਮਰਇੰਦਰ ਸਿੰਘ ਵਲੋਂ ਸਿੱਖ ਨੌਜਵਾਨਾਂ ਨੂੰ ਸਮਾਜ ਦੀ ਮੁੱਖ ਧਾਰਾ ਵਿੱਚ ਲਿਆਉਣ ਦੀ ਗੱਲ ਕਰਨੀ ਹਾਸੋਹੀਣੀ ਅਤੇ ਬੇਤੁਕੀ ਹੈ। ਅਸਲੀਅਤ ਵਿੱਚ ਸ੍ਰੀ ਅਕਾਲ ਤਖਤ ਸਾਹਿਬ ਤੋਂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਅੰਮ੍ਰਿਤਸਰ ਦੇ ਐਲਾਨਨਾਮੇ ਪ੍ਰਤੀ ਵਚਨਬੱਧਤਾ ਪ੍ਰਗਟ ਕਰਨ ਵਾਲੇ ਅਤੇ ਸਿੱਖ ਸਿਧਾਂਤਾਂ ਤੋਂ ਬਾਗੀ ਹੋ ਚੁੱਕੇ ਕੈਪਟਨ ਅਮਰਿੰਦਰ ਸਿੰਘ ਨੂੰ ਖਾਲਸੇ ਦੀ ਮੁੱਖਧਾਰਾ ਵਿੱਚ ਸ਼ਾਮਲ ਹੋਣਾ ਚਾਹੀਦਾ ਹੈ।



Sir Speedy Tustin Printers to the Community
SUBWAY eat fresh.
OPEN 24 HOURS
DRY CLEANER
LIQUOR
PIZZA
Outdoor 3'x11' Promo Flag
Only $29/-
Pole & Spike $55/-
GURU NANAK SIKH TEMPLE
FAIRFIELD
Visit Our Website:
www.FairfieldGurudwara.com
Outdoor 3'x6' Durable Banner
All weather, durable to sunlight, rain and wear & tear. Text only.
Only $69/-
ਬਾਲਟੀਮੋਰ ਸਿੱਖ ਸੁਸਾਇਟੀ
Baltimore Sikh Society Inc.
Nº 1001
Receipt Books
Customized with your information and design. 2 part carbonless with numbering and perforation.
Call for Price
Love
Cartier
Retractable 33"x 80" Banner
Includes stand and carry bag. Hi-res imaging, durable and Brilliant colors!
Only $225/-
ELEVEN
OPEN 24 HOURS
OPEN HOUSE!
Welcome
Century 21
Call Toll Free: 855 360-HOME
All Weather 18"x24" Yard Signs
Includes H-stakes. Single sided, durable to sunlight and rain. Reusable!
$49/- for 4
ਲੱਖ ਲੱਖ ਵਧਾਈ
11" Printed Balloons
Printed with your logo and info. One color, one location. Min. qty 1000
19¢ each
YOUR LOGO OR MESSAGE PRINTED HERE
White T-Shirts, 1 color screen printing in 1 position. Min Qty. 100
Your Printed T-Shirts
Only $4.99
YOUR LOGO HERE
1 color in 1 position. Min Qty. 100
Your Printed Caps
Only $4.99
DAILY TRIP ENVELOPE
Trip Envelopes Qty 1000
Only $199/-
What we can do for you today?
• Printing & Copying
• Creative Services
• Mailing Services
• Mailing List Aquisition
• Signs Posters & Banners
• Promotional Product
• Website design and development
1045 East Main Street, Tustin, CA 92780
Call 562-881-7430
Fax: 714-731-8931
E-mail: sirspeedy_tustin@yahoo.com
www.sirspeedy.com/tustin
Jagjit Singh Bains
CUSTOMIZED SWEET BOXES
Thank You
South Asian Wedding Cards
CALL NOW

# Classified

## ਲੜਕੀ ਦੀ ਲੋੜ

ਰਾਮਗੜੀਆ ਸੋਹਣਾ ਸਿੱਖ ਪਰ ਕਲੀਨਸ਼ੇਵ ਲੜਕਾ ਕੱਦ 6 ਫੁੱਟ ਉਮਰ 30 ਸਾਲ ਜਹਾਜ ਪਾਇਲਟ ਦੀ ਨੌਕਰੀ ਇੰਡੀਆ ਤੋਂ ਬਾਹਰ ਕਿਸੇ ਦੇਸ਼ ਵਿਚ ਕਰਦਾ ਹੈ, ਪਰਿਵਾਰ ਅਮਰੀਕਾ ਵਿਚ ਹੈ, ਉਸ ਲਈ ਅਮਰੀਕਨ ਸਿਟੀਜਨ ਸੋਹਣੀ ਲੜਕੀ ਦੀ ਲੋੜ ਹੈ, ਵਿਆਹ ਛੇਤੀ। ਸੰਪਰਕ ਕਰੋ: 916-507-9527

---

ਸਹਾਰਨਪੁਰ ਦੇ ਚੰਗੇ ਸਰਦੇ ਪੁੱਜਦੇ ਭੁੱਲਰ ਪਰਿਵਾਰ ਦੇ ਐਲ. ਐਲ. ਬੀ., ਐਲ. ਐਮ. ਐਲ., ਬੀ.ਏ. ਪਾਸ ਜੱਟ ਸਿੱਖ ਲੜਕੇ 28 ਸਾਲ 5’10” ਲਈ ਪੜ੍ਹੀ ਲਿਖੀ ਤੇ ਚੰਗੇ ਪਰਿਵਾਰ ਨਾਲ ਸਬੰਧ ਰਖਦੀ ਲੜਕੀ ਦੀ ਲੋੜ ਹੈ। ਲੜਕਾ ਦਿੱਲੀ ਦੀਆਂ ਜਿਲ੍ਹਾ ਕਚਹਿਰੀਆਂ ਤੇ ਹਾਈਕੋਰਟ ’ਚ ਵਕਾਲਤ ਕਰਦਾ ਹੈ। ਸ਼ਰਾਬ ਜਾਂ ਕਿਸੇ ਨਸ਼ੇ ਨੂੰ ਮੂੰਹ ਨਹੀਂ ਲਾਉਂਦਾ। ਖ਼ਾਨਦਾਨੀ ਪਿਛੋਕੜ ਵਾਲਾ ਭੁੱਲਰ ਪਰਿਵਾਰ ਬਹੁਤ ਹੀ ਸਤਿਕਾਰਤ ਤੇ ਸਲੀਕੇ ਵਾਲਾ, ਪੜ੍ਹਿਆ ਲਿਖਿਆ, ਇਲਾਕੇ ’ਚ ਸਤਿਕਾਰਤ ਤੇ ਮਾਣ ਇਜ਼ਤ ਵਾਲਾ ਹੈ। ਪਰਿਵਾਰ ਦਾ ਸਹਾਰਨਪੁਰ (ਯੂ.ਪੀ.) ਵਿੱਚ ਚੰਗਾ ਬਿਜਨਸ, ਜ਼ਮੀਨ ਜਾਇਦਾਦ ਤੋਂ ਇਲਾਵਾ ਪੰਜਾਬ ’ਚ ਮਲੋਟ ਨੇੜੇ ਵੀ ਜ਼ਮੀਨ ਹੈ। ਲੜਕੀ ਚੰਗੇ ਪਰਿਵਾਰ ਦੀ ਪੜ੍ਹੀ ਲਿਖੀ, ਖੁਲ੍ਹਦਿਲੇ ਵਿਚਾਰਾਂ ਵਾਲੀ, ਮਿਲਣਸਾਰ ਅਤੇ ਪਰਿਵਾਰਕ ਕਦਰਾਂ ਕੀਮਤਾਂ ਵਾਲੀ ਹੋਵੇ।

**ਹੋਰ ਜਾਣਕਾਰੀ ਲਈ ਫੋਨ: 09045898878**

**E-mail: navi_singh001@yahoo.com**

## Bride WANTED

Jat Sikh Bhular boy 28 years old Height: 5’ 10” Complexion, Non drinker/ Non smoker, Qualifications : L.L.M., L.L.B., B.A., Schooling from YPS (Mohali) and Saharanpur , Practicing as an Advocate at High court & District courts in New Delhi, is looking for a Well Educated Girl from good status family , Should be open minded, moderately traditional and caring. Bhullars are Upper Middle Class, Moderate Nuclear very well behaved, educated, highly respected and very well known family having good business, residential and urban property, agricultural land in Saharanpur (U.P.) and in Punjab near Malout.

**For More information :**

**Call Mobile No. 09045898878**

**E-mail: navi_singh001@yahoo.com**


**Office for Lease in Union City, CA**



Nice clean office

1200 to 1500 Sq feet in the business area of Union City. Best for Trucking company if extra warehouse needed.

Call at:

**510-875-3279**


# ਸੁਕਮਾ ਨਕਸਲੀ ਹਮਲੇ ’ਚ ਮਾਰੇ ਗਏ ਰਘਬੀਰ ਸਿੰਘ ਦਾ ਸਰਕਾਰੀ ਸਨਮਾਨਾਂ ਨਾਲ ਸਸਕਾਰ

## *ਪੰਜਾਬ ਸਰਕਾਰ ਵੱਲੋਂ ਪੀੜਤ ਪਰਿਵਾਰ ਨੂੰ ਪੰਜ ਲੱਖ ਦੀ ਸਹਾਇਤਾ ਦੇਣ ਦਾ ਐਲਾਨ*

**ਰਈਆ/ਬਿਊਰੋ ਨਿਊਜ਼ :**

ਛੱਤੀਸਗੜ੍ਹ ਵਿੱਚ ਨਕਸਲੀ ਹਮਲੇ ਵਿੱਚ ਸ਼ਹੀਦ ਹੋਏ ਸੀਆਰਪੀਐਫ ਦੇ ਇੰਸਪੈਕਟਰ ਰਘਬੀਰ ਸਿੰਘ ਸਠਿਆਲਾ ਦਾ ਪਿੰਡ ਸਠਿਆਲਾ ਦੇ ਸ਼ਮਸ਼ਾਨਘਾਟ ਵਿੱਚ ਸਰਕਾਰੀ ਸਨਮਾਨਾਂ ਨਾਲ ਅੰਤਿਮ ਸੰਸਕਾਰ ਕੀਤਾ ਗਿਆ। ਸੀਆਰਪੀਐਫ ਦੇ ਜਵਾਨਾਂ ਨੇ ਹਥਿਆਰ ਪੁੱਠੇ ਕਰ ਕੇ ਸ਼ਹੀਦ ਨੂੰ ਸਲਾਮੀ ਦਿੱਤੀ ਅਤੇ ਪੁੱਜੇ ਅਧਿਕਾਰੀਆਂ ਨੇ ਫੁੱਲ ਮਾਲਾਵਾਂ ਭੇਟ ਕੀਤੀਆਂ। ਡਿਪਟੀ ਕਮਿਸ਼ਨਰ ਕਮਲਦੀਪ ਸਿੰਘ ਸੰਘਾ ਨੇ ਪੰਜਾਬ ਸਰਕਾਰ ਵੱਲੋਂ ਸ਼ਹੀਦ ਦੇ ਪਰਿਵਾਰ ਨੂੰ ਪੰਜ ਲੱਖ ਦੀ ਐਕਸ ਗ੍ਰੇਸ਼ੀਆ ਗਰਾਂਟ ਦੇਣ ਦਾ ਐਲਾਨ ਕੀਤਾ। ਇਸ ਮੌਕੇ ਡੀਆਈਜੀ ਜਲੰਧਰ ਜ਼ੋਨ ਸੀਆਰਪੀਐਫ ਡੀ ਐਲ ਗੋਲਾ, ਵਿਧਾਇਕ ਸੰਤੋਖ ਸਿੰਘ ਭਲਾਈਪੁਰ, ਐਸਡੀਐਮ ਬਾਬਾ ਬਕਾਲਾ ਤੇਜਦੀਪ ਸਿੰਘ ਸੈਣੀ, ਐਸਡੀਐਮ



ਸ਼ਹੀਦ ਇੰਸਪੈਕਟਰ ਰਘਬੀਰ ਸਿੰਘ ਦੀ ਅਰਥੀ ਨੂੰ ਮੋਢ ਦਿੰਦੀ ਹੋਈ ਉਨ੍ਹ ਦੀ ਪਤਨੀ ਅਤੇ (ਸੱਜੇ) ਮ੍ਰਿਤਕ ਦੇਹ ’ਤੇ ਸਲਾਮੀ ਭੇਟ ਕਰਦੀ ਹੋਈ ਸ਼ਹੀਦ ਰਘਬੀਰ ਸਿੰਘ ਦੀ ਬੇਟੀ ਸਿਮਰਨਜੀਤ ਕੌਰ।

ਸਕੱਤਰ ਸਿੰਘ ਬੱਲ, ਡੀਐਸਪੀ ਲਖਵਿੰਦਰ ਸਿੰਘ ਮੱਲ, ਬੀਬੀ ਲਕਸ਼ਮੀ ਕਾਂਤ ਚਾਵਲਾ ਨੇ ਸ਼ਹੀਦ ਨੂੰ ਫੁੱਲ ਮਾਲਾਵਾਂ ਭੇਟ ਕੀਤੀਆਂ। ਕੰਪਨੀ ਕਮਾਂਡਰ ਇੰਸਪੈਕਟਰ ਰਘਬੀਰ ਸਿੰਘ 24 ਅਪ੍ਰੈਲ ਨੂੰ ਛੱਤੀਸਗੜ੍ਹ ਵਿੱਚ ਸੀਆਰਪੀਐਫ ਜਵਾਨਾਂ ’ਤੇ ਹੋਏ ਹਮਲੇ ਵਿੱਚ ਸ਼ਹੀਦ ਹੋ ਗਿਆ ਸੀ। ਰਘਬੀਰ ਸਿੰਘ ਸੀਆਰਪੀਐਫ ਵਿੱਚ 1991 ਵਿੱਚ ਖੇਡ ਕੋਟੇ ਵਿੱਚ ਭਰਤੀ ਹੋਇਆ ਸੀ। ਇਸ ਮੌਕੇ ਉਸ ਦੇ ਭਰਾ ਬਿਕਰਮ ਸਿੰਘ ਅਤੇ ਮਹਿੰਦਰ ਸਿੰਘ ਨੇ ਦੱਸਿਆ ਕਿ ਰਘਬੀਰ ਸਿੰਘ ਕੋਲ ਬੇਟਾ ਅਮਿਤਪਾਲ ਸਿੰਘ ਤੇ ਬੇਟੀ ਸਿਮਰਨਜੀਤ ਕੌਰ ਹੈ। ਉਸ ਦਾ ਪਰਿਵਾਰ ਪਿੰਜੌਰ ਵਿੱਚ ਰਹਿ ਰਿਹਾ ਸੀ।

*ਬਾਕੀ*

## ਨਕਸਲੀ ਹਮਲਾ : ਸਬਰ, ਬਲੀਦਾਨ, ਬਦਲਾ ਦਾ ਮੰਤਰ ਜਾਪ

ਛੱਤੀਸਗੜ੍ਹ ਦੇ ਕਈ ਜ਼ਿਲ੍ਹੇ ਨਕਸਲੀ ਹਮਲਿਆਂ ਦਾ ਸ਼ਿਕਾਰ ਬਣਦੇ ਆ ਰਹੇ ਹਨ। ਦਾਂਤੇਵਾੜਾ, ਸੁਕਮਾ ਵਰਗੇ ਜ਼ਿਲ੍ਹਿਆਂ ਵਿਚ ਹਰ ਸਾਲ ਕਦੇ ਸੁਰੱਖਿਆ ਬਲ ਤੇ ਕਦੇ ਆਮ ਨਾਗਰਿਕ ਨਕਸਲੀਆਂ ਦਾ ਨਿਸ਼ਾਨਾ ਬਣਦੇ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 2014 ਵਿਚ ਲੋਕ ਸਭਾ ਚੋਣਾਂ ਦੇ ਪ੍ਰਚਾਰ ਦੌਰਾਨ ਕਿਹਾ ਸੀ ਕਿ ‘ਡਾ. ਮਨਮੋਹਨ ਸਿੰਘ ਦੀ ਅਗਵਾਈ ਵਾਲੀ ਯੂ.ਪੀ.ਏ. ਸਰਕਾਰ ਨਕਸਲੀਆਂ ਨਾਲ ਨਜਿੱਠਣ ਲਈ ਅਸਰਦਾਰ ਕਾਰਵਾਈ ਨਹੀਂ ਕਰ ਰਹੀ।’ ਹੁਣ ਕੇਂਦਰ ਵਿਚ ਉਨ੍ਹਾਂ ਦੀ ਸਰਕਾਰ ਹੈ, ਉਨ੍ਹਾਂ ਦੇ ਕਾਰਜਕਾਲ ਵਿਚ ਨਕਸਲੀਆਂ ਵਲੋਂ ਤਿੰਨ ਵੱਡੇ ਹਮਲੇ ਕੀਤੇ ਗਏ ਹਨ, ਜਿਨ੍ਹਾਂ ਵਿਚ ਘੱਟੋ-ਘੱਟ 63 ਜਵਾਨ ਮਾਰੇ ਗਏ ਹਨ। ਇਹ ਤਿੰਨੋਂ ਹਮਲੇ ਸੁਕਮਾ ਵਿਚ ਹੋਏ। ਤਿੰਨੋਂ ਵਾਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਟਵਿਟਰ ਦਾ ਸਹਾਰਾ ਲੈਂਦਿਆਂ, ਪੀੜਤ ਪਰਿਵਾਰਾਂ ਨੂੰ ਸਬਰ ਰੱਖਣ ਲਈ ਕਿਹਾ। ਉਨ੍ਹਾਂ ਕਿਹਾ ਕਿ ਸਰਕਾਰ ਇਸ ਬਲੀਦਾਨ ਦਾ ਬਦਲਾ ਲਵੇਗੀ। ਜਵਾਨਾਂ ਦੀ ਸ਼ਹਾਦਤ ਅਜਾਈਂ ਨਹੀਂ ਜਾਵੇਗੀ।

ਇਸੇ ਸੁਕਮਾ ਵਿਚ 7 ਸਾਲ ਪਹਿਲਾਂ ਨਕਸਲੀਆਂ ਨੇ 76 ਜਵਾਨਾਂ ਨੂੰ ਮਾਰ ਦਿੱਤਾ। ਇਸ ਵਾਰ 25 ਜਵਾਨਾਂ ਨੂੰ ਮਾਰ ਦਿੱਤਾ ਹੈ। ਮੀਡੀਆ ਤੇ ਆਮ ਜਨਤਾ ਮੋਦੀ ਸਰਕਾਰ ਤੋਂ ਇਸ ਬਲੀਦਾਨ ਦੇ ਬਦਲੇ ਦੀ ਤਰੀਕ ਪੁੱਛ ਰਿਹਾ ਹੈ। ਪਰ ਮੀਡੀਆ ਇਹ ਸਵਾਲ ਨਹੀਂ ਕਰ ਰਿਹਾ ਕਿ ਬਲੀਦਾਨ ਦਾ ਬਦਲਾ ਹੀ ਸਮੱਸਿਆ ਦਾ ਹੱਲ ਹੈ ਜਾਂ ਨਕਸਲੀ ਸਮੱਸਿਆ ਦੇ ਕਾਰਨ ਲੱਭਣ ਜਾਂ ਇਸ ਨਾਲ ਨਜਿੱਠਣ ਦੀ ਕਦੇ ਸਮੀਖਿਆ ਵੀ ਹੋਵੇਗੀ। ਜਦੋਂ ਕੇਂਦਰ ਵਿਚ ਕਾਂਗਰਸ ਸਰਕਾਰ ਸੀ ਤਾਂ ਮੁੱਖ ਵਿਰੋਧੀ ਧਿਰ ਭਾਰਤੀ ਜਨਤਾ ਪਾਰਟੀ ਸਰਕਾਰ ਦੀ ਜਵਾਬਦੇਹੀ ਮੰਗਦੀ ਸੀ ਤੇ ਮੁੱਖ ਮੰਤਰੀ ਦੇ ਅਸਤੀਫ਼ੇ ਦੀ ਮੰਗ ਕਰਦੀ ਸੀ। ਪਰ ਹੁਣ ਨਾ ਇਸ ਦੀ ਕੋਈ ਜਵਾਬਦੇਹੀ ਤੈਅ ਹੋ ਰਹੀ ਹੈ ਤੇ ਨਾ ਹੀ ਅਸਤੀਫ਼ਾ ਮੰਗਿਆ ਜਾ ਰਿਹਾ ਹੈ। ਇਸ ਹਮਲੇ ਨੇ ਹੋਰ ਵੀ ਕਈ ਸਵਾਲ ਖੜ੍ਹੇ ਕਰ ਦਿੱਤੇ ਹਨ। ਕਰੀਬ ਇਕ ਮਹੀਨਾ ਪਹਿਲਾਂ 11 ਮਾਰਚ ਨੂੰ ਵੀ 12 ਜਵਾਨ ਮਾਰੇ ਗਏ ਸਨ, ਉਦੋਂ ਇਨ੍ਹਾਂ ਜਵਾਨਾਂ ਦੇ ਬਲੀਦਾਨ ਦਾ ਸਵਾਲ ਨਹੀਂ ਉਠਿਆ। ਇਹ ਵੀ ਹੈਰਾਨੀ ਹੋ ਰਹੀ ਹੈ ਕਿ 300 ਨਕਸਲੀਆਂ ਨੇ ਧਾਵਾ ਬੋਲ ਕੇ ਜਵਾਨਾਂ ’ਤੇ ਹਮਲਾ ਕੀਤਾ। ਏਨੀ ਵੱਡੀ ਸੰਖਿਆ ਵਿਚ ਨਕਸਲੀ ਆਏ ਤੇ ਏਨੇ ਜਵਾਨਾਂ ਨੂੰ ਮਾਰ ਕੇ ਗਾਇਬ ਹੋ ਗਏ। ਹੁਣ ਡਰੋਨ ਸਰਵੀਲਾਂਸ, ਉਪ ਗ੍ਰਹਿ ਤੋਂ ਲਈਆਂ ਜਾਣ ਵਾਲੀਆਂ ਤਸਵੀਰਾਂ ਦੀ ਗੱਲ ਕਿਉਂ ਨਹੀਂ ਹੋ ਰਹੀ ? ਜਵਾਨਾਂ ਦੀ ਸੰਖਿਆ ਵੀ 100 ਦੇ ਕਰੀਬ ਸੀ। ਇਨ੍ਹਾਂ ਜਵਾਨਾਂ ਨੂੰ ਵੀ ਨਕਸਲ ਪ੍ਰਭਾਵਤ ਇਲਾਕਿਆਂ ਵਿਚ ਜਾਣ ਦੀ ਸਿਖਲਾਈ ਦਿੱਤੀ ਜਾਂਦੀ ਹੈ। 100 ਜਵਾਨਾਂ ਨੂੰ ਇਸ ਤਰ੍ਹਾਂ ਘੇਰ ਕੇ ਮਾਰ ਦੇਣਾ ਆਸਾਨ ਨਹੀਂ ਹੈ। ਸੂਬਾਈ ਸੁਰੱਖਿਆ ਏਜੰਸੀਆਂ ਨੂੰ ਏਨੇ ਵੱਡੀ ਯੋਜਨਾ ਦੀ ਭਿਨਕ ਤੱਕ ਨਹੀਂ ਲੱਗੀ ? ਜਾਂ ਸੂਬਾਈ ਪੁਲੀਸ ਫੋਰਸ ਤੇ ਕੇਂਦਰੀ ਬਲਾਂ ਵਿਚਾਲੇ ਆਪਸ ਵਿਚ ਕੋਈ ਤਾਲਮੇਲ ਨਹੀਂ ਸੀ ?

ਹਸਪਤਾਲ ਵਿਚ ਜ਼ਖ਼ਮੀ ਕੁਝ ਜਵਾਨ ਵੀ ਦੱਬੀ ਜ਼ੁਬਾਨ ਨਾਲ ਸੀ.ਆਰ.ਪੀ.ਐਫ. ਦੀ ਅਣਦੇਖੀ ਦਾ ਵੀ ਦੋਸ਼ ਲਗਾ ਰਹੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਜਿਸ ਕੇਂਦਰੀ ਸੁਰੱਖਿਆ ਬਲ ਨੇ ਜੰਮੂ-ਕਸ਼ਮੀਰ ਤੇ ਛੱਤੀਸਗੜ੍ਹ ਵਰਗੇ ਚੁਣੌਤੀ ਭਰੇ ਇਲਾਕਿਆਂ ਵਿਚ ਕੰਮ ਕੀਤਾ ਹੈ ਤੇ ਕਰ ਰਹੇ ਹਨ, ਉਸ ਬਲ ਦਾ ਕੋਈ ਸਥਾਈ ਮੁਖੀਆ ਤਕ ਨਹੀਂ ਹੈ। ਜਵਾਨਾਂ ਦਾ ਕਹਿਣਾ ਹੈ ਕਿ ਸੀ.ਆਰ.ਪੀ.ਐਫ. ਦੇ ਡਾਇਰੈਕਟਰ ਜਨਰਲ ਕੇ. ਦੁਰਗਾ ਪ੍ਰਸਾਦ ਫਰਵਰੀ ਵਿਚ ਸੇਵਾਮੁਕਤ ਹੋਏ ਸਨ ਪਰ ਉਨ੍ਹਾਂ ਦੀ ਥਾਂ ਕਿਸੇ ਦੀ ਨਿਯੁਕਤੀ ਨਹੀਂ ਹੋਈ। ਬਾਅਦ ਵਿਚ ਜ਼ਖ਼ਮੀ ਜਵਾਨਾਂ ਨੂੰ ਹਦਾਇਤਾਂ ਦਿੱਤੀਆਂ ਗਈਆਂ ਕਿ ਉਹ ਮੀਡੀਆ ਵਿਚ ਅਜਿਹੀ ਕੋਈ ਗੱਲ ਨਾ ਕਰਨ।

ਹਥਿਆਰ ਚੁੱਕਣਾ ਭਾਵੇਂ ਕਿਸੇ ਸਮੱਸਿਆ ਦਾ ਹੱਲ ਨਹੀਂ ਹੁੰਦਾ ਪਰ ਇਹ ਹਥਿਆਰ ਆਮ ਲੋਕਾਂ ਦੇ ਹੱਥਾਂ ਵਿਚ ਕਿਉਂ ਆਉਂਦੇ ਹਨ, ਇਹਦੇ ਲਈ ਸਿੱਧੇ ਸਿੱਧੇ ਤੌਰ ’ਤੇ ਸਿਆਸਤ ਹੀ ਜ਼ਿੰਮੇਵਾਰ ਵੀ ਹੈ ਤੇ ਜਵਾਬਦੇਹ ਵੀ।

## ਭਗਵੰਤ ਮਾਨ ਵਲੋਂ ਗੁਪਤ ਮੀਟਿੰਗ ’ਚ ਕੇਜਰੀਵਾਲ ਨੂੰ ਖ਼ਰੀਆਂ ਖ਼ਰੀਆਂ ਸੁਣਾਉਣ ਦਾ ਦਾਅਵਾ

ਲੋਕਾਂ ਦਾ ਕੋਈ ਕਸੂਰ ਨਹੀਂ, ਕਿਸੇ ਦੇ ਕਸੂਰ ਦੀ ਥਾਂ ‘ਆਪ’ ਲੀਡਰਸ਼ਿਪ ਨੂੰ ਆਤਮ-ਪੜਚੋਲ ਕਰਨੀ ਚਾਹੀਦੀ ਹੈ। ਉਨ੍ਹਾਂ ਆਖਿਆ ਕਿ ‘ਆਪ’ ਨੇ ਪੰਜਾਬ ਚੋਣਾਂ ਦੌਰਾਨ ਵੱਡੀਆਂ ਗ਼ਲਤੀਆਂ ਕੀਤੀਆਂ, ਜਿਸ ਦਾ ਨੁਕਸਾਨ ਹੋਇਆ।

ਭਗਵੰਤ ਮਾਨ ਨੇ ਆਖਿਆ ਕਿ ਉਹ ਪਹਿਲੀ ਮਈ ਤੋਂ ਕੁਝ ਦਿਨਾਂ ਲਈ ਆਪਣੇ ਬੱਚਿਆਂ ਨੂੰ ਮਿਲਣ ਅਮਰੀਕਾ ਜਾ ਰਹੇ ਹਨ ਅਤੇ ਉਸ ਮਗਰੋਂ 25 ਮਈ ਨੂੰ ਮਾਲਵਾ ਖਿੱਤੇ ਦਾ ਧੰਨਵਾਦੀ ਦੌਰਾ ਕਰਨਗੇ। ਉਨ੍ਹਾਂ ਦੱਸਿਆ ਕਿ ਕੇਜਰੀਵਾਲ ਨਾਲ ਮੀਟਿੰਗ ਕਰ ਕੇ ਪੰਜਾਬ ਚੋਣਾਂ ਬਾਰੇ ‘ਸੱਚੋ-ਸੱਚ’ ਦੱਸ ਦਿੱਤਾ ਹੈ। ਉਨ੍ਹਾਂ ਆਖਿਆ ਕਿ ‘ਆਪ’ ਕਨਵੀਨਰ ਕੇਜਰੀਵਾਲ ਇਹ ਨਹੀਂ ਸਮਝ ਸਕੇ ਕਿ ਪੰਜਾਬ ਦੇ ਲੋਕ ਕੀ ਚਾਹੁੰਦੇ ਹਨ। ਮੁੱਖ ਮੰਤਰੀ ਦੇ ਉਮੀਦਵਾਰ ਦੇ ਨਾਮ ਦਾ ਐਲਾਨ ਨਾ ਕਰਨਾ ਵੱਡੀ ਗਲਤੀ ਰਹੀ ਅਤੇ ਉਸ ਤੋਂ ਵੱਡੀ ਗਲਤੀ ਗਰਮ ਖਿਆਲੀ ਆਗੂਆਂ ਨਾਲ ‘ਆਪ’ ਆਗੂਆਂ ਨੇ ਮੀਟਿੰਗ ਕਰ ਕੇ ਕਰ ਦਿੱਤੀ।

ਸੰਸਦ ਮੈਂਬਰ ਨੇ ਆਖਿਆ ਕਿ ਪਹਿਲਾਂ ਟਿਕਟਾਂ ਦੀ ਵੰਡ ਵਿੱਚ ਗ਼ਲਤ ਫੈਸਲੇ ਹੋਏ ਅਤੇ ਉਸ (ਭਗਵੰਤ ਮਾਨ) ਨੂੰ ਟਿਕਟਾਂ ਦੀ ਵੰਡ ਦੇ ਮਾਮਲੇ ਵਿੱਚੋਂ ਲਾਂਭੇ ਕੀਤਾ ਅਤੇ ਫਿਰ ਪਾਰਟੀ ਚੋਣਾਂ ਵਿੱਚ ਬਿਨਾਂ ਕਪਤਾਨ ਵਾਲੀ ਮੁਹੱਲੇ ਦੀ ਕ੍ਰਿਕਟ ਟੀਮ ਵਾਂਗ ਖੇਡੀ। ਉਨ੍ਹਾਂ ਆਖਿਆ ਕਿ ਉਸ ਨੇ ਚੋਣਾਂ ਦੌਰਾਨ 500 ਰੈਲੀਆਂ ਕੀਤੀਆਂ ਅਤੇ ਦਿਨ-ਰਾਤ ਮਿਹਨਤ ਕੀਤੀ ਪਰ ਉਸ ਨੂੰ ਦਿੱਲੀਓਂ ਕਦੇ ਸ਼ਾਬਾਸ਼ ਨਹੀਂ ਮਿਲੀ, ਉਲਟਾ ਝਿੜਕਾਂ ਜ਼ਰੂਰ ਮਿਲਦੀਆਂ ਸਨ। ਉਨ੍ਹਾਂ ਆਖਿਆ ਕਿ ਉਸ ਨੇ ਇਨ੍ਹਾਂ ਚੋਣਾਂ ਵਿੱਚ ਆਪਣੇ ਹਲਕੇ ਦੀਆਂ ਨੌਂ ਵਿੱਚੋਂ ਪੰਜ ਸੀਟਾਂ ਜਿੱਤੀਆਂ। ਉਸ ਦੇ ਇਲਾਕੇ ਵਿੱਚ ਹੀ ‘ਆਪ’ ਨੂੰ ਵੱਡੀ ਜਿੱਤ ਮਿਲੀ ਹੈ। ਦੱਸਣਯੋਗ ਹੈ ਕਿ ਭਗਵੰਤ ਮਾਨ ਨੇ ਚੋਣਾਂ ਮਗਰੋਂ ਪਾਰਟੀ ਦੀ ਸਿਆਸੀ ਮਾਮਲਿਆਂ ਬਾਰੇ ਕਮੇਟੀ (ਪੀਏਸੀ) ਦੀ ਕਿਸੇ ਵੀ ਮੀਟਿੰਗ ਵਿੱਚ ਸ਼ਮੂਲੀਅਤ ਨਹੀਂ ਕੀਤੀ ਅਤੇ ਨਾ ਉਹ ਵਿਸਾਖੀ ਮੇਲੇ ’ਤੇ ਪੁੱਜੇ। ਦਿੱਲੀ ਦੀ ਜ਼ਿਮਨੀ ਚੋਣ ਅਤੇ ਐਮਸੀਡੀ ਚੋਣਾਂ ਤੋਂ ਭਗਵੰਤ ਮਾਨ ਦੂਰ ਹੀ ਰਹੇ। ਉਨ੍ਹਾਂ ਮੰਨਿਆ ਕਿ ਉਸ ਦੇ ‘ਆਪ’ ਕਨਵੀਨਰ ਨਾਲ ਪੰਜਾਬ ਚੋਣਾਂ ਦੇ ਕੁਝ ਨੁਕਤਿਆਂ ’ਤੇ ਗਿਲੇ ਸ਼ਿਕਵੇ ਹਨ, ਜਿਨ੍ਹਾਂ ਬਾਰੇ ਮੀਟਿੰਗ ਵਿੱਚ ਦੱਸ ਦਿੱਤਾ ਗਿਆ ਸੀ। ਉਨ੍ਹਾਂ ਦੇ ਦਿਲ ਵਿੱਚ ਕੇਜਰੀਵਾਲ ਦਾ ਬਹੁਤ ਸਤਿਕਾਰ ਹੈ ਅਤੇ ਪਾਰਟੀ ਨਾਲ ਡਟ ਕੇ ਖੜ੍ਹੇ ਹਨ ਪਰ ਦਿੱਲੀ ਦੀ ਲੀਡਰਸ਼ਿਪ ਦੇ ਅਤਿ ਵਿਸ਼ਵਾਸ ਨੇ ਨੁਕਸਾਨ ਜ਼ਰੂਰ ਕੀਤਾ ਹੈ। ਨਹਿਰੀ ਪਾਣੀਆਂ ਦੇ ਮਾਮਲੇ ’ਤੇ ਵੀ ਪਾਰਟੀ ਸਟੈਂਡ ਸਪੱਸ਼ਟ ਨਹੀਂ ਕਰ ਸਕੀ। ਉਨ੍ਹਾਂ ਆਖਿਆ ਕਿ ‘ਆਪ’ ਕਨਵੀਨਰ ਨੂੰ ਆਪਣੇ ਲਹਿਜ਼ੇ ਵਿੱਚ ਤਬਦੀਲੀ ਕਰਨੀ ਪਵੇਗੀ ਕਿਉਂਕਿ ‘ਆਪ’ ਤੋਂ ਲੋਕਾਂ ਨੂੰ ਉਮੀਦਾਂ ਹਨ।

### ‘ਪਾਰਟੀ ਨੇ ਮੇਰਾ ਮੁੱਲ ਨਹੀਂ ਪਾਇਆ’ :

ਪਾਰਟੀ ਤੋਂ ਲਾਂਭੇ ਹੋਣ ਬਾਰੇ ਪੁੱਛਣ ਉਤੇ ਭਗਵੰਤ ਮਾਨ ਨੇ ਆਖਿਆ ਕਿ ਏਦਾਂ ਦੀ ਕੋਈ ਗੱਲ ਨਹੀਂ ਹੈ। ਉਨ੍ਹਾਂ ਦੇ ਕੁਝ ਗਿਲੇ ਸ਼ਿਕਵੇ ਹਨ, ਜਿਨ੍ਹਾਂ ਤੋਂ ਸ੍ਰੀ ਕੇਜਰੀਵਾਲ ਨੂੰ ਜਾਣੂੰ ਕਰਾਇਆ ਗਿਆ ਹੈ। ਉਨ੍ਹਾਂ ਪਾਰਟੀ ਕਨਵੀਨਰ ਨੂੰ ਆਪਣੀ ਨਾਰਾਜ਼ਗੀ ਦੱਸ ਦਿੱਤੀ ਕਿ “ਮੇਰਾ ਪਾਰਟੀ ਨੇ ਮੁੱਲ ਨਹੀਂ ਪਾਇਆ।” ਉਨ੍ਹਾਂ ਆਖਿਆ ਕਿ ਉਸ ਨੇ ਫਿਲਹਾਲ ਪਾਰਟੀ ਤੋਂ ਛੁੱਟੀ ਮੰਗੀ ਹੈ ਅਤੇ ਪਾਰਟੀ ਪ੍ਰੋਗਰਾਮਾਂ ਵਿੱਚ ਹਿੱਸਾ ਲੈਣ ਤੋਂ ਵੀ ਮੁਆਫ਼ੀ ਮੰਗੀ ਹੈ।

## ਇੰਦੌਰ ਵਿਚ ਸਮਾਰਟ ਸਿਟੀ ਬਣਾਉਣ ਦੇ ਨਾਂ ’ਤੇ ਗੁਰਦੁਆਰਾ ਕਰਤਾਰ ਕੀਰਤਨ ਸਾਹਿਬ ਨੂੰ ਢਾਹਿਆ

ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਗੁਰਦੁਆਰਾ ਸਾਹਿਬ ਨੂੰ ਵੱਖਰੇ ਤੌਰ ’ਤੇ ਨਿਸ਼ਾਨਾ ਬਣਾਏ ਜਾਣ ਨਾਲ ਸਿੱਖ ਸੰਗਤਾਂ ਵਿਚ ਭਾਰੀ ਰੋਸ ਹੈ।

ਪ੍ਰਬੰਧਕੀ ਕਮੇਟੀ ਦੇ ਨੁਮਾਇੰਦਿਆਂ ਨੇ ਦਸਿਆ ਕਿ 2003 ਤੋਂ ਇਹ ਗੁਰਦੁਆਰਾ ਹੋਂਦ ਵਿਚ ਹੈ। ਪਹਿਲੀ ਮੰਜ਼ਿਲ ’ਤੇ ਸਥਿਤ ਗੁਰਦੁਆਰਾ ਸਾਹਿਬ ਦੀ ਇਹ ਮੰਜ਼ਿਲ ਇਕ ਸ਼ਰਧਾਲੂ ਨੇ ਕਰਤਾਰ ਕੀਰਤਨ ਗੁਰਮਤਿ ਸੰਗੀਤ ਸਮਿਤੀ ਨਾਂ ਦੇ ਟਰੱਸਟ ਨੂੰ ਗੁਰਦੁਆਰੇ ਲਈ ਦਿੱਤੀ ਸੀ ਤੇ ਇਸ ਦਾ ਪ੍ਰਬੰਧ ਅੰਮ੍ਰਿਤਧਾਰੀ ਸਿੰਘਾਂ ਵਲੋਂ ਕੀਤਾ ਜਾਂਦਾ ਹੈ। ਗੁਰਦੁਆਰੇ ਦੇ ਪ੍ਰਬੰਧ ਲਈ ਬਣੀ ਕਮੇਟੀ ਦੇ ਪ੍ਰਧਾਨ ਸ. ਗੁਰਪ੍ਰੀਤ ਸਿੰਘ ਤੇ ਜਨਰਲ ਸਕੱਤਰ ਸ. ਸਨਮੀਤ ਸਿੰਘ ਹਨ। ਗੁਰਦੁਆਰਾ ਕਮੇਟੀ ਦਾ ਦੋਸ਼ ਹੈ ਕਿ ਇੰਦੌਰ ਵਿਚ ਸਿੰਘ ਸਭਾਵਾਂ ਦੇ ਪ੍ਰਧਾਨ ਮਨਜੀਤ ਸਿੰਘ ਭਾਟੀਆ, ਜੋ ਖ਼ੁਦ ਭਾਜਪਾ ਨਾਲ ਸਬੰਧਤ ਹਨ, ਨੇ ਵੀ ਇਸ ਮਾਮਲੇ ਵਿਚ ਗੁਰਦੁਆਰੇ ਵਿਰੁੱਧ ਐਕਸ਼ਨ ਨੂੰ ਰੋਕਣ ਵਿਚ ਕੋਈ ਮਦਦ ਨਹੀਂ ਕੀਤੀ। ਪ੍ਰਬੰਧਕਾਂ ਅਨੁਸਾਰ ਉਨ੍ਹਾਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਵੀ ਸਥਿਤੀ ਤੋਂ ਪਹਿਲਾਂ ਹੀ ਜਾਣੂ ਕਰਵਾਇਆ ਸੀ ਤੇ ਦਿੱਲੀ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਨੇ ਇਸ ਸਬੰਧੀ ਇਕ ਪੱਤਰ ਮੇਅਰ ਨੂੰ ਲਿਖਿਆ ਸੀ ਪਰ ਇਸ ਦੇ ਬਾਵਜੂਦ ਐਕਸ਼ਨ ਕਰ ਦਿੱਤਾ ਗਿਆ।


GLOBAL
CPN
Channel Punjabi Network
3 HD PUNJABI TV CHANNELS - PACK
in
ONE SINGLE APP
SPIRITUAL
NEWS
MUSIC
AATAM ras
GLOBAL PUNJAB
channel punjabi BEATS
Kirtan
Katha
News
Discussion
Debate
Entertainment
DOWNLOAD GLOBAL CPN APP ON
Roku
android
Website
Apple Devices
log on to:
www.globalcpn.tv
For More Details:
GILL PARDEEP
646-520-6706
HARBHAJAN SINGH
201-281-4889


Serving Around the World Community Since 1994
We Specialize to Asia, Europe, Middle East, Africa, Australia & etc.
Special fares to :
SFO TO DEL
LAX TO DEL
SERVICE
TRUST
SKYWAY TRAVEL
DOMESTIC and INTERNATIONAL
Special fares to
Amritsar
& Delhi
ਦੋ ਜਾਂ ਦੋ ਤੋਂ ਵੱਧ ਟਿਕਟਾਂ ਖਰੀਦਣ 'ਤੇ ਇਕ ਭਾਰ ਤੋਲਣ ਵਾਲੀ ਮਸ਼ੀਨ ਮੁਫ਼ਤ ਦਿੱਤੀ ਜਾਵੇਗੀ।
Cst No. : 2054876-40
Book on line 24/7 : www.skywaytkt.com
Or Call (818) 762-9236
15549 Devonshire St., Ste. 206 Mission Hills, CA 91345


ਕਮਜ਼ੋਰੀ ਦਾ
ਜੜ ਤੋਂ ਖਾਤਮਾਂ
ਕਿਸੇ ਵੀ ਕਾਰਨ ਨਾਲ ਆਈ ਕਮਜ਼ੋਰੀ (ਗੁਪਤ ਰੋਗ), ਸ਼ੁਕਰਾਣੂ ਦੀ ਕਮੀ (ਸੰਤਾਨਹੀਨਤਾ), ਵਰਗੇ ਗੁਪਤ ਰੋਗਾਂ ਦਾ ਸ਼ੁੱਧ ਦੇਸੀ ਇਲਾਜ਼ 184 ਕੀਸਮਾਂ ਦੀਆਂ ਕੀਮਤੀ ਜੜੀ ਬੁਟੀਆਂ ਰਾਹੀ ਕੀਤਾ ਜਾਂਦਾ ਹੈ। ਜੋ ਕਿ ਹਰ ਉਮਰ ਵਿੱਚ ਤੁਰੰਤ ਫਾਇਦਾ ਕਰਦੀ ਹੈ। ਤੁਹਾਡੇ ਰੋਗ ਬਾਰੇ ਪੁਛ ਕੇ ਉਸ ਦ ਸਹੀ ਕਾਰਣ ਜਾਣ ਕੇ ਜੜ ਤੋਂ ਹੀ ਉਸ ਦਾ ਇਲਾਜ ਕੀਤਾ ਜਾਂਦਾ ਹੈ ਤਾਂ ਕਿ ਦਵਾਈ ਬਾਰ ਬਾਰ ਨਾ ਖਾਣੀ ਪਵੇ। ਸੋ ਆਪਣੇ ਗੁਪਤ ਰੋਗ ਨੂੰ ਲੁਕਾ ਕੇ ਵਧਾਓ ਨਾ,ਬਲਕੀ ਸਾਨੂੰ ਦਸ ਕੇ ਉਸ ਦਾ ਇਲਾਜ਼ ਕਰਵਾਓ। ਹਰ ਪਾਸੇ ਤੋਂ ਨਿਰਾਸ਼ ਹੋਏ ਰੋਗੀ ਇੱਕ ਕੋਰਸ ਜਰੂਰ ਕਰ ਕੇ ਫਰਕ ਦੇਖਣ। ਬਜੁਰਗਾਂ ਅਤੇ ਨਵੇਂ ਵਿਆਹ ਕਰਵਾਉਣ ਵਾਲੇ ਗਭਰੂਆਂ ਲਈ ਖਾਸ ਸ਼ੈਹਨਸ਼ਾਹੀ ਕੋਰਸ ਤੇ ਤਿਲਾਂ ਤਿਆਰ ਕੀਤਾ ਜਾਂਦਾ ਹੈ, ਜਿਸ ਦਾ ਬਹੁਤ ਜਬਰਦਸਤ ਅਤੇ ਤੁਰੰਤ ਫਾਇਦਾ ਮਿਲਦਾ ਹੈ। ਆਪਣਾ ਰੋਗ ਦਸ ਕੇ ਖਰਚਾ ਪੁਛੋ। ਕਮਜੋਰ ਅਤੇ ਅਣਵਿਕਸਤ ਅੰਗਾਂ ਦੇ ਵਿਕਾਸ ਲੇਪ 100 ਪ੍ਰਤੀਸ਼ਤ ਕਾਮਯਾਬ ਹਨ।
VAID HARSHBIR SINGH
ਵਿਦੇਸ਼ਾਂ ਵਿੱਚ ਦਵਾਈ ਭੇਜਣ ਦਾ ਖਾਸ ਪ੍ਰਬੰਧ ਹੈ।
ਸ਼ਹਿਨਸ਼ਾਹ ਦਵਾਖਾਨਾ (ਰਜਿ)
ਨੇੜੇ ਬੱਸ ਸਟੈਂਡ, ਜੰਲਧਰ, (ਪੰਜਾਬ) INDIA
USA : 786 528 0001 | INDIA : +91-98888 00060
Email us : harshbir.singh1313@gmail.com


FINANCIAL FREEDOM
REDUCE YOUR DEBT BY UP TO 60%
ਕਰੈਡਿਟ ਕਾਰਡ ਪੇਮੈਂਟਾਂ ਨੇ ਪ੍ਰੇਸ਼ਾਨ ਕੀਤਾ ਹੈ?
✓ ਆਪਣੇ ਕਰਜ਼ੇ ਨੂੰ 60% ਤੱਕ ਮੁਆਫ਼ ਕਰਾਓ
✓ BANKRUPTCY ਤੋਂ ਬਚੋ ✓ COLLECTION CALLS ਨੂੰ ਰੋਕੋ
ਕੋਈ ਫੀਸ ਨਹੀਂ
ਜਦੋਂ ਤੱਕ ਤੁਹਾਡਾ ਕਰਜ਼ਾ ਮੁਆਫ਼ ਨਹੀਂ ਹੋ ਜਾਂਦਾ
WE WORK IN ALL 50 STATES & CANADA
ਅੱਜ ਹੀ ਸਾਨੂੰ ਕਾਲ ਕਰੋ!
1.888.888.9914
ooraa

# ਗੁਰਦੁਆਰਾ ਸ਼੍ਰੀ ਗੁਰੂ ਹਰਗੋਬਿੰਦ ਸਾਹਿਬ ਜੀ

**1050 ਐਸ. ਗਰਾਹਮ ਰੋਡ, ਗਰੀਨਵੁੱਡ, ਇੰਡਿਆਨਾ 46143**

## ਮਹਾਨ ਗੁਰਮਿਤ ਸਮਾਗਮ

**19 ਮਈ, 2017 ਤੋਂ 21 ਮਈ, 2017**


ਭਾਈ ਬਲਦੇਵ ਸਿੰਘ ਜੀ ਵਡਾਲਾ


ਭਾਈ ਨਿਰਮਲ ਸਿੰਘ ਜੀ ਖ਼ਾਲਸਾ


ਭਾਈ ਬਲਜੀਤ ਸਿੰਘ ਜੀ ਕੈਨੇਡਾ


ਭਾਈ ਸੁੱਖਾ ਸਿੰਘ ਜੀ ਯੂ.ਕੇ.


ਭਾਈ ਮਹਿਲ ਸਿੰਘ ਜੀ ਚੰਡੀਗੜ੍ਹ ਵਾਲੇ

### ਤਰੀਕ ਅਤੇ ਸਮਾਂ

19 ਮਈ ਸ਼ਾਮ 5:00 ਵਜੇ ਤੋਂ ਰਾਤ 9:00 ਵਜੇ ਤਕ ਕੀਰਤਨ, ਕਥਾ, ਕਵਿਸ਼ਰ ਦਰਬਾਰ

20 ਮਈ ਸਵੇਰੇ 6:00 ਵਜੇ ਤੋਂ 9:00 ਵਜੇ ਤੱਕ ਭਾਈ ਬਲਦੇਵ ਸਿੰਘ ਵਡਾਲਾ ਆਸਾ ਦੀ ਵਾਰ

20 ਮਈ ਸ਼ਾਮ 5:00 ਵਜੇ ਤੋਂ ਰਾਤ 9:00 ਵਜੇ ਤਕ ਕੀਰਤਨ, ਕਥਾ, ਕਵਿਸ਼ਰ ਦਰਬਾਰ

21 ਮਈ ਸਵੇਰੇ 6:00 ਵਜੇ ਤੋਂ 9:00 ਵਜੇ ਤਕ ਭਾਈ ਨਿਰਮਲ ਸਿੰਘ ਆਸਾ ਦੀ ਵਾਰ

21 ਮਈ ਸਵੇਰੇ 10:00 ਵਜੇ ਤੋਂ ਦੁਪਹਿਰ 2:00 ਵਜੇ ਤਕ ਕੀਰਤਨ, ਕਥਾ, ਕਵੀਸ਼ਰੀ ਦਰਬਾਰ

*ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫ਼ਤਹਿ*
*ਗੁਰੂ ਘਰ ਦੇ ਪ੍ਰਬੰਧਕਾਂ ਵਲੋਂ ਸਮੂਹ ਸਾਧ-ਸੰਗਤ ਨੂੰ ਇਨ੍ਹਾਂ ਸਮਾਗਮਾਂ*
*ਵਿਚ ਸ਼ਿਰਕਤ ਕਰਨ ਦਾ ਸੱਦਾ ਦਿੱਤਾ ਜਾਂਦਾ ਹੈ।*

**ਵਧੇਰੇ ਜਾਣਕਾਰੀ ਲਈ ਇਨ੍ਹਾਂ ਫ਼ੋਨ ਨੰਬਰਾਂ 'ਤੇ ਸੰਪਰਕ ਕੀਤਾ ਜਾ ਸਕਦਾ ਹੈ :**
**ਭਾਈ ਜਸਦੀਪ ਸਿੰਘ 317-560-0019, ਭਾਈ ਸਤਨਾਮ ਸਿੰਘ 317-403-8344,**
**ਭਾਈ ਗੁਰਪ੍ਰੀਤ ਸਿੰਘ 317-476-4038**

## GURDWARA SHRI GURU HARGOBIND SAHIB JI

**1050 S. GRAHAM RD. GREENWOOD, IN 46143**


Canadian
Highest Grade Wheat
Say Bana
SHER
SHER
DURUM ATTA
DESI
STYLE
20 lb
9.07 kg
SHER ATTA GHAR LAAO
www.sherbrarmills.com